# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ** **ਸਮੈਸਟਰ ਚੌਥਾ**

**ਪੇਪਰ : ਪਹਿਲਾ (ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ) ਯੂਨਿਟ : 2**

**ਮੀਡੀਅਮ : ਪੰਜਾਬੀ**

**ਪਾਠ ਨੰ.**


2.1 : ਵਿਆਕਰਨਕ ਵਰਗ

2.2 : ਸ਼ਬਦ ਸ਼੍ਰੇਣੀਆਂ ਦੀ ਵੰਡ ਦੇ ਅਧਾਰ

2.3 : ਵਿਆਕਰਨਕ ਇਕਾਈਆਂ : ਵਾਕ, ਉਪਵਾਕ ਅਤੇ ਵਾਕੰਸ਼

2.4 : ਅਰਥ ਵਿਗਿਆਨ ਅਤੇ ਅਰਥ ਵਿਕਾਸ ਦੀਆਂ ਦਿਸ਼ਾਵਾਂ



***Department website : www.pbidde.org***

**ਪਾਠ ਨੰਬਰ : 2.1** **ਲੇਖਕ : ਪ੍ਰੋ. ਭੁਪਿੰਦਰ ਸਿੰਘ ਖਹਿਰਾ**

## ਵਿਆਕਰਨਕ ਵਰਗ

**ਪਾਠ ਦਾ ਮੰਤਵ :–** ਇਸ ਪਾਠ ਦਾ ਮੰਤਵ ਵਿਆਕਰਨਕ ਵਰਗ ਅਤੇ ਵਿਧੀਆਂ ਨਾਲ ਜਾਣਕਾਰੀ ਕਰਾਉਣਾ ਹੈ। ਵਚਨ, ਲਿੰਗ, ਕਾਰਕ, ਅਕਰਮਕਤਾ ਅਤੇ ਸਕਰਮਕਤਾ, ਪੰਜਾਬੀ ਵਿਚ ਕਰਮਣੀਕਰਨ, ਕਾਰਕ ਪ੍ਰਬੰਧ, ਮੇਲ ਅਤੇ ਅਧਿਕਾਰ ਬਾਰੇ ਜਾਣਕਾਰੀ ਦੇਣਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਨਿਕਟ ਅੰਗ ਵਿਸ਼ਲੇਸ਼ਣ, ਵਾਕਾਤਮਕ ਬਣਤਰਾਂ ਬਾਰੇ ਜਾਣਕਾਰੀ ਦੇਣਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਲ ਕੀਤਾ ਗਿਆ ਹੈ।

**ਪਾਠ ਦੀ ਰੂਪ-ਰੇਖਾ :–** ਸਭ ਤੋਂ ਪਹਿਲਾਂ ਲਿੰਗ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਉਸ ਤੋਂ ਬਾਅਦ ਵਚਨ ਪੁਰਖ ਅਤੇ ਵਾਚ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਪੰਜਾਬੀ ਵਿਚ ਕਾਰਕ ਪ੍ਰਬੰਧ, ਅਕਰਮਤਾ ਅਤੇ ਸਕਰਮਤਾ ਅੰਤਰ ਕੇਂਦਰਤ ਤੇ ਬਾਹਰ ਕੇਂਦਰਤ ਬਣਤਰਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਨਿਕਟ-ਅੰਗ ਵਿਸ਼ਲੇਸ਼ਣ ਵਿਧੀ ਬਾਰੇ ਜਾਣਕਾਰੀ ਦਿੱਤੀ ਹੈ। ਸਾਰੇ ਮਹੱਤਵਪੂਰਨ ਨੁਕਤਿਆਂ ਨੂੰ ਬਿਆਨਣ ਦਾ ਯਤਨ ਕੀਤਾ ਗਿਆ ਹੈ।

**ਮੂਲ ਪਾਠ :**

**1. ਲਿੰਗ :** ਨਾਵਾਂ ਦੇ ਨਰ ਅਤੇ ਮਾਦਾ ਦੇ ਭੇਦ ਨੂੰ ਵਿਆਕਰਨ ਵਿਚ ਲਿੰਗ-ਭੇਦ ਆਖਿਆ ਜਾਂਦਾ ਹੈ। ਇਸ ਤਰ੍ਹਾਂ ਹਰ ਭਾਸ਼ਾ ਦੇ ਨਾਂਵ ਦੋ ਸ਼੍ਰੇਣੀਆਂ ਵਿਚ ਵੰਡੇ ਹੁੰਦੇ ਹਨ। ਨਰ ਨਾਂਵ, ਨੂੰ ਪੰਜਾਬੀ ਵਿਚ ਪੁਲਿੰਗ ਆਖਿਆ ਜਾਂਦਾ ਹੈ। ਮਾਦਾ ਨਾਂਵ, ਨੂੰ ਪੰਜਾਬੀ ਵਿਚ ਇਸਤਰੀ ਲਿੰਗ ਆਖਿਆ ਜਾਂਦਾ ਹੈ।

**(ੳ) ਪੁਲਿੰਗ :** ਮੁੰਡਾ, ਘੋੜਾ, ਸ਼ੇਰ, ਊਠ, ਹੱਥ, ਨੱਕ।

**(ਅ) ਇਸਤਰੀ ਲਿੰਗ :** ਕੁੜੀ, ਘੋੜੀ, ਸ਼ੇਰਨੀ, ਲੱਤ, ਬਾਂਹ, ਪਿੰਜਣੀ।

ਕਈ ਭਾਸ਼ਾਵਾਂ ਵਿਚ ਨਿਪੁੰਸਕ ਲਿੰਗ ਵੀ ਹੁੰਦਾ ਹੈ।

**(ੳ) ਪੁਲਿੰਗ ਨਾਂਵ :** ਇਹਨਾਂ ਦੀਆਂ ਵੀ ਅੱਗੋਂ ਦੋ ਸ਼੍ਰੇਣੀਆਂ ਬਣਦੀਆਂ ਹਨ।

ਪਹਿਲੀ ਸ਼੍ਰੇਣੀ ਵਿਚ ਉਹ ਪੁਲਿੰਗ ਨਾਂਵ ਜਿਨ੍ਹਾਂ ਦੇ ਰੂਪ ਤੋਂ ਹੀ ਇਹ ਸੰਕੇਤ ਮਿਲ ਜਾਂਦਾ ਹੈ ਕਿ ਇਹ ਪੁਲਿੰਗ ਨਾਂਵ ਹਨ।

**ਉਦਾਹਰਣ :** ਮੁੰਡਾ, ਘੋੜਾ, ਤੋਤਾ, ਬਾਟਾ, ਲੋਹਾ, ਲਾਖਾ।

ਪੰਜਾਬੀ ਸ਼ਬਦਾਂ ਵਿਚ ਅੰਤਮ/ਆ/ਕੰਨਾ ਪੁਲਿੰਗ ਨਾਂਵਾਂ ਦਾ ਸੰਕੇਤ ਹੈ।

ਦੂਸਰੀ ਸ਼੍ਰੇਣੀ ਵਿਚ ਉਹ ਪੁਲਿੰਗ ਨਾਂਵ ਆਉਂਦੇ ਹਨ ਜਿਹਨਾਂ ਦੇ ਰੂਪ ਤੋਂ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਪੁਲਿੰਗ ਨਾਂਵ ਹਨ।

**ਉਦਾਹਰਣ :** ਪੱਟ, ਹੱਥ, ਟਰੱਕ, ਇੰਜਣ, ਭਰਮ,/ਆ/ਅੰਤਕ ਪੁਲਿੰਗ ਨਾਂਵਾਂ ਤੋਂ ਬਗੈਰ ਬਾਕੀ ਦੂਸਰੀ ਸ਼੍ਰੇਣੀ ਵਿਚ ਆਉਂਦੇ ਹਨ।

**ਸਬੰਧਕੀ ਰੂਪ :** ਪਹਿਲੇ ਸ਼੍ਰੇਣੀ ਦੇ ਪੁਲਿੰਗ ਨਾਂਵਾਂ ਦੇ ਸਬੰਧਕੀ ਰੂਪ ਬਣਾਉਣ ਲਈ ਸਧਾਰਨ ਰੂਪ ਦਾ ਅੰਤਮ ਕੰਨਾ ਹਟਾਕੇ ਲਾ/ਲਾਈ ਜਾਂਦੀ ਹੈ।

| | |
|---|---|
| ਮੁੰਡਾ | ਮੁੰਡੇ |
| ਘੋੜਾ | ਘੋੜੇ |

ਇਹ ਇਕ ਵਚਨ ਦੇ ਉਦਾਹਰਣ ਹਨ।

ਬਹੁ-ਵਚਨ ਵਿਚ ਘੋੜੇ, ਮੁੰਡੇ ਸਾਧਾਰਨ ਰੂਪ ਹਨ ਅਤੇ ਘੋੜਿਆਂ, ਸਬੰਧਕੀ ਰੂਪ ਹਨ।

ਇਥੇ/ਏ/ਹਟਾਕੇ-ਇਆ/ਰੂਪ ਲਾਇਆ ਜਾਂਦਾ ਹੈ।

**ਉਦਾਹਰਣਾਂ :**

ਮੁੰਡਿਆਂ ਨੇ ਰੋਟੀਆਂ ਖਾਧੀਆਂ।

ਘੋੜਿਆਂ ਉਤੇ ਸਿੰਘ ਬੈਠ ਗਏ।

ਦੂਸਰੀ ਸ਼੍ਰੇਣੀ ਵਿਚ ਪੁਲਿੰਗ ਨਾਂਵਾਂ ਦਾ ਇਕ ਵਚਨ ਸਧਾਰਨ ਤੇ ਸਬੰਧਕੀ ਇਕੋ ਹੀ ਰਹਿੰਦਾ ਹੈ। ਇਸ ਤਰ੍ਹਾਂ ਬਹੁਵਚਨ ਸਧਾਰਨ ਰੂਪ ਵੀ ਇਕੋ ਹੀ ਹੈ। ਭਾਵ ਦੂਸਰੀ ਸ਼੍ਰੇਣੀ ਦੇ ਪੁਲਿੰਗ ਨਾਂਵਾਂ ਦਾ ਇਕ ਵਚਨ ਸਧਾਰਨ ਰੂਪ, ਇਕ ਵਚਨ ਸਬੰਧਕੀ ਰੂਪ ਬਹੁ-ਵਚਨ

ਸਧਾਰਨ ਰੂਪ ਇਕੋ ਹੀ ਹਨ। ਬਹੁ-ਵਚਨ ਸਬੰਧਕੀ ਰੂਪ ਦਾ ਅੰਤਰ ਹੈ ਇਹ ਬਹੁ-ਵਚਨ, ਸਬੰਧਕੀ ਰੂਪ/ਪਿਛੇ/-ਆ/ਲਾ ਕੇ ਬਣਾਇਆ ਜਾਂਦਾ ਹੈ।

**ਉਦਾਹਰਣ :**

ਹਾਥੀ ਆ ਗਿਆ - ਇਕ ਵਚਨ ਸਧਾਰਨ ਰੂਪ-ਹਾਥੀ

ਹਾਥੀ ਨੇ ਪਾਣੀ ਪੀਤਾ-ਇਕ ਵਚਨ ਸਬੰਧਕੀ ਰੂਪ-ਹਾਥੀ

ਹਾਥੀ ਆ ਗਏ - ਬਹੁ ਵਚਨ ਸਧਾਰਨ ਰੂਪ - ਹਾਥੀ

ਹਾਥੀਆਂ ਨੇ ਪਾਣੀ ਪੀਤਾ ਬਹੁ-ਵਚਨ ਸਬੰਧਕੀ ਰੂਪ-ਹਾਥੀਆਂ

**(ਅ) ਇਸਤਰੀ ਲਿੰਗ :** ਰੂਪਕੀ ਪੱਖ ਤੋਂ ਇਸਤਰੀ ਲਿੰਗ ਨਾਵਾਂ ਦੀਆਂ ਵੀ ਦੋ ਸ਼੍ਰੇਣੀਆਂ ਬਣਦੀਆਂ ਹਨ :

ਪਹਿਲੇ ਸ਼੍ਰੇਣੀ ਵਿਚ ਉਹ ਇਸਤਰੀ ਲਿੰਗ ਨਾਂਵ ਆਉਂਦੇ ਹਨ ਜਿਹਨਾਂ ਦੇ ਰੂਪ ਤੋਂ ਉਹਨਾਂ ਦੀ ਇਸਤਰੀ ਲਿੰਗ ਵਜੋਂ ਪਛਾਣ ਹੋ ਜਾਂਦੀ ਹੈ।

**ਉਦਾਹਰਣ :** ਕੁੜੀ, ਘੋੜਾ, ਕੁੱਤੀ, ਲੱਸੀ, ਨੇਕੀ, ਬਦੀ, ਲਤੀ, ਝੜੀ, ਧੜੀ ਆਦਿ।

ਦੂਸਰੀ ਸ਼੍ਰੇਣੀ ਵਿਚ ਉਹ ਇਸਤਰੀ ਲਿੰਗ ਨਾਂਵ ਆਉਂਦੇ ਹਨ ਜਿਹਨਾਂ ਦੀ ਰੂਪ ਪੱਖੋਂ ਪਛਾਣ ਸੰਭਵ ਨਹੀਂ।

**ਉਦਾਹਰਣ :** ਪੱਤ, ਲੱਤ, ਬਾਂਹ, ਭੀੜ, ਜੂਠ, ਠੰਢ, ਵੰਡ, ਆਕੜ ਆਦਿ।

/ਏ/ਅੰਤਕ ਇਸਤਰੀ ਨਾਵਾਂ ਤੋਂ ਬਗੈਰ ਬਾਕੀ ਸਾਰੇ ਇਸਤਰੀ ਲਿੰਗ ਨਾਂਵ ਦੂਸਰੀ ਸ਼੍ਰੇਣੀ ਵਿਚ ਆਉਂਦੇ ਹਨ।

**ਰੂਪਕੀ ਭੁਲੇਖਾ :** ਕੁਝ ਪੰਜਾਬੀ ਨਾਂਵ ਅਜਿਹੇ ਹਨ ਜਿਹੜੇ ਰੂਪਕ ਪੱਖ ਤੋਂ ਭੁਲੇਖਾ ਖੜ੍ਹਾ ਕਰਦੇ ਹਨ। ਕਈ/ਈ/ਅੰਤਕ ਨਾਂਵ ਪੁਲਿੰਗ ਹੁੰਦੇ ਹਨ। ਇਸ ਤਰ੍ਹਾਂ ਕਈ/-ਆ/ਅੰਤਰ ਨਾਂਵ ਇਸਤਰੀ ਲਿੰਗ ਹੁੰਦੇ ਹਨ।

/ਈ/ਅੰਤਕ ਪੁਲਿੰਗ : ਹਾਥੀ, ਪਾਣੀ, ਆਦਮੀ, ਮਰਾਸੀ, ਮਿਸਤਰੀ, ਨਾਈ, ਧੋਬੀ।

/ਆ/ ਅੰਤਕ ਇਸਤਰੀ ਲਿੰਗ : ਮਾਲਾ, ਆਸ਼ਾ, ਹਵਾ, ਭੂਆ।

ਲਿੰਗ ਬਾਰੇ ਹੇਠ ਲਿਖੇ ਨੁਕਤੇ ਵਿਚਾਰਨ ਅਤੇ ਧਿਆਨ ਰੱਖਣਯੋਗ ਹਨ :

1. ਜਾਨਦਾਰ ਵਸਤਾਂ ਦਾ ਲਿੰਗ ਕੁਦਰਤੀ ਹੁੰਦਾ ਹੈ ਬੇਜਾਨ ਵਸਤਾਂ, ਵਿਚਾਰਾਂ, ਸੰਕਲਪਾਂ ਦਾ ਲਿੰਗ ਕਿਸੇ ਨਿਸ਼ਚਤ ਆਧਾਰ ਤੇ ਨਹੀਂ ਹੁੰਦਾ ਹੈ। ਇਹ ਭਾਸ਼ਾ ਪਰੰਪਰਾ ਤੇ ਆਧਾਰਤ ਹੁੰਦਾ ਹੈ।

ਇਕੋ ਜਿਹੇ ਰੂਪ ਵਾਲੇ ਸ਼ਬਦਾਂ ਦਾ ਵੱਖ-ਵੱਖ ਲਿੰਗ ਨਾਲ ਸਬੰਧ ਹੁੰਦਾ ਹੈ।

ਇਕੋ ਜਿਹੇ ਰੂਪ ਵਾਲੇ ਸ਼ਬਦ

| **ਪੁਲਿੰਗ** | **ਇਸਤਰੀ ਲਿੰਗ** |
|---|---|
| ਟੋਪ | ਤੋਪ |
| ਮੋਰ | ਤੋਰ |
| ਚੋਰ | ਡੋਰ |
| ਤੂਤ | ਧੁਪ |
| ਜੱਗ | ਮੱਝ |
| ਤੀਰ | ਲੀਰ |

ਇਸ ਦਾ ਆਧਾਰ ਭਾਸ਼ਾ ਪਰੰਪਰਾ ਹੈ ਕੋਈ ਨਿਯਮ ਨਹੀਂ।

2. ਕੁਝ ਵਸਤਾਂ, ਸੰਕਲਪ ਅਤੇ ਵਿਚਾਰ ਅਜਿਹੇ ਹਨ ਜਿਹਨਾਂ ਦੇ ਭਾਗਾਂ ਵਿਚ ਇਕ ਤੋਂ ਵੱਧ ਨਾਂ ਹੋ ਸਕਦੇ ਹਨ। ਇਹਨਾਂ ਨਾਂਵਾਂ ਵਿਚੋਂ ਇਹ ਵੀ ਹੋ ਸਕਦਾ ਹੈ ਕਿ ਇਕੋ ਵਸਤ ਦਾ ਕੋਈ ਨਾਂ ਪੁਲਿੰਗ ਹੋਵੇ ਤੇ ਦੂਸਰਾ ਇਸਤਰੀ ਲਿੰਗ।

| **ਪੁਲਿੰਗ** | **ਇਸਤਰੀ ਲਿੰਗ** |
|---|---|
| ਦੀਵਾ, ਲੈਂਪ | ਲਾਲਟੈਨ |
| ਮੀਂਹ | ਬਾਰਸ਼, ਬਰਖਾ |
| ਚਾਨਣਾ | ਰੋਸ਼ਨੀ |
| ਪਾਲਾ | ਠੰਡ |

3. ਕਈ ਸ਼ਬਦ ਅਜਿਹੇ ਵੀ ਹੁੰਦੇ ਹਨ ਜਿਥੇ ਪੁਲਿੰਗ ਨਾਂਵ ਖੁੱਲ੍ਹੇ ਅਰਥਾਂ ਵਾਲਾ ਹੁੰਦਾ ਹੈ ਪਰ ਇਸਤਰੀ ਲਿੰਗ ਨਾਂਵ ਦੇ ਅਰਥ

ਸੀਮਤ ਹੁੰਦੇ ਹਨ।

| **ਖੁੱਲੇ ਅਰਥ** | **ਸੀਮਤ ਅਰਥ** |
|---|---|
| ਘੋੜਿਆਂ | ਘੋੜੀਆਂ |
| ਬੱਚੇ | ਬੱਚੀਆਂ |

4. ਪੰਜਾਬੀ ਦੇ ਕੁਝ ਨਾਂਵ ਅਜਿਹੇ ਵੀ ਹਨ ਜਿਹਨਾਂ ਦਾ ਲਿੰਗ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ। ਕਈ ਵਾਰ ਇਹ ਉਪ-ਭਾਸ਼ਾ ਨਾਲ ਬਦਲ ਜਾਂਦਾ ਹੈ। ਰੇਤਾ ਮਲਵਈ ਵਿਚ ਪੁਲਿੰਗ ਹੈ। ਦੁਆਬੀ ਵਿਚ ਇਸਤਰੀ ਲਿੰਗ ਹੈ। ਇਸੇ ਤਰ੍ਹਾਂ ਦਹੀ ਮਲਵਈ ਵਿਚ ਪੁਲਿੰਗ ਹੈ ਅਤੇ ਦੁਆਬੀ ਵਿਚ ਇਸਤਰੀ ਲਿੰਗ ਹੈ। ਪਰ ਅਜਿਹੇ ਨਾਂਵ ਬਹੁਤ ਥੋੜ੍ਹੇ ਹਨ।

**2. ਵਚਨ :** ਪੰਜਾਬੀ ਵਿਚ ਗਿਣਤੀ ਪੱਖੋਂ ਇਕ ਅਤੇ ਇਕ ਤੋਂ ਵੱਧ ਵਿਚ ਅੰਤਰ ਦੱਸਣ ਲਈ ਵਰਤੀ ਜਾਂਦੀ ਵਿਆਕਰਨ ਜੁਗਤ ਨੂੰ ਵਚਨ ਆਖਿਆ ਜਾਂਦਾ ਹੈ। ਕੋਈ ਨਾਂਵ ਜੇਕਰ ਕਿਸੇ ਇਕ ਵਸਤੂ ਅਤੇ ਵਿਅਕਤੀ ਲਈ ਵਰਤਿਆ ਜਾਂਦਾ ਹੋਵੇ, ਇਕ ਵਚਨ ਅਖਵਾਉਂਦਾ ਹੈ। ਜੇਕਰ ਇਕ ਤੋਂ ਵਧੇਰੇ ਲਈ ਆਵੇ ਤਾਂ ਬਹੁ-ਵਚਨ ਅਖਵਾਉਂਦਾ ਹੈ। ਪੰਜਾਬੀ ਕਿਰਿਆ ਲਿੰਗ ਅਤੇ ਵਚਨ ਦੋਹਾਂ ਅਨੁਸਾਰ ਬਦਲਦੀ ਹੈ।

ਇਕ ਵਚਨ-ਘੋੜਾ, ਮੁੰਡਾ, ਖੁਰਪਾ, ਜੋੜਾ

ਬਹੁ-ਵਚਨ-ਘੋੜੇ, ਮੁੰਡੇ, ਖੁਰਪੇ, ਜੋੜੇ

ਸੰਸਕ੍ਰਿਤ ਅਤੇ ਮਰਾਠੀ ਵਿਚ ਦੋ ਵਚਨ ਵੀ ਵਰਤਿਆ ਜਾਂਦਾ ਹੈ।

ਵਚਨ ਸੰਬੰਧੀ ਹੇਠ ਲਿਖੀਆਂ ਕੁਝ ਗੱਲਾਂ ਧਿਆਨ ਰੱਖਣ ਯੋਗ ਹਨ।

1. ਪੰਜਾਬੀ ਵਿਚ ਲਿੰਗ ਅਤੇ ਵਚਨ ਦਾ ਬਹੁਤ ਨੇੜਲਾ ਸਬੰਧ ਹੈ। ਇਹਨਾਂ ਨੂੰ ਦਰਸਾਉਣ ਵਾਲੇ ਚਿੰਨ੍ਹ ਵੀ ਸਮਾਨ ਹਨ।

ਘੋੜਾ-ਅੰਤਮ/ਆ/ਇਕ ਵਚਨ ਪੁਲਿੰਗ ਦਾ ਚਿੰਨ੍ਹ ਹੈ।

ਘੋੜਾ-ਅੰਤਮ/ਏ/ਬਹੁ-ਵਚਨ ਪੁਲਿੰਗ ਦਾ ਚਿੰਨ੍ਹ ਹੈ।

ਘੋੜੀ-ਅੰਤਮ/ਈ/ਇਕ ਵਚਨ ਇਸਤਰੀ ਲਿੰਗ ਦਾ ਚਿੰਨ੍ਹ ਹੈ।

ਘੋੜੀਆਂ-ਅੰਤਮ/ਈਆਂ/ਬਹੁ-ਵਚਨ ਇਸਤਰੀ ਲਿੰਗ ਦਾ ਚਿੰਨ੍ਹ ਹੈ।

2. ਬਹੁਤ ਸਾਰੇ ਨਾਮ ਤੇ ਵਿਸ਼ੇਸ਼ਣ ਅਜਿਹੇ ਵੀ ਹਨ, ਜਿਹਨਾਂ ਦੇ ਰੂਪ ਤੋਂ ਵਚਨ ਦਾ ਕੋਈ ਸੰਕੇਤ ਨਹੀਂ ਮਿਲਦਾ।

**ਉਦਾਹਰਣ :** ਹੱਥ, ਪੈਰ, ਲਾਲ, ਗਰਮ, ਖੂਹ, ਲਹੂ।

3. ਜਦੋਂ ਵਾਕ ਦਾ ਕਰਤਾ ਕੋਈ ਇਕੱਲਾ ਨਾਂਵ ਹੁੰਦਾ ਹੈ ਤਾਂ ਕਿਰਿਆ ਦਾ ਰੂਪ ਵਰਤਣ ਵਿਚ ਕੋਈ ਮੁਸ਼ਕਲ ਨਹੀਂ ਆਉਂਦੀ, ਪਰ ਜਦੋਂ ਇਕ ਤੋਂ ਵੱਧ ਨਾਂਵ ਕਰਤਾ ਦੇ ਥਾਂ ਆ ਜਾਣ ਤਾਂ ਕਿਰਿਆ ਰੂਪ ਵਿਚ ਮੁਸ਼ਕਲ ਹੁੰਦੀ ਹੈ।

(ੳ) ਮੁੰਡੇ ਤੇ ਕੁੜੀਆਂ ਰੋਟੀ ਖਾ ਰਹੇ ਹਨ।

(ਅ) ਮੁੰਡੇ ਤੇ ਕੁੜੀਆਂ ਰੋਟੀ ਖਾ ਰਹੀਆਂ ਹਨ।

ਬੋਲਚਾਲ ਦੀ ਪੰਜਾਬੀ ਵਿਚ (ੳ) ਅਤੇ (ਅ) ਦੋਵੇਂ ਰੂਪ ਪ੍ਰਚਲਿਤ ਹਨ। ਪਰ ਉਚਿਤ ਹੋਵੇਗਾ ਜੇਕਰ ਸਾਹਿਤਕ ਪੰਜਾਬੀ ਵਿਚ (ੳ) ਦੀ ਵਰਤੋਂ ਹੀ ਕੀਤੀ ਜਾਵੇ।

4. ਪੰਜਾਬੀ ਵਿਚ ਕਈ ਨਾਂਵ ਅਜਿਹੇ ਹਨ ਜਿਹੜੇ ਸਿਰਫ ਬਹੁ-ਵਚਨ ਲਈ ਹੀ ਵਰਤੇ ਜਾਂਦੇ ਹਨ।

**ਉਦਾਹਰਣ :** ਛੋਲੇ, ਗੰਢੇ, ਲੋਕ, ਦਸਤਖਤ

5. ਪਿਆਰ ਜਤਾਉਣ ਲਈ ਇਕ ਵਚਨ ਦੀ ਵਰਤੋਂ ਕੀਤੀ ਜਾਂਦੀ ਹੈ। ਆਦਰ-ਮਾਣ ਦਰਸਾਉਣ ਲਈ ਬਹੁ-ਵਚਨ ਦੀ ਵਰਤੋਂ ਕੀਤੀ ਜਾਂਦੀ ਹੈ।

6. ਜਿਹਨਾਂ ਪੁਲਿੰਗ ਨਾਂਵਾਂ ਦੇ ਅੰਤ ਵਿਚ ਬਲ-ਰਹਿਤ /ਆ/ਹੁੰਦਾ ਹੈ, ਉਹਨਾਂ ਦਾ ਬਹੁ-ਵਚਨ ਅੰਤਲੇ /ਆ/ਦੀ ਥਾਂ/ਏ/ਲਾ ਕੇ ਬਣਾਇਆ ਜਾਂਦਾ ਹੈ।

ਮੁੰਡਾ-ਮੁੰਡੇ

ਘੋੜਾ-ਘੋੜੇ

7. ਜਿਹੜੇ ਪੁਲਿੰਗ ਨਾਂਵ ਵਿਅੰਜਨਾਤ ਹੁੰਦੇ ਹਨ ਉਹਨਾਂ ਦੇ ਸਧਾਰਨ ਰੂਪ ਦਾ ਬਹੁ-ਵਚਨ ਇਕ ਵਚਨ ਦੀ ਤਰ੍ਹਾਂ ਹੀ ਹੁੰਦਾ ਹੈ।

**ਉਦਾਹਰਣ :** ਘਰ, ਸੱਪ, ਮਗਰਮੱਛ।

8. ਜਿਹਨਾਂ ਪੁਲਿੰਗ ਨਾਂਵਾਂ ਦੇ ਅੰਤ ਵਿਚ ਬਲ-ਰਹਿਤ/ਅ/ਜਾਂ ਆ ਤੋਂ ਬਗੈਰ ਕੋਈ ਸਾਰ ਹੁੰਦਾ ਹੈ ਉਹਨਾਂ ਦੇ ਇਕ ਵਚਨ ਅਤੇ ਬਹੁ-ਵਚਨ ਇਕੋ ਜਿਹੇ ਹੁੰਦੇ ਹਨ।

**ਉਦਾਹਰਨ :** ਭਰਾ, ਘੁਮਾ, ਨਾਈ, ਧੋਬੀ, ਨਿਖੱਟੂ

4. ਇਸਤਰੀ ਲਿੰਗ ਸ਼ਬਦਾਂ ਦੇ ਸਧਾਰਨ ਰੂਪ ਦਾ (ੳ) ਬਹੁ-ਵਚਨ/ਆਂ/ਲਾ ਕੇ ਬਣਾਇਆ ਜਾਂਦਾ ਹੈ। ਪ੍ਰੰਤੂ (ਅ) ਆਕਾਰਾਤ ਸ਼ਬਦਾਂ ਵਿਚ/ਵਾਂ/ਲੱਗਦਾ ਹੈ।

(ੳ) ਭੇਡ-ਭੇਡਾਂ

ਗੋਰੀ-ਗੋਰੀਆਂ

(ਅ) ਮਾਂ-ਮਾਵਾਂ

**3. ਕਾਰਕ :** ਵਾਕਾਂ ਵਿਚ ਨਾਂਵ, ਪੜਨਾਂਵ ਦੇ ਕਿਰਿਆ ਨਾਲ ਸਬੰਧਾਂ ਨੂੰ ਕਾਰਕ ਕਿਹਾ ਜਾਂਦਾ ਹੈ। ਕਿਸੇ ਵੀ ਵਾਕ ਤੇ ਹੇਠ ਲਿਖੇ ਪ੍ਰਸ਼ਨ ਕੀਤਿਆਂ ਕਿਰਿਆ ਪਦ ਦੇ ਦੂਸਰੇ ਪਦਾਂ ਨਾਲ ਸਬੰਧ ਦਾ ਪਤਾ ਚਲ ਜਾਂਦਾ ਹੈ। ਆਪਣੇ ਮਨ ਦੀ ਤ੍ਰਿਪਤੀ ਲਈ ਕੋਈ ਗੁਰਮੁਖ ਬੜੀ ਸ਼ਰਧਾ ਨਾਲ ਪੱਤਲਾਂ ਤੋਂ ਪ੍ਰਸ਼ਾਦਾ ਛਕ ਰਿਹਾ ਹੈ।

ਹਰ ਵਾਕ ਤੇ ਇਹ ਪ੍ਰਸ਼ਨ ਕਰੋ।

| | | |
|---|---|---|
| ਕੌਣ ? | - | ਕਰਤਾ (ਗੁਰਮੁਖ) |
| ਕੀ ? | - | ਕਰਮ (ਪ੍ਰਸ਼ਾਦਾ) |
| ਕਿਸ ਨਾਲ ? | - | ਕਰਣ (ਸ਼ਰਧਾ ਨਾਲ) |
| ਕਿਹਦੇ ਲਈ ? | - | ਸੰਪ੍ਰਦਾਨ (ਮਨ ਦੀ ਤ੍ਰਿਪਤੀ ਲਈ) |
| ਕਿਸੇ ਤੋਂ ? | - | ਆਪਾਦਾਨ (ਪੱਤਲਾਂ ਤੋਂ) |
| ਕਿਥੇ ? | - | ਅਧਿਕਰਨ (ਲੰਗਰ ਵਿਚ) |

**ਕਰਤਾ ਕਾਰਕ ਕੌਣ ? :** ਕਰਤਾ ਦਾ ਕਿਰਿਆ ਪਦ ਨਾਲ ਸਬੰਧ ਨਿਸ਼ਚਿਤ ਕਰਦਾ ਹੈ।

**ਕਰਮ ਕਾਰਕ ਕੀ :** ਕਰਮ ਦਾ ਕਿਰਿਆ ਪਦ ਨਾਲ ਸਬੰਧ ਨਿਸ਼ਚਿਤ ਕਰਦਾ ਹੈ।

ਮੁੰਡਾ ਕਿਤਾਬ ਪੜ੍ਹਦਾ ਹੈ।

(ੳ) (ਅ) (ੲ)

(ੳ) ਅਤੇ (ੲ) ਦਾ ਸਬੰਧ ਕਰਤਾ ਕਾਰਕ ਹੈ।

(ਅ) ਅਤੇ (ੲ) ਦਾ ਸਬੰਧ ਕਰਮ ਕਾਰਕ ਹੈ।

**ਕਰਣ ਕਾਰਕ :** ਜਿਸ ਸੰਦ ਜਾਂ ਵਿਧੀ ਨਾਲ ਕਿਰਿਆ ਕੀਤੀ ਜਾਵੇ ਉਹ ਕਰਣ-ਕਾਰਕ ਦਾ ਨਾਂਵ ਹੈ।

ਸੋਟੀ ਨਾਲ ਸੱਪ ਮਾਰਿਆ।

ਰੱਸੀ ਨਾਲ ਘੋੜਾ ਬੰਨ੍ਹਿਆ।

ਇਥੇ ਸੋਟੀ ਅਤੇ ਰੱਸੀ ਕਰਣ ਕਾਰਕ ਵਾਲੇ ਨਾਂਵ ਹਨ।

**ਆਪਾਦਾਨ ਕਾਰਕ :** ਜਿਸ ਨਾਲੋਂ ਕੋਈ ਚੀਜ਼ ਵੱਖ ਕੀਤੀ ਜਾਵੇ ਉਹ ਨਾਂਵ ਆਪਾਦਾਨ ਕਾਰਕ ਅਖਵਾਉਂਦਾ ਹੈ।

ਘੜੇ ਵਿਚੋਂ ਪਾਣੀ ਪਾ ਲਿਆ।

ਝੋਲੇ ਵਿਚੋਂ ਕਿਤਾਬਾਂ ਕੱਢ ਲੈ।

ਖੀਸੇ ਵਿਚੋਂ ਪੈਸੇ ਕੱਢ ਲੈ।

ਇਥੇ ਘੜੇ, ਝੋਲੇ, ਖੀਸੇ ਆਪਾਦਾਨ ਕਾਰਕ ਵਿਚ ਆਉਂਦੇ ਹਨ।

**ਸਬੰਧ ਕਾਰਕ :** ਜਿਸ ਨਾਂਵ ਜਾਂ ਪੜਨਾਂਵ ਨਾਲ ਮਾਲਕੀ ਵਾਲਾ ਰਿਸ਼ਤਾ ਦਰਸਾਇਆ ਜਾਵੇ, ਉਹ ਨਾਂਵ ਜਾਂ ਪੜਨਾਂਵ ਸਬੰਧ ਕਾਰਕ ਦਾ ਹੈ।

ਤੇਰੀ ਘਰ ਵਾਲੀ

ਗੁਰਵਿੰਦਰ ਦੀ ਕਿਤਾਬ

ਇਸ ਵਿਚ/ਤੇਰੀ/ਅਤੇ/ਗੁਰਵਿੰਦਰ/ਸਬੰਧ ਕਾਰਕ ਜਾਂ ਪੜਨਾਂਵ ਤੇ ਨਾਂਵ ਹਨ।

**ਅਧਿਕਰਣ ਕਾਰਕ :** ਜਿਸ ਨਾਂਵ ਦੇ ਉਤੇ ਜਾਂ ਵਿਚ ਕੁਝ ਪਾਇਆ ਜਾਵੇ, ਉਹ ਅਧਿਕਰਣ ਕਾਰਕ ਵਿਚ ਆਉਂਦਾ ਹੈ।

ਅੱਖਾਂ ਵਿਚ ਦਵਾਈ ਪਾ ਲੈ।

ਬੱਸ ਵਿਚ ਬੈਠ ਜਾ।

ਘੋੜੇ ਉਤੇ ਬੈਠ ਜਾ।

ਪੰਜਾਬੀ ਵਿਚ ਨਾਂਵ ਨਾਲ ਜੁੜੇ/ਵਿਚ/ਅਤੇ/ਉਤੇ/ਇਸ ਕਾਰਕ ਵਲ ਸੰਕੇਤ ਕਰਦੇ ਹਨ।

**ਸੰਬੋਧਨ ਕਾਰਕ :** ਜਿਸ ਨੂੰ ਸੰਬੋਧਨ ਕੀਤਾ ਜਾਵੇ ਜਾਂ ਬੁਲਾਇਆ ਜਾਵੇ ਉਹ ਸੰਬੋਧਨ ਕਾਰਕ ਅਖਵਾਉਂਦਾ ਹੈ।

ਕੁੜੀਏ !

ਕਾਕਾ !

ਕਾਰਕ ਸਬੰਧੀ ਸਭ ਤੋਂ ਮਹੱਤਵਪੂਰਨ ਤੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਪੰਜਾਬੀ ਵਿਚ ਕਾਰਕੀ ਸਬੰਧੀ ਦਰਸਾਉਣ ਲਈ ਪਿਛੇਤਰ ਲਗਦੇ ਹਨ। ਕਾਰਕੀ ਪਿਛੇਤਰ ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਹੈ। ਇਹ ਪਿਛੇਤਰ ਹੁਣ ਬੇਸ਼ੱਕ ਘਟਦੇ ਜਾ ਰਹੇ ਹਨ। ਮਲਵਈ ਵਿਚ ਮਾਝੀ ਨਾਲੋਂ ਘੱਟ ਹਨ। ਪੁਆਧੀ ਵਿਚ ਖਤਮ ਹੋ ਗਏ ਹਨ।

**4. ਵਾਚ :** ਕਿਰਿਆ ਦਾ ਉਹ ਪੱਖ ਜਿਸ ਤੋਂ ਇਹ ਸੰਕੇਤ ਮਿਲੇ ਕਿ ਕਿਰਿਆ ਦਾ ਉਚੇਰਾ ਸਬੰਧ ਕਰਤਾ ਨਾਲ ਹੈ, ਕਰਮ ਨਾਲ ਹੈ, ਜਾਂ ਦੋਹਾਂ ਵਿਚੋਂ ਕਿਸੇ ਇਕ ਨਾਲ ਵੀ ਨਹੀਂ ਉਹ ਵਾਚ ਕਿਹਾ ਜਾਂਦਾ ਹੈ।

ਵਾਚ ਸਬੰਧੀ ਨਿਮਨ ਲਿਖਤ ਨੁਕਤੇ ਧਿਆਨ ਰੱਖਣਯੋਗ ਹਨ :

ਪੰਜਾਬੀ ਵਿਚ ਤਿੰਨ ਵਾਚ ਹਨ :

(ੳ) ਕਰਤਾ ਵਿਚ (ਅ) ਕਰਮ ਵਾਚ (ੲ) ਭਾਵ ਵਾਚ।

1. ਵਰਤਮਾਨ ਕਾਰਦੰਤਕ ਕਰਤੀ ਵਾਚ ਹੁੰਦਾ ਹੈ।

ਗੋਲੀ ਚਲਦੀ ਹੈ।

ਧਰਤੀ ਤਪਦੀ ਹੈ।

ਨਗਰ ਵਸਦਾ ਹੈ।

2. ਆਕਰਮਕ ਧਾਤੂ ਤੋਂ ਬਣਿਆ ਹੋਇਆ ਭੂਤ ਕਾਰਦੰਤਕ ਕਰਤਰੀ ਵਾਚ ਅਖਵਾਉਂਦਾ ਹੈ ਅਤੇ ਸਕਰਮਕ ਧਾਤੂ ਤੋਂ ਬਣਿਆ ਹੋਇਆ ਭੂਤਕਾਰਦੰਤਕ ਕਰਮ ਵਾਚ ਅਖਵਾਉਂਦਾ ਹੈ।

| | **ਕਰਤਰੀ ਵਾਚ** | **ਕਰਮਣੀ ਵਾਚ** | |
|---|---|---|---|
| ਮੈਂ | ਕਰਦਾ ਹਾਂ | -ਕੀਤਾ ਹੈ | ਪੁਲਿੰਗ ਇ. ਵ. |
| ਤੂੰ | ਕਰਦਾ ਸਾਂ | -ਕੀਤਾ ਹੈ | ਇਸ ਇ. ਵ. |
| ਉਹ | ਕਰਦਾ ਸੀ | | |
| ਅਸੀਂ | ਕਰਦੇ ਹਾਂ - | ਕੀਤੇ ਹਨ | ਪੁਲਿ. ਬਹੁ-ਵਚਨ |
| ਤੁਸੀਂ | ਕਰਦੇ ਸਾਂ - | ਕੀਤੀਆਂ ਹਨ | ਇਸ ਬਹੁ-ਵਚਨ |
| ਉਹ | ਕਰਦੇ ਸੀ। | | |

3. ਕਰਤਰੀ ਵਾਚ ਵਿਚ ਕਿਰਿਆ ਲਿੰਗ ਵਚਨ, ਪੁਰਖ ਆਦਿ ਪੱਖ ਤੋਂ ਕਰਤਾ ਅਨੁਸਾਰ ਬਦਲਦੀ ਹੈ। ਦੂਸਰੇ ਸ਼ਬਦਾਂ ਵਿਚ ਕਰਤਰੀ ਵਾਚ ਉਹ ਵਾਕ ਹੁੰਦੇ ਹਨ ਜਿਸ ਦੀ ਕਿਰਿਆ ਦਾ ਲਿੰਗ, ਵਚਨ ਪੁਰਖ ਕਰਤਾ ਅਨੁਸਾਰ ਹੁੰਦਾ ਹੈ।

ਮੁੰਡਾ ਪੜ੍ਹ ਰਿਹਾ ਹੈ।

ਕਿਸਾਨ ਹਲ ਚਲਾ ਰਿਹਾ ਹੈ।

ਤੂੰ ਕਦੋਂ ਆਵੇਗਾ।

4. ਕਰਮਣੀ-ਵਾਚ ਉਸ ਵਾਕ ਨੂੰ ਆਖਦੇ ਹਨ ਜਿਸ ਦੀ ਕਿਰਿਆ ਲਿੰਗ, ਵਚਨ ਤੇ ਪੁਰਖ ਦੇ ਪੱਖ ਤੋਂ ਕਰਮ ਅਨੁਸਾਰ ਹੋਵੇ।

ਡਾਕਾ ਮਾਰਿਆ ਗਿਆ।

ਰੋਟੀ ਖਾਧੀ ਗਈ।

ਖੇਹ ਉਡਾਈ ਗਈ।

ਇਹਨਾਂ ਵਾਕਾਂ ਵਿਚ ਕਰਤਾ ਨਹੀਂ ਹੈ। ਜੇਕਰ ਵਾਕ ਵਿਚ ਕਰਤਾ ਵੀ ਹੋਵੇ, ਪਰ ਉਸ ਵਾਕ ਵਿਚ ਕਿਰਿਆ ਦਾ ਰੂਪ ਲਿੰਗ,

ਵਚਨ ਕਰਮ ਅਨੁਸਾਰ ਹੋਵੇ ਉਹ ਕਰਮਣੀ ਬਣਤਰ ਅਖਵਾਉਂਦੀ ਹੈ।

ਡਾਕੂ ਪੁਲਿਸ ਹੱਥੋਂ ਮਾਰਿਆ ਗਿਆ।

ਇਹ ਮਕਾਨ ਤੁਹਾਡਾ ਖਰੀਦਿਆ ਹੋਇਆ ਹੈ।

ਤੂੰ ਚੰਗੀ ਨਹੀਂ ਕੀਤੀ।

5. ਜੇਕਰ ਕਿਸੇ ਵਾਕ ਵਿਚ ਕਿਰਿਆ ਕਰਤਾ ਅਤੇ ਕਰਮ ਦੋਹਾਂ ਤੋਂ ਸੁਤੰਤਰ ਹੋਵੇ, ਭਾਵ ਉਸਦਾ ਰੂਪ ਨਾ ਕਰਤਾ ਅਨੁਸਾਰ ਹੋਵੇ ਅਤੇ ਨਾ ਹੀ ਕਰਮ ਅਨੁਸਾਰ ਹੋਵੇ ਤਾਂ ਅਜਿਹੀ ਬਣਤਰ ਨੂੰ ਭਾਵਵਾਚੀ ਬਣਤਰ ਤੇ ਵਾਕ ਨੂੰ ਭਾਵ-ਵਾਚ ਆਖਿਆ ਜਾਂਦਾ ਹੈ। ਇਸ ਬਣਤਰ ਵਿਚ ਕਿਰਿਆ ਰੂਪ ਹਰ ਹਾਲਤ ਵਿਚ ਇਕ ਵਚਨ ਪੁਲਿੰਗ ਵਾਲਾ ਰਹਿੰਦਾ ਹੈ। ਪੰਜਾਬੀ ਵਿਚ ਭਾਗ-ਵਾਚੀ ਬਣਤਰਾਂ ਬਹੁਤ ਘੱਟ ਹਨ।

**ਉਦਾਹਰਣ :**

ਧੁੱਪ ਵਿਚ ਖੜਿਆ ਨਹੀਂ ਜਾਂਦਾ।

ਬੱਸ, ਹੋਰ ਨਹੀਂ ਖਾਇਆ ਜਾਂਦਾ।

ਜੇਕਰ ਵਾਕ ਵਿਚ ਕਰਤਾ ਵੀ ਹੋਵੇ ਤਾਂ ਕਿਰਿਆ ਰੂਪ ਸਥਿਰ ਰਹਿੰਦਾ ਹੈ। ਭਾਵ ਪੁਲਿੰਗ ਇਕ ਵਚਨ ਵਾਲੀ ਕਿਰਿਆ ਹੀ ਵਰਤੀ ਜਾਂਦੀ ਹੈ।

ਮੁੰਡੇ ਤੋਂ ਤੁਰਿਆ ਨਹੀਂ ਜਾਂਦਾ।

ਮੈਥੋਂ ਲਿਖਿਆ ਨਹੀਂ ਜਾਂਦਾ।

ਇਹਨਾਂ ਵਾਕਾਂ ਵਿਚ ਆਕਰਮਕ ਕਿਰਿਆ ਆਈ ਹੈ। ਪਰ ਬਣਤਰ ਕਰਮਣੀ ਵਾਕਾਂ ਵਰਗੀ ਹੈ। ਪਰ ਵਾਕ ਵਿਚ ਕਿਰਿਆ/ਜਾਂ/ਦਾ ਵਰਤਮਾਨ ਕਿਰਦੰਤ ਆਇਆ ਹੈ। ਵਾਕ ਨਾਂਹ ਵਾਚੀ ਹਨ। /ਜਾਂ/ਕਿਰਿਆ ਦੇ ਵਰਤਮਾਨ ਕਿਰਦੰਤ ਤੋਂ ਬਿਨਾਂ ਹੋਰ ਰੂਪ ਵੀ ਆ ਸਕਦੇ ਹਨ। ਇਹ ਵੀ ਹੋ ਸਕਦਾ ਹੈ ਕਿ ਵਾਕ ਨਾਂ ਵਾਚੀ ਵੀ ਨਾ ਹੋਵੇ।

ਏਨੀ ਧੁੱਪ ਵਿਚ ਕਿਵੇਂ ਤੁਰਿਆ ਜਾਏਗਾ।

ਮੈਥੋਂ ਰਿਹਾ ਨਾ ਗਿਆ।

6. ਕਈ ਵਾਰ ਸਕਰਮਕ ਕਿਰਿਆ ਦੀ ਅਜਿਹੀ ਵਰਤੋਂ ਕੀਤੀ ਜਾਂਦੀ ਹੈ ਕਿ ਕਰਤਾ ਦੀ ਲੋੜ ਹੀ ਨਹੀਂ ਪੈਂਦੀ। ਸਿਰਫ ਕਰਮ ਨਾਲ ਹੀ ਕੰਮ ਚਲ ਜਾਂਦਾ ਹੈ। ਅਜਿਹੇ ਵਾਕ ਵਿਚ ਜਿਥੇ ਕਰਤਾ ਮੌਜੂਦ ਨਾ ਹੋਵੇ ਸਿਰਫ ਕਰਮ ਨਾਲ ਹੀ ਵਾਕ ਸੰਪੂਰਨ ਹੋ ਜਾਵੇ, ਕਿਰਿਆ ਦਾ ਕਰਮਣੀ ਰੂਪ ਅਖਵਾਉਂਦਾ ਹੈ। ਜਿਥੇ ਕਰਤਾ ਦੀ ਲੋੜ ਪਏ, ਉਹ ਕਰਤਰੀ ਰੂਪ ਅਖਵਾਉਂਦਾ ਹੈ।

ਘੜਾ ਟੁੱਟ ਗਿਆ।

ਰੋਟੀ ਪੱਕ ਗਈ।

ਭਾਣਾ ਵਰਤ ਗਿਆ।

ਚੋਰ ਭੱਜ ਗਿਆ।

ਕਰਤਰੀ ਰੂਪ ਤੋਂ ਕਰਮਣੀ ਰੂਪ ਬਣਾਉਣ ਲਈ ਕਿਰਿਆ ਦੇ ਭੂਤ ਕਿਰਦੰਤ ਨਾਲ ਗਿਆ ਜਾਂ ਕੋਈ ਇਸਦਾ ਹੋਰ ਢੁਕਵਾਂ ਰੂਪ ਵਰਤਿਆ ਜਾ ਰਿਹਾ ਹੈ।

**ਉਦਾਹਰਣ :**

ਉਸ ਨੇ ਵਰਤ ਰਖਿਆ (ਕਰਤਰੀ)

ਉਸ ਤੋਂ ਵਰਤ ਰਖਿਆ ਗਿਆ (ਕਰਮਣੀ)

ਪੰਜਾਬੀ ਵਾਕਾਂ ਦਾ ਕਰਮਣੀ-ਕਰਨ ਲਈ ਵਾਕ ਦੀ ਕਿਰਿਆ ਦਾ ਲਿੰਗ, ਵਚਨ, ਪੁਰਖ ਕਰਮ ਅਨੁਸਾਰ ਬਦਲਦਾ ਹੈ।

5. **ਪੁਰਖ** : ਭਾਸ਼ਾ ਦੀ ਵਰਤੋਂ ਇਕੱਲਾ ਵਿਅਕਤੀ ਨਹੀਂ ਕਰ ਸਕਦਾ। ਇਸ ਵਰਤਾਰੇ ਵਿਚ ਘੱਟੋ-ਘੱਟ ਦੋ ਵਿਅਕਤੀਆਂ ਦਾ ਹੋਣਾ ਜ਼ਰੂਰੀ ਹੈ। ਦੋ ਵਿਅਕਤੀ ਰਲ ਕੇ ਕਿਸੇ ਤੀਸਰੇ ਵਿਅਕਤੀ ਬਾਰੇ ਗੱਲ ਕਰ ਸਕਦੇ ਹਨ।

ਜੋ ਵਿਅਕਤੀ ਗੱਲ ਕਰੇ - **ਪਹਿਲਾ ਪੁਰਖ** - ਮੈਂ, ਅਸੀਂ

ਜਿਸ ਨਾਲ ਗੱਲ ਕੀਤੀ ਜਾਵੇ - **ਦੂਸਰਾ ਪੁਰਖ** - ਤੂੰ, ਤੁਸੀਂ

ਜਿਸ ਬਾਰੇ ਗੱਲ ਕੀਤੀ ਜਾਵੇ - **ਤੀਸਰਾ ਪੁਰਖ** - ਇਹ, ਉਹ

ਪੁਰਖ ਇਕ ਵਿਆਕਰਨਕ ਇਕਾਈ ਹੈ। ਇਸਦਾ ਇਸਤਰੀ ਪੁਰਖ ਨਾਲ ਕੋਈ ਸਬੰਧ ਨਹੀਂ। ਪੁਰਖ ਦਾ ਵਿਸ਼ੇਸ਼ ਸਬੰਧ ਪੜਨਾਂਵ

ਨਾਲ ਹੈ।

1. ਪੁਰਖ ਦਾ ਭੇਦ ਪੁਰਖ ਵਾਚਕ ਪੜਨਾਂਵ ਵਿਚ ਮਿਲਦਾ ਹੈ। ਜਿਸ ਤਰ੍ਹਾਂ ਮੈਂ ਪਹਿਲਾ ਪੁਰਖ ਹੈ, ਤੂੰ ਦੂਸਰਾ ਪੁਰਖ ਹੈ। ਹਰ ਪਦਾਰਥ ਤੀਸਰਾ ਪੁਰਖ ਹੈ।

2. ਪੁਰਖ ਵਾਚਕ ਪੜਨਾਵਾਂ ਦੀ ਰੂਪ ਸਾਧਨਾਂ, ਨਾਵਾਂ ਦੀ ਰੂਪ ਸਾਧਨਾਂ ਤੋਂ ਵੱਖਰੀ ਹੁੰਦੀ ਹੈ।

| | ਪੁਰਖ-ਪੜਨਾਂਵ | ਉਦੇਸ਼ | ਕਰਣ | ਸਬੰਧਕ |
|---|---|---|---|---|
| ਮੈਂ | (ਇਕ-ਵਚਨ | ਮੈਂ | ਮੈਂ | ਮੇਰਾ |
| | ਬਹੁ-ਵਚਨ | ਅਸੀਂ | ਅਸੀਂ | ਅਸਾਡਾ ਸਾਡਾ |
| ਤੂੰ | (ਇਕ-ਵਚਨ | ਤੂੰ | ਤੂੰ | ਤੇਰਾ |
| | ਬਹੁ-ਵਚਨ | ਤੁਸੀਂ | ਤੁਸੀਂ | ਤੁਹਾਡਾ |

3. ਤੀਸਰੇ ਪੁਰਖ ਲਈ ਕੋਈ ਵੱਖਰਾ ਪੜਨਾਂਵ ਨਹੀਂ ਨਿਸ਼ਚੇਵਾਚਕ/ਇਹ/ਅਤੇ/ਉਹ/ਹੀ ਤੀਸਰੇ ਪੁਰਖ ਲਈ ਵਰਤੇ ਜਾਂਦੇ ਹਨ। /ਉਹ/ਅਤੇ/ਇਹ/ਦੇ ਇਹ ਰੂਪ ਹਨ।

| ਸਧਾਰਨ ਇਕ ਵਚਨ | ਸਧਾਰਨ ਬਹੁ-ਵਚਨ | ਸਬੰਧਕੀ ਇਕ ਵਚਨ | ਸਬੰਧਕੀ ਬਹੁ-ਵਚਨ |
|---|---|---|---|
| ਉਹ | ਉਹ | ਉਸ, ਉਹ | ਉਹਨਾਂ, ਉਨ੍ਹਾਂ |
| ਇਹ | ਇਹ | ਇਹ, ਉਹ | ਇਹਨਾਂ, ਇਨ੍ਹਾਂ |

4. ਪੰਜਾਬੀ ਦੇ ਕਿਰਿਆ ਰੂਪ ਲਿੰਗ ਅਨੁਸਾਰ ਬਦਲਦੇ ਹਨ। ਪਰ ਕੁਝ ਪੁਰਖ ਵਚਨ ਅਨੁਸਾਰ ਬਦਲਦੇ ਹਨ। ਮੈਂ ਕਰਤਾ, ਅਸੀਂ ਕਰੀਏ, ਤੂੰ ਕਰੇਂ, ਤੁਸੀਂ ਕਰੋ।

**6. ਅਕਰਮਕਤਾ ਅਤੇ ਸਕਰਮਕਤਾ**

1. ਕਈ ਵਾਕਾਂ ਵਿਚ ਕਰਮ ਦੀ ਲੋੜ ਨਹੀਂ ਪੈਂਦੀ ਕੇਵਲ ਕਰਤਾ ਅਤੇ ਕਿਰਿਆ ਨਾਲ ਹੀ ਵਾਕ ਸੰਪੂਰਨ ਹੋ ਜਾਂਦਾ ਹੈ। ਜਿਹੜੀਆਂ ਕਿਰਿਆਵਾਂ ਨਾਲ ਕਰਮ ਦੀ ਲੋੜ ਨਾ ਪਵੇ ਉਸ ਨੂੰ ਅਕਰਮਕ ਕਿਰਿਆ ਆਖਦੇ ਹਨ।

ਮੁੰਡਾ ਦੌੜਦਾ ਹੈ।

ਕੁੜੀ ਰੋਂਦੀ ਹੈ।

ਮਾਸਟਰ ਆ ਗਿਆ ਹੈ।

ਸਾਧੂ ਜਾ ਰਿਹਾ ਹੈ।

ਰਮੇਸ਼ ਹੱਸ ਰਿਹਾ ਹੈ।

ਹਾਲੀ ਮੁੜ ਪਿਆ ਹੈ।

ਦੌੜ, ਰੋ, ਜਾ, ਆ, ਤੁਰ, ਮੁੜ ਅਕਰਮਕ ਕਿਰਿਆਵਾਂ ਹਨ।

2. ਜਿਹੜੀਆਂ ਕਿਰਿਆਵਾਂ ਨਾਲ ਕਰਮ ਦਾ ਹੋਣਾ ਜ਼ਰੂਰੀ ਹੈ ਉਹਨਾਂ ਕਿਰਿਆਵਾਂ ਨੂੰ ਸਕਰਮਕ ਕਿਰਿਆਵਾਂ ਆਖਿਆ ਜਾਂਦਾ ਹੈ। ਜੇਕਰ ਨਾ ਵਰਤਿਆ ਜਾਵੇ ਤਾਂ ਵਾਕ ਸੰਪੂਰਨ ਨਹੀਂ ਹੁੰਦਾ।

ਖਾਣਾ, ਪੀਣਾ, ਕਰਨਾ, ਚੁਕਣਾ, ਰਖਣਾ ਮਾਰਨਾ, ਆਦਿ ਸਕਰਮਕ ਕਿਰਿਆਵਾਂ ਹਨ।

3. ਕੁਝ ਅਕਰਮਕ ਕਿਰਿਆਵਾਂ ਵਿਸ਼ੇਸ਼ ਹਾਲਤਾਂ ਵਿਚ ਸਕਰਮਕ ਕਿਰਿਆਵਾਂ ਦੇ ਤੌਰ ਤੇ ਵਰਤੀਆਂ ਜਾ ਸਕਦੀਆਂ ਹਨ।

**ਉਦਾਹਰਣ :**

| ਅਕਰਮਕ | ਸਕਰਮਕ |
|---|---|
| ਮੁੰਡੇ ਖੇਡ ਰਹੇ ਹਨ | ਮੁੰਡੇ ਕਬੱਡੀ ਖੇਡ ਰਹੇ ਹਨ। |
| ਮੁੰਡਾ ਲਾਇਬਰੇਰੀ ਵਿਚ ਪੜ੍ਹਦਾ ਸੀ। | ਮੁੰਡਾ ਕਿਤਾਬ ਪੜ੍ਹਦਾ ਸੀ। |

4. ਕਈ ਅਕਰਮਕ ਕਿਰਿਆਵਾਂ ਕਰਤਾ ਨਾਲ ਵੀ ਵਾਕ ਪੂਰਾ ਨਹੀਂ ਕਰਦੀਆਂ। ਵਾਕ ਪੂਰਾ ਕਰਨ ਲਈ ਕੁਝ ਹੋਰ ਜੋੜਨਾ ਪੈਂਦਾ ਹੈ। ਅਜਿਹੀ ਕਿਰਿਆ ਜਿਹੜੀ ਕਰਤਾ ਨਾਲ ਵੀ ਵਾਕ ਪੂਰਾ ਨਾ ਕਰੇ ਅਪੂਰਨ ਅਕਰਮਕ ਕਿਰਿਆ ਅਖਵਾਉਂਦੀ ਹੈ। ਜਿਹੜਾ ਸ਼ਬਦ ਜੋੜਿਆ ਜਾਂਦਾ ਹੈ ਉਹ ਪੂਰਕ ਅਖਵਾਉਂਦਾ ਹੈ।

ਉਹ ਬਣ ਗਿਆ।

ਉਹ ਹੋ ਗਿਆ।

ਇਥੇ 'ਬਣ ਗਿਆ, ਹੋ ਗਿਆ' ਅਪੂਰਨ ਅਕਰਮਕ ਕਿਰਿਆਵਾਂ ਹਨ।

ਉਹ ਹੌਲਦਾਰ ਬਣ ਗਿਆ।

ਉਹ ਤਿੱਤਰ ਹੋ ਗਿਆ।

ਇਥੇ 'ਹੌਲਦਾਰ ਅਤੇ ਤਿੱਤਰ' ਪੂਰਕ ਹਨ।

5. ਕੁਝ ਸਕਰਮਕ ਕਿਰਿਆਵਾਂ ਵੀ ਅਪੂਰਨ ਹੁੰਦੀਆਂ ਹਨ। ਕਰਤਾ ਅਤੇ ਕਰਮ ਦੇ ਹੁੰਦਿਆਂ ਹੋਇਆਂ ਵੀ ਵਾਕ ਸੰਪੂਰਨ ਨਹੀਂ ਹੁੰਦਾ।

ਸਰਕਾਰ ਨੇ ਉਸ ਨੂੰ ਬਣਾ ਦਿੱਤਾ।

ਤੂੰ ਉਸ ਨੂੰ ਸਮਝਦਾ ਹੈ।

ਇਥੇ 'ਬਣਾ ਦਿੱਤਾ ਤੇ ਸਮਝਦਾ ਹੈ' ਅਪੂਰਨ ਸਕਰਮਕ ਕਿਰਿਆਵਾਂ ਹਨ।

ਸਰਕਾਰ ਨੇ ਉਸ ਨੂੰ ਹੌਲਦਾਰ ਬਣਾ ਦਿੱਤਾ।

ਤੂੰ ਉਸ ਨੂੰ ਭਲਾਮਾਣਸ ਸਮਝਦਾ ਹੈ।

ਇਥੇ ਹੌਲਦਾਰ ਅਤੇ ਭਲਾਮਾਣਸ ਪੂਰਕ ਹਨ।

6. ਜਿਹੜੀ ਅਕਰਮਕ ਕਿਰਿਆ ਪੂਰਕ ਦੀ ਵਰਤੋਂ ਬਗੈਰ ਹੀ ਵਾਕ ਮੁਕੰਮਲ ਕਰ ਲਵੇ ਉਹ ਪੂਰਨ ਅਕਰਮਕ ਕਿਰਿਆ ਅਖਵਾਉਂਦੀ ਹੈ। ਜਿਹੜੀ ਸਕਰਮਕ ਕਿਰਿਆ ਕਰਤਾ ਅਤੇ ਕਰਮ ਨਾਲ ਵਾਕ ਪੂਰਾ ਕਰ ਦੇਵੇ ਉਹ ਪੂਰਨ ਸਕਰਮਕ ਕਿਰਿਆ ਅਖਵਾਉਂਦੀ ਹੈ।

**9. ਸਾਰ :**

ਲਿੰਗ ਅਤੇ ਵਚਨ ਵਿਆਕਰਨਕ ਇਕਾਈਆਂ ਹਨ। ਕਿਰਿਆ ਦਾ ਰੂਪ-ਲਿੰਗ ਵਚਨ ਅਨੁਸਾਰ ਬਦਲਦਾ ਹੈ। ਵਾਕ ਵਿਚ ਨਾਂਵ, ਪੜਨਾਂਵ ਅਤੇ ਕਿਰਿਆ ਦੇ ਸਬੰਧ ਨੂੰ ਕਾਰਕ ਕਿਹਾ ਜਾਂਦਾ ਹੈ। ਕਾਰਕ ਛੇ ਤਰ੍ਹਾਂ ਦਾ ਹੁੰਦਾ ਹੈ। ਕਿਰਿਆ ਦਾ ਉਪ ਪੱਖ ਜਿਸ ਤੋਂ ਸੰਕੇਤ ਮਿਲੇ ਕਿ ਕਿਰਿਆ ਦਾ ਉਚੇਰਾ ਸਬੰਧ ਕਰਤਾ ਨਾਲ ਹੈ, ਕਰਮ ਨਾਲ ਹੈ ਜਾਂ ਦੋਹਾਂ ਵਿਚੋਂ ਕਿਸੇ ਨਾਲ ਵੀ ਨਹੀਂ, ਵਾਚ ਅਖਵਾਉਂਦਾ ਹੈ। ਵਾਚ ਤਿੰਨ ਤਰ੍ਹਾਂ ਦਾ ਹੁੰਦਾ ਹੈ। ਕਰਤਰੀ ਅਤੇ ਭਾਵ ਵਾਚ। ਪੁਰਖ ਇਕ ਵਿਸ਼ੇਸ਼ ਵਿਆਕਰਨਕ ਇਕਾਈ ਹੈ ਜਿਸ ਦਾ ਸਬੰਧ ਪੜਨਾਂਵ ਨਾਲ ਹੈ। ਵਾਕਾਤਮਕ ਬਣਤਰਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਅੰਤਰ ਕੇਂਦਰਤ ਅਤੇ ਬਾਹਰ ਕੇਂਦਰਤ। ਵਾਕਾਤਮਕ ਬਣਤਰ ਦੇ ਨਿਕਟ ਅੰਗਾਂ ਦਾ ਨਿਖੇੜ ਕਰਨ ਦੀ ਵਿਧੀ ਨੂੰ ਨਿਕਟ ਅੰਗ ਵਿਸ਼ਲੇਸ਼ਣ ਕਿਹਾ ਜਾਂਦਾ ਹੈ।

**ਅਭਿਆਸ**

1. ਲਿੰਗ ਕਿਸ ਨੂੰ ਆਖਦੇ ਹਨ ? ਇਹ ਕਿੰਨੀ ਪ੍ਰਕਾਰ ਦਾ ਹੁੰਦਾ ਹੈ ?
2. ਲਿੰਗ ਵਾਕ ਵਿਚ ਕੀ ਕਾਰਜ ਕਰਦਾ ਹੈ ?
3. ਲਿੰਗ ਅਤੇ ਵਚਨ ਦਾ ਕੀ ਸਬੰਧ ਹੈ ?
4. ਲਿੰਗ ਅਤੇ ਵਚਨ ਕਿਰਿਆ 'ਤੇ ਕੀ ਪ੍ਰਭਾਵ ਪਾਉਂਦੇ ਹਨ ?
5. ਕਾਰਕ ਕਿਸ ਨੂੰ ਆਖਦੇ ਹਨ ?
6. ਕਾਰਕ ਕਿਰਿਆ 'ਤੇ ਕੀ ਪ੍ਰਭਾਵ ਪਾਉਂਦਾ ਹੈ ?
7. ਕਰਤਰੀ ਵਾਚ ਕੀ ਹੁੰਦਾ ਹੈ ?
8. ਕਰਤਰੀ ਵਾਚ ਨੂੰ ਕਰਮਣੀ ਵਾਚ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ ?
9. ਪੁਰਖ ਕਿਸ ਨੂੰ ਆਖਦੇ ਹਨ ? ਇਸ ਦਾ ਪੜਨਾਂਵ ਨਾਲ ਕੀ ਸਬੰਧ ਹੈ ?
10. ਅਕਰਮਕਤਾ ਅਤੇ ਸਕਰਮਕਤਾ ਤੋਂ ਕੀ ਭਾਵ ਹੈ ?

## ਸ਼ਬਦ ਸ਼੍ਰੇਣੀਆਂ ਦੀ ਵੰਡ ਦੇ ਅਧਾਰ

ਭਾਸ਼ਾ ਦੀਆਂ ਹੋਰ ਵਿਆਕਰਨਕ ਇਕਾਈਆਂ ਦੀ ਤਰ੍ਹਾਂ 'ਸ਼ਬਦ' ਦੀ ਪਰਿਭਾਸ਼ਾ ਵੀ ਵਾਦ-ਵਿਵਾਦ ਦਾ ਵਿਸ਼ਾ ਰਹੀ ਹੈ। ਕਾਰਨ ਇਹ ਹੈ ਕਿ ਭਾਸ਼ਾ ਵਿਚ 'ਸ਼ਬਦ' ਦੀ ਸਥਿਤੀ ਬੜੀ ਲਚਕੀਲੀ ਹੈ। ਇਸ ਤੇ ਅਨੇਕਾਂ ਪੱਖ ਹਨ ਜੋ ਇਸ ਸੰਬੰਧੀ ਇਕੋ ਸਮੇਂ ਕਿਸੇ ਇਕ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦੇ। ਵੈਸੇ ਵਿਆਕਰਨਕ ਸੰਰਚਨਾ ਵਿਚ 'ਸ਼ਬਦ' ਇਕ ਮੂਲ ਜਾਂ ਪ੍ਰਮੁੱਖ ਇਕਾਈ ਹੈ ਕਿਉਂਕਿ ਹਰੇਕ ਵਿਆਕਰਨਕ ਇਕਾਈ ਦੀ ਪਛਾਣ ਦਾ ਆਧਾਰ ਸ਼ਬਦ ਇਕਾਈ ਹੀ ਬਣਦੀ ਹੈ। ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ 'ਭਾਵੰਸ਼' ਹੈ ਤੇ ਵੱਡੀ ਤੋਂ ਵੱਡੀ ਇਕਾਈ 'ਵਾਕ' ਹੈ। ਭਾਵੰਸ਼ਾਂ ਦੀ ਕਾਰਜਸ਼ੀਲਤਾ ਸ਼ਬਦ ਦੀ ਪੱਧਰ ਤੇ ਹੈ ਅਤੇ ਸ਼ਬਦਾਂ ਦੀ ਵਾਕੰਸ਼, ਉਪਵਾਕ ਤੇ ਵਾਕ ਪੱਧਰ ਤੇ ਹੈ।

ਬਲੂਮਫੀਲਡ ਨੇ ਸ਼ਬਦ ਨੂੰ 'ਭਾਸ਼ਾ ਦੀ ਵਿਆਕਰਨਕ ਪੱਧਰ ਤੇ ਛੋਟੀ ਤੋਂ ਛੋਟੀ ਸੁਤੰਤਰ ਇਕਾਈ' ਕਹਿ ਕੇ ਪਰਿਭਾਸ਼ਤ ਕੀਤਾ ਹੈ। ਜਾਂ, ਪੜ੍ਹ, ਲਿਖ, ਹੱਸ ਆਦਿ ਇਸ ਦੀਆਂ ਉਦਾਹਰਨਾਂ ਹਨ। ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਸੁਤੰਤਰ ਵਿਆਕਰਨਕ ਇਕਾਈ ਹੈ। 'ਸ਼ਬਦ' ਦੀ ਪ੍ਰਕਿਰਤੀ ਦੇ ਆਧਾਰ ਤੇ ਹੇਠ ਲਿਖੇ ਲੱਛਣ ਇਸ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਵਿਚ ਸਹਾਈ ਹੁੰਦੇ ਹਨ।

1. **ਰਚਨਾਤਮਕ ਰਚਿਤ ਇਕਾਈ** :- ਭਾਸ਼ਾ ਵਿਚ ਸ਼ਬਦ ਇਕ ਰਚਨਾਤਮਕ ਇਕਾਈ ਵੀ ਹੈ ਤੇ ਰਚਿਤ ਇਕਾਈ ਵੀ। ਰਚਨਾਤਮਕ ਇਕਾਈ ਵਜੋਂ 'ਸ਼ਬਦ' ਇਕ ਵਾਕੰਸ਼ ਦੀ ਰਚਨਾ ਕਰਦੇ ਹਨ। ਸੋ ਵਾਕ ਵਿਚ ਕਾਰਜ ਦੇ ਪੱਖ ਤੇ ਸ਼ਬਦ ਵਾਕੰਸ਼ਾਂ ਦੀ ਰਚਨਾ ਕਰਨ ਵਾਲੀ ਰਚਨਾਤਮਕ ਇਕਾਈ ਇਕ ਵੱਡੀ ਇਕਾਈ ਦਾ ਅੰਗ ਹੈ। ਰਚਿਤ ਇਕਾਈ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਆਪਣੇ ਤੋਂ ਛੋਟੀਆਂ ਇਕਾਈਆਂ (ਭਾਵੰਸ਼ਾਂ) ਦੇ ਮੇਲ ਤੋਂ ਬਣਦਾ ਹੈ। ਜਿਵੇਂ 'ਕੁੜੀਆਂ' ਸ਼ਬਦ 'ਕੁੜੀ+ਆਂ' ਦੇ ਮੇਲ ਤੋਂ ਬਣਿਆ ਹੈ। ਇਸ ਤਰ੍ਹਾਂ ਅਣ-ਵਿਆਹੀਆਂ ਸਬ਼ਦ 'ਅਣ+ਵਿਆਹ+ਈ+ਆਂ' ਦੇ ਮੇਲ ਤੋਂ ਬਣਿਆ ਹੈ। ਇਸ ਤਰ੍ਹਾਂ ਸ਼ਬਦ ਇਕ ਅਜਿਹੀ ਸਾਰਥਕ ਇਕਾਈ ਹੈ ਜਿਸ ਦਾ ਨਿਰਮਾਣ ਭਾਵੰਸ਼ਾਂ ਦੇ ਮੇਲ ਤੋਂ ਹੁੰਦਾ ਹੈ ਅਤੇ ਅਗਾਂਹ ਇਕ ਵਾਕ ਵਿਚ ਵਾਕੰਸ਼ਾਂ ਦੀ ਰਚਨਾਤਮਕ ਇਕਾਈ ਬਣਦਾ ਹੈ।

2. **ਛੋਟੀ ਤੋਂ ਛੋਟੀ ਸਾਰਥਕ ਇਕਾਈ** : ਸ਼ਬਦ ਆਪਣੇ ਆਪ ਵਿਚ ਸਾਰਥਕਤਾ ਵਾਲੀ ਦੋਹਰੀ ਇਕਾਈ ਹੈ ਦੋਹਰੀ ਦਾ ਭਾਵ ਹੈ ਕਿ ਸ਼ਬਦ ਕਿਸੇ ਨਾ ਕਿਸੇ ਵਿਆਕਰਨਕ ਅਰਥ ਨੂੰ ਵੀ ਪ੍ਰਗਟ ਕਰਦਾ ਹੈ ਜਿਵੇਂ ਹਰ ਨਾਂਵ ਸ਼ਬਦ ਇਕ ਵਚਨ/ਬਹੁਵਚਨ ਹੁੰਦਾ ਹੈ, ਪੁਲਿੰਗ/ਇਸਤ੍ਰੀ ਲਿੰਗ ਹੁੰਦਾ ਹੈ ਅਤੇ ਨਾਲ ਹੀ ਕਰਤਾ ਜਾਂ ਕਰਮ ਵੀ ਕਈ ਸ਼ਬਦ ਅਜਿਹੇ ਹੁੰਦੇ ਹਨ ਜਿਹੜੇ ਵਸਤੂਗਤ ਜਾਂ ਬਾਹਰਮੁਖੀ ਅਰਥ ਦੇ ਧਾਰਨੀ ਨਹੀਂ ਹੁੰਦੇ। ਉਨ੍ਹਾਂ ਦਾ ਵਿਸ਼ੇਸ਼ ਵਾਕਾਤਮਕ ਕਾਰਜ ਹੁੰਦਾ ਹੈ ਜਿਵੇਂ ਸੰਬੰਧਕ ਤੇ ਯੋਜਕ। ਪਰ ਗਹਿਰੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਹ ਵੀ ਸੰਬੰਧਾਂ ਦੇ ਬੋਧਕ ਹੁੰਦੇ ਹਨ। ਸੋ ਸਪਸ਼ਟ ਹੈ ਕਿ ਸ਼ਬਦ ਵਾਕ ਵਿਚ ਅਰਥਾਂ ਅਤੇ ਸੰਬੰਧਾਂ ਦੇ ਪੱਖੋਂ ਪਛਾਣੇ ਜਾ ਸਕਦੇ ਹਨ।

ਸ਼ਬਦਾਂ ਨੂੰ ਉਨ੍ਹਾਂ ਦੀ ਅੰਦਰੂਨੀ ਬਣਤਰ ਦੇ ਆਧਾਰ ਤੇ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਸ਼ਬਦ ਭਾਵੰਸ਼ਾਂ ਦੇ ਮੇਲ ਤੋਂ ਬਣਦੇ ਹਨ। ਭਾਵੰਸ਼ ਦੋ ਤਰ੍ਹਾਂ ਦੇ ਨਿਰਧਾਰਿਤ ਕੀਤੇ ਗਏ ਹਨ 'ਸੁਤੰਤਰ ਭਾਵੰਸ਼ ਤੇ ਬੱਝਵੇ ਭਾਵੰਸ਼'। ਸੁਤੰਤਰ ਭਾਵੰਸ਼ ਸੁਤੰਤਰ ਅਰਥ ਦੇ ਧਾਰਨੀ ਹੁੰਦੇ ਹਨ ਭਾਵੇਂ ਉਹ ਅਰਥ ਕੋਸ਼ਗਤ ਹੋਵੇ ਤੇ ਭਾਵੇਂ ਵਿਆਕਰਨਕ ਹੋਵੇ। ਜਦੋਂ ਕਿ ਬੱਝਵੇਂ ਭਾਵੰਸ਼ ਕੇਵਲ ਵਿਆਕਰਨਕ ਅਰਥ ਵਾਲੇ ਹੀ ਹੁੰਦੇ ਹਨ। ਸੁਤੰਤਰ ਭਾਵੰਸ਼ ਵਾਕ ਵਿਚ ਇਕੱਲੇ ਵਿਚਰ ਸਕਦੇ ਹਨ। ਸੋ ਕਿਹਾ ਜਾ ਸਕਦਾ ਹੈ ਕਿ ਬਣਤਰ ਪੱਖੋਂ ਸ਼ਬਦ ਇਕ ਸੁਤੰਤਰ ਭਾਵੰਸ਼ ਹੈ ਜੋ ਵਾਕ ਵਿਚ ਸੁਤੰਤਰ ਤੌਰ ਤੇ ਵਿਚਰ ਸਕਦਾ ਹੈ।

**ਸ਼ਬਦਾਂ ਦੇ ਪ੍ਰਕਾਰ** :- ਸ਼ਬਦਾਂ ਦੇ ਵਿਭਿੰਨ ਪ੍ਰਕਾਰ ਵੱਖ-ਵੱਖ ਆਧਾਰਾਂ ਤੇ ਹੇਠ ਲਿਖੇ ਅਨੁਸਾਰ ਹਨ :

**(ੳ) ਵਿਕਾਰੀ ਤੇ ਅਵਿਕਾਰੀ ਸ਼ਬਦ** :- ਮੂਲ ਸ਼ਬਦ ਦੋ ਪ੍ਰਕਾਰ ਦੇ ਹੁੰਦੇ ਹਨ - ਵਿਕਾਰੀ ਤੇ ਅਵਿਕਾਰੀ। ਜਿਹੜੇ ਮੂਲ ਸ਼ਬਦਾਂ ਨਾਲ ਕਿਸੇ ਵਾਕ ਬਣਤਰ ਵਿਚ ਵੱਖ-ਵੱਖ ਵਿਆਕਰਨਕ ਸ਼੍ਰੇਣੀਆਂ (ਲਿੰਗ, ਵਚਨ, ਕਾਲ, ਪੁਰਖ, ਆਸਪੈਕਟ ਆਦਿ) ਦੀ ਸੂਚਨਾ ਲਈ ਵਧੇਤਰ ਦੀ ਵਰਤੋਂ ਕੀਤੀ ਜਾਵੇ ਉਨ੍ਹਾਂ ਨੂੰ ਵਿਕਾਰੀ ਅਤੇ ਜਿਨ੍ਹਾਂ ਵਿਚ ਵਿਕਾਰ ਨਾ ਪੈਦਾ ਹੋਵੇ, ਉਨ੍ਹਾਂ ਨੂੰ ਅਵਿਕਾਰੀ ਸ਼ਬਦ ਕਿਹਾ ਜਾਂਦਾ ਹੈ। ਪੰਜਾਬੀ ਵਿਚ ਨਾਂਵ, ਪੜਨਾਂਵ-ਕਿਰਿਆ ਤੇ ਕਾਲੇ ਵਿਸ਼ੇਸ਼ਣ ਵਰਗਾਂ ਨਾਲ ਸੰਬੰਧਿਤ ਸ਼ਬਦ ਵਿਕਾਰੀ ਸ਼੍ਰੇਣੀ ਦੇ ਹਨ ਅਤੇ ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਲਾਲ ਵਿਸ਼ੇਸ਼ਣ ਵਰਗਾਂ ਨਾਲ ਸੰਬੰਧਿਤ ਅਵਿਕਾਰੀ ਹਨ। ਜਿਵੇਂ :

ਵਿਕਾਰੀ : ਪੜ੍ਹ (ਪੜ੍ਹਦਾ, ਪੜ੍ਹਦੇ, ਪੜ੍ਹਦੀ, ਪੜ੍ਹਦੀਆਂ ਆਦਿ)
ਘਰ (ਘਰੇ, ਘਰੀਂ, ਘਰੋਂ, ਆਦਿ), ਕਾਲਾ (ਕਾਲੇ, ਕਾਲਿਆਂ, ਕਾਲੀ, ਕਾਲੀਆਂ)

ਅਵਿਕਾਰੀ :ਸੁੰਦਰ, ਲਾਲ, ਛੇਤੀ ਆਦਿ।

**(ਅ) ਰੂਪਾਂਤਰਿਤ ਤੇ ਵਿਉਂਤਪਤ ਸ਼ਬਦ** : ਮੂਲ ਸ਼ਬਦ ਅਤੇ ਵਧੇਤਰਾਂ ਦੇ ਮੇਲ ਤੋਂ ਬਣੇ ਸ਼ਬਦਾਂ ਨੂੰ ਵੀ ਦੋ ਵਰਗਾਂ - ਰੂਪਾਂਤਰਿਤ ਤੇ ਵਿਉਂਤਪਤ ਵਿਚ ਰੱਖਿਆ ਜਾਂਦਾ ਹੈ। ਵਿਉਂਤਪਤ ਸ਼ਬਦ ਉਹ ਮੰਨੇ ਜਾਂਦੇ ਹਨ ਜੋ ਮੂਲ ਸ਼ਬਦ ਵਾਂਗ ਆਪਣੇ ਆਪ ਵਿਚ ਕਿਸੇ ਵਿਸ਼ੇਸ਼ ਵਿਆਕਰਨਕ ਵਰਗ ਦੇ ਧਾਰਨੀ ਹੁੰਦੇ ਹਨ। ਇਹ ਵਰਗ ਮੂਲ ਸ਼ਬਦ ਵਾਲਾ ਵੀ ਹੋ ਸਕਦਾ ਹੈ ਅਤੇ ਮੂਲ ਤੋਂ ਵੱਖਰਾ ਵੀ। ਰੂਪਾਂਤਰਿਤ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਦੀ ਬਣਤਰ ਵਿਚ ਮੂਲ ਸ਼ਬਦ ਨਾਲ ਵਿਆਕਰਨਕ ਸ਼੍ਰੇਣੀਆਂ ਦੀ ਸੂਚਨਾ ਹਿਤ ਵਧੇਤਰਾਂ ਦੀ ਵਰਤੋਂ ਕੀਤੀ ਗਈ ਹੁੰਦੀ ਹੈ। ਇਹ ਸ਼ਬਦ ਮੂਲ ਸ਼ਬਦ ਦੇ ਵਿਆਕਰਨਕ ਵਰਗ ਵਾਲੇ ਹੀ ਹੁੰਦੇ ਹਨ। ਪੰਜਾਬੀ ਭਾਸ਼ਾ ਦੀ ਪਹਿਲੀ ਸ਼ਬਦ ਸਿਰਜਣਾ ਵਿਚ ਅਗੇਤਰਾਂ ਦੀ ਵਰਤੋਂ ਵਿਉਂਤਪਤ ਸ਼ਬਦਾਂ ਦੀ ਉਸਾਰੀ ਲਈ ਹੀ ਕੀਤੀ ਜਾਂਦੀ ਹੈ ਪਰ ਪਿਛੇਤਰ ਦੀ ਵਰਤੋਂ ਮੁੱਖ ਤੌਰ 'ਤੇ ਰੂਪਾਂਤਰਿਤ ਸ਼ਬਦ ਸਿਰਜਣ ਲਈ ਕੀਤੀ ਜਾਂਦੀ ਹੈ, ਭਾਵੇਂ ਕੁੱਝ ਕੁ ਪਿਛੇਤਰ ਵੀ ਵਿਉਂਤਪਤ ਸ਼ਬਦ ਸਿਰਜਦੇ ਹਨ ਜਿਵੇਂ - ਘਰ ਤੋਂ ਬੇਘਰਾ, ਘਰੇਲੂ (ਵਿਉਂਤਪਤ ਸ਼ਬਦ) ਪਰ ਘਰੋਂ, ਘਰੀਂ, ਘਰੇ ਆਦਿ ਰੂਪਾਂਤਰਿਤ ਸ਼ਬਦ ਹਨ। ਇਸੇ ਤਰ੍ਹਾਂ ਕਾਲਾ ਤੋਂ ਕਾਲਖ ਵਿਉਂਤਪਤ ਸ਼ਬਦ ਹੈ ਪਰ ਕਾਲੇ, ਕਾਲੀਆਂ, ਕਾਲੀ ਆਦਿ ਰੂਪਾਂਤਰਿਤ ਸ਼ਬਦ ਹਨ।

**(ੲ)ਮੂਲ ਸ਼ਬਦਾਂ ਦੇ ਮੇਲ ਤੋਂ ਬਣੇ ਸ਼ਬਦ** : ਇਸ ਸ਼੍ਰੇਣੀ ਵਿਚ ਮੁੱਖ ਤੌਰ ਤੇ ਸਮਾਸੀ ਸ਼ਬਦ ਤੇ ਦੁਹਰੁਕਤ ਸ਼ਬਦ ਰੱਖੇ ਗਏ ਹਨ।

**ਸਮਾਸੀ ਸ਼ਬਦ** : ਇਕ ਤੋਂ ਵੱਧ ਮੂਲ ਸ਼ਬਦਾਂ ਦੇ ਜੋੜ ਤੋਂ ਬਣਿਆ ਸ਼ਬਦ ਸਮਾਸੀ ਹੁੰਦਾ ਹੈ ਜਿਵੇਂ : ਰਾਜ ਕਵੀ, ਛਾਹ ਵੇਲਾ, ਰਾਮ ਰਾਜ ਆਦਿ।

**ਦੁਹਰੁਕਤ ਸ਼ਬਦ** : ਇਕੋ ਸ਼ਬਦ ਦੇ ਦੁਹਰਾਉ ਜਾਂ ਸਮਾਨਾਰਥੀ/ਵਿਰੋਧਾਰਥੀ ਸ਼ਬਦਾਂ ਦੇ ਮੇਲ ਤੋਂ ਬਣਿਆ ਸ਼ਬਦ ਦੁਹਰੁਕਤ ਅਖਵਾਉਂਦਾ ਹੈ ਜਿਵੇਂ - ਪਿੰਡ-ਪਿੰਡ, ਲਾਲ-ਸੁਰਖ, ਚਾਹ-ਪਾਣੀ, ਦੂਰੋਂ-ਨੇੜਿਓਂ ਆਦਿ।

**(ਸ)ਅਰਥ ਸੰਬੰਧਾਂ ਵਾਲੇ ਸ਼ਬਦ** : ਅਰਥ ਸੰਬੰਧਾਂ ਦੇ ਆਧਾਰ ਉਤੇ ਸ਼ਬਦਾਂ ਦੀਆਂ ਤਿੰਨ ਕਿਸਮਾਂ ਮਿਥੀਆਂ ਜਾਂਦੀਆਂ ਹਨ।

**ਸਮਾਨਾਰਥੀ ਸ਼ਬਦ** : ਇਕੋ ਅਰਥ ਨੂੰ ਪ੍ਰਗਟ ਕਰਨ ਵਾਲੇ ਵੱਖ-ਵੱਖ ਸ਼ਬਦ ਨੂੰ ਸਮਾਨਾਰਥੀ ਸ਼ਬਦ ਕਿਹਾ ਜਾਂਦਾ ਹੈ, ਜਿਵੇਂ ਔਰਤ-ਤੀਵੀਂ, ਜ਼ਨਾਨੀ, ਪਤਨੀ, ਘਰਵਾਲੀ, ਘਰੋਂ, ਬੀਵੀ, ਆਦਿ।

**ਵਿਰੋਧਾਰਥੀ ਸ਼ਬਦ** : ਆਪਸ ਵਿਚ ਅਰਥ ਵਿਰੋਧ ਵਾਲੇ ਸ਼ਬਦ ਵਿਰੋਧਾਰਥੀ ਹੁੰਦੇ ਹਨ ਜਿਵੇਂ ਚੰਗਾ-ਮਾੜਾ, ਉੱਚਾ-ਨੀਵਾਂ, ਕਾਲਾ-ਗੋਰਾ ਆਦਿ।

**(ਹ)ਵਿਆਕਰਨਕ ਵਰਗ ਦੀ ਦ੍ਰਿਸ਼ਟੀ ਤੋਂ ਸ਼ਬਦ ਵੰਡ** : ਹਰ ਸ਼ਬਦ ਦਾ ਸੰਬੰਧ ਕਿਸੇ ਨਾ ਕਿਸੇ ਵਿਆਕਰਨਕ ਵਰਗ ਨਾਲ ਜਰੂਰ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਸ਼ਬਦਾਂ ਦੀਆਂ ਅੱਠ ਵੰਨਗੀਆਂ - ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸੰਬੰਧਕ, ਵਿਸਮਿਕ ਤੇ ਯੋਜਕ ਮੰਨੀਆਂ ਗਈਆਂ ਹਨ।

**(ਕ)ਕੋਸ਼ੀ ਸ਼ਬਦ ਤੇ ਵਿਆਕਰਨਕ ਸ਼ਬਦ** : ਜਿਨ੍ਹਾਂ ਸ਼ਬਦਾਂ ਦੇ ਕੋਸ਼ ਵਿਚੋਂ ਅਰਥ ਲੱਭ ਜਾਣ ਉਨ੍ਹਾਂ ਨੂੰ ਕੋਸ਼ੀ ਸ਼ਬਦ ਕਿਹਾ ਜਾਂਦਾ ਹੈ ਪਰੰਤੂ ਪੰਜਾਬੀ ਭਾਸ਼ਾ ਦੀ ਬਹੁਤ ਸਾਰੀ ਅਜਿਹੀ ਸ਼ਬਦਾਵਲੀ ਹੈ ਜਿਸ ਦਾ ਕੋਸ਼ ਵਿਚ ਅਰਥ ਨਹੀਂ ਹੁੰਦਾ ਪਰੰਤੂ ਵਾਕ ਵਰਤੋਂ ਵਿਚ ਉਹ ਬਹੁਤ ਮਹੱਤਵਪੂਰਨ ਕਾਰਜ ਅਦਾ ਕਰਦੇ ਹਨ। ਉਨ੍ਹਾਂ ਦੇ ਆਪਣੇ ਅਰਥ ਨਹੀਂ ਹੁੰਦੇ ਪਰ ਉਹ ਵਿਆਕਰਨਕ ਸੰਬੰਧਾਂ ਨੂੰ ਉਜਾਗਰ ਕਰਨ ਦਾ ਪ੍ਰਕਾਰਜ ਕਰਦੇ ਹਨ। ਇਸ ਲਈ ਉਨ੍ਹਾਂ ਨੂੰ ਵਿਆਕਰਨਕ ਸ਼ਬਦ ਕਿਹਾ ਜਾਂਦਾ ਹੈ ਜਿਵੇਂ :

ਕੋਸ਼ੀ ਸ਼ਬਦ - ਕਰ, ਲਿਖ, ਮਰ, ਲੈ ਆਦਿ।

ਵਿਆਕਰਨਕ ਸ਼ਬਦ : ਨੇ, ਨੂੰ, ਪਰ, ਅਤੇ ਆਦਿ।

## (ੲ) ''ਭਾਵੰਸ਼''

**ਪਰਿਭਾਸ਼ਾ** :- ਆਮ ਸੌਖੀ ਸ਼ਬਦਾਵਲੀ ਵਿਚ ਭਾਸ਼ਾ ਦੇ ਭਾਵ ਪੂਰਤ ਅੰਸ਼ ਨੂੰ ਭਾਵੰਸ਼ ਕਿਹਾ ਜਾਂਦਾ ਹੈ। ਜੇ ਇਸ ਦਾ ਸੰਧੀ ਛੇਦ ਕੀਤਾ ਜਾਵੇ ਤਾਂ ਵੀ ਭਾਵੰਸ਼ ਦਾ ਅਰਥ ਬਣਦਾ ਹੈ '-ਭਾਵ+ਅੰਸ਼' ਅਰਥਾਤ ਭਾਵੰਸ਼ ਉਸ ਅੰਸ਼/ਇਕਾਈ ਨੂੰ ਕਿਹਾ ਜਾਂਦਾ ਹੈ ਜਿਸ ਦਾ ਭਾਸ਼ਾ ਵਰਤੋਂ ਵਿਚ ਕੋਈ ਨਾ ਕੋਈ ਭਾਵ ਨਿਕਲਦਾ ਹੋਵੇ ਅਰਥਾਤ ਜਿਸ ਦਾ ਕੋਈ ਅਰਥ ਹੋਵੇ। ਭਾਵੰਸ਼ ਦੀ ਪਰਿਭਾਸ਼ਾ ਨਿਸ਼ਚਿਤ ਕਰਨ ਤੋਂ ਪਹਿਲਾਂ ਅਰਥ ਬਾਰੇ ਜਾਣ ਲੈਣਾ ਵੀ ਜ਼ਰੂਰੀ ਹੈ। ਅਰਥ ਦੋ ਪ੍ਰਕਾਰ ਦੇ ਹੁੰਦੇ ਹਨ - ਕੋਸ਼ੀ ਅਰਥ ਤੇ ਵਿਆਕਰਨਕ ਅਰਥ।

**(ੳ)ਕੋਸ਼ੀ ਅਰਥ** :- ਇਸੇ ਕੋਸ਼ ਵਿਚ ਮਿਲਣ ਵਾਲੇ ਸ਼ਬਦਾਂ ਦੇ ਅਰਥ ਨੂੰ ਕੋਸ਼ੀ ਅਰਥ ਕਿਹਾ ਜਾਂਦਾ ਹੈ। ਤਕਰੀਬਨ ਸਾਰੇ ਹੀ ਕੋਸ਼ਗਤ ਸ਼ਬਦਾਂ ਦੇ ਕੋਸ਼ੀ ਅਰਥ ਹੁੰਦੇ ਹਨ : ਜਿਵੇਂ ਕੁੜੀ, ਹਾਥੀ, ਕਿਤਾਬ ਆਦਿ ਸ਼ਬਦ ਕੋਸ਼ਗਤ ਹਨ।

**(ਅ)ਵਿਆਕਰਨਕ ਅਰਥ** :- ਕੋਸ਼ਗਤ ਅਰਥ ਦੇ ਉਲਟ ਹਰ ਸ਼ਬਦ ਦਾ ਵਿਆਕਰਨਕ ਅਰਥ ਵੀ ਹੁੰਦਾ ਹੈ। ਜਿਵੇਂ - 'ਕੁੜੀਆਂ' ਸ਼ਬਦ ਵਿਚ 'ਕੁੜੀ' ਦਾ ਕੋਸ਼ਗਤ ਅਰਥ ਹੈ ਅਤੇ - ਆਂ ਦਾ ਵਿਆਕਰਨਕ ਅਰਥ ਹੈ। ਇਸ ਸ਼ਬਦ ਵਿਚ/-ਆਂ/ਬਹੁ ਵਚਨ ਬੋਧਕ ਹੈ ਸੋ ਇਸ ਦਾ ਵਿਆਕਰਨਕ ਅਰਥ ਬਹੁ ਵਚਨਤਾ ਪ੍ਰਗਟ ਕਰਨਾ ਹੈ। ਇਸ ਤਰ੍ਹਾਂ ਸ਼ਬਦਾਂ ਨਾਲ ਜੁੜਨ ਵਾਲੇ ਅੰਸ਼ ਕਿਸੇ ਨਾ ਕਿਸੇ ਵਿਆਕਰਨਕ ਅਰਥ ਦੇ ਧਾਰਨੀ ਹੁੰਦੇ ਹਨ।

ਇਸ ਲਈ ਭਾਵੰਸ਼ ਕੋਈ ਵੀ ਸਾਰਥਕ ਇਕਾਈ ਹੋ ਸਕਦੀ ਹੈ ਭਾਵੇਂ ਉਹ ਕੋਸ਼ੀ ਸ਼ਬਦ ਹੋਵੇ ਭਾਵੇਂ ਵਿਆਕਰਨਕ ਅਰਥ ਵਾਲਾ ਕੋਈ ਅੰਸ਼ ਹੋਵੇ। ਕਿਹਾ ਜਾ ਸਕਦਾ ਹੈ ਕਿ ਭਾਵੰਸ਼ ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ ਦਾ ਨਾਮ ਹੈ।

**ਭਾਵੰਸ਼ ਦੀ ਪਛਾਣ** :

ਭਾਵੰਸ਼ ਦੀ ਪਛਾਣ ਤੋਂ ਭਾਵ ਹੈ ਕਿ ਭਾਸ਼ਾ ਵਿਚ ਵਰਤੋਂ ਦੇ ਸ਼ਬਦਾਂ ਦੇ ਢੁਕਵੇਂ ਅਰਥਾਂ ਦੇ ਅਨੁਸਾਰ ਇਸ ਤਰ੍ਹਾਂ ਟੁਕੜੇ ਕਰਨਾ ਜਾਂ ਉਨ੍ਹਾਂ ਨੂੰ ਇਕਾਈਆਂ ਵਿਚ ਇਸ ਤਰ੍ਹਾਂ ਤੋੜਨਾ ਕਿ ਉਹ ਟੋਟੇ ਸਾਰਥਕ ਇਕਾਈਆਂ ਦੀ ਸ਼ਕਲ ਵਿਚ ਵੱਖ-ਵੱਖ ਹੋ ਜਾਣ ਅਤੇ ਇਸ ਤੋਂ ਛੋਟੇ ਨ ਹੋ ਸਕਣ। ਭਾਵੰਸ਼ ਦੀ ਪਛਾਣ ਕਰਨ ਦੇ ਕਈ ਆਧਾਰ ਹਨ ਜਾਂ ਇਓਂ ਕਹਿ ਲਵੋ ਕਿ ਕਈ ਵਿਧੀਆਂ ਹਨ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

**(ੳ ਸ਼ਬਦਾਂ ਦੇ ਟੁਕੜਿਆਂ ਦੀ ਗਿਣਤੀ ਅਨੁਸਾਰ** : ਮੂਲ ਸ਼ਬਦਾਂ ਨਾਲ ਜੁੜੇ ਹੋਏ ਅਨੇਕ ਵਧੇਤਰ ਸਾਰਥਕ ਹੁੰਦੇ ਹਨ ਇਸ ਲਈ ਇਹ ਭਾਵੰਸ਼ ਹੁੰਦੇ ਹਨ ਜਿਵੇਂ :

ਮਾਂ - ਇਕੋ ਭਾਵੰਸ਼ 'ਮਾਂ'

ਮਾਵਾਂ ਦੋ ਭਾਵੰਸ਼ - 'ਮਾਂ (ਮੂਲ) - ਵਾਂ' (ਬਹੁ ਵਚਨ ਬੋਧਕ)

ਜਾਂਦੀਆਂ-ਤਿੰਨ ਭਾਵੰਸ਼ - ਜਾਂ (ਮੂਲ)<br>
- ਦੀ (ਇਸਤਰੀ ਲਿੰਗ ਬੋਧਕ)<br>
ਆ (ਬਹੁ ਵਚਨ ਬੋਧਕ)।

ਇਸ ਤਰ੍ਹਾਂ ਸ਼ਬਦਾਂ ਦੇ ਅਰਥ ਅਨੁਸਾਰ ਟੁਕੜੇ ਕਰਨੇ ਪੈਂਦੇ ਹਨ। ਕਈ ਵੇਰ ਟੁਕੜੇ ਕਰਨ ਦੀ ਲੋੜ ਨਹੀਂ

ਪੈਂਦੀ ਕਿਉਂਕਿ ਪੂਰੇ ਸ਼ਬਦ ਹੀ ਭਾਵੰਸ਼ ਹੁੰਦੇ ਹਨ ਜਿਵੇਂ ਆ, ਜਾ, ਖਾ, ਕਾਂ, ਗਾਂ ਆਦਿ। ਸਮਾਸੀ ਸ਼ਬਦਾਂ ਦੇ ਟੁੱਕੜੇ ਆਸਾਨੀ ਨਾਲ ਕੀਤੇ ਜਾ ਸਕਦੇ ਹਨ। ਦੋ ਸ਼ਬਦਾਂ ਵਿਚਕਾਰ ਡੈਸ਼ ਦੀ ਸਹਾਇਤਾ ਨਾਲ ਵੀ ਸ਼ਬਦਾਂ ਦੇ ਟੁੱਕੜੇ ਕੀਤੇ ਜਾ ਸਕਦੇ ਹਨ ਜਿਵੇਂ - ਅੱਜ-ਕੱਲ੍ਹ ; ਹੱਥ-ਪੈਰ, ਆਦਿ। ਕਈ ਸਮਾਸੀ ਸ਼ਬਦਾਂ ਵਿਚ ਵੀ ਅਰਥ ਦਾ ਸਹਾਰਾ ਲੈਣਾ ਪੈਂਦਾ ਹੈ ਜਿਵੇਂ ਪੰਸੇਰੀ, ਦੁਰੰਗਾ ਆਦਿ।

**(ਅ) ਤੁਲਨਾ ਰਾਹੀਂ ਭਾਵੰਸ਼ਾਂ ਦੀ ਪਛਾਣ** : ਦੋ ਜਾਂ ਦੋਂ ਤੋਂ ਵੱਧ ਸ਼ਬਦ ਰੂਪਾਂ ਦੀ ਤੁਲਨਾ ਕਰਕੇ ਭਾਵੰਸ਼ਾਂ ਨੂੰ ਵੱਖ-ਵੱਖ ਵਿਖਾਇਆ ਜਾ ਸਕਦਾ ਹੈ, ਪਰ ਤੁਲਨਾ ਲਈ ਬਹੁਤ ਸਾਰੀ ਸਮਗਰੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿੰਨੀ ਜ਼ਿਆਦਾ ਸਾਮਗਰੀ ਹੋਵੇਗੀ ਉਤਨੇ ਹੀ ਨਤੀਜੇ ਸਹੀ ਹੋਣਗੇ।

**(ੲ)ਅਰਥਾਂ ਰਾਹੀਂ ਭਾਵੰਸ਼ਾਂ ਦੀ ਪਛਾਣ** :- ਭਾਵੰਸ਼ ਨਿੱਕੀ ਤੋਂ ਨਿੱਕੀ ਸਾਰਥਕ ਇਕਾਈ ਦਾ ਨਾਮ ਹੈ ਇਸ ਲਈ ਵੱਖ-ਵੱਖ ਅਰਥ ਦੱਸਣ ਵਾਲਾ ਸ਼ਬਦ ਦਾ ਟੁਕੜਾ ਇਕ ਭਾਵੰਸ਼ ਕਿਹਾ ਜਾਂਦਾ ਹੈ। ਅਰਥ ਦੀ ਸਹਾਇਤਾ ਰਾਹੀਂ ਭਾਵੰਸ਼ ਤੁਲਨਾ ਦੇ ਆਧਾਰ ਤੇ ਹੀ ਨਿਸ਼ਚਿਤ ਕੀਤੇ ਜਾਂਦੇ ਹਨ ਜਿਵੇਂ :

1. ਉਹ ਰੋਂਦਾ, ਮੈਂ ਰੋਂਦਾ, ਤੂੰ ਰੋਂਦਾ
2. ਰੋ, ਰੋਣ
3. ਰੋਂਦੀ : ਉਹ/ਮੈਂ/ਤੂੰ ਰੋਂਦੀ
4. ਰੋਵੇ : ਉਹ/ਤੂੰ ਰੋਵੇ
5. ਰੋਈ : 'ਉਹ/ਮੈਂ/ਤੂੰ ਰੋਈ
6. ਰੋਈਆਂ : ਉਹ/ਅਸਾਂ/ਤੁਸੀਂ ਰੋਈਆਂ

ਉਪਰੋਕਤ ਉਦਾਹਰਨ ਵਿਚ 1, 2 ਅਤੇ 3 ਦੇ ਰੂਪਾਂ ਤੇ ਅਰਥਾਂ ਦੀ ਤੁਲਨਾ ਕਰਨ ਦੇ ਭਾਵੰਸ਼ (ਰੋ) (ਮੂਲ ਧਾਤੂ), (-ਦ), ਇਕ ਵਚਨ, ਪਹਿਲਾ, ਦੂਜਾ, ਤੀਜਾ ਪੁਰਖ, ਵਰਤਮਾਨ ਕਾਲ, (-ਾ) ਪੁਲਿੰਗ, ਅਤੇ (ਈ) ਇਸਤਰੀ ਲਿੰਗ ਵਾਲੇ ਬਣਦੇ ਹਨ। ਉਦਾਹਰਨ ਨੰਬਰ 2 ਅਤੇ 4 ਦੇ ਰੂਪਾਂ ਦਾ ਅਤੇ ਅਰਥਾਂ ਦੀ ਤੁਲਨਾ ਰਾਹੀਂ (-ਵੇ) ਆਗਿਆ ਬੋਧਕ ਪਹਿਲਾ ਅਤੇ ਦੂਜਾ ਪੁਰਖ, ਇਕ ਵਚਨ ਵਾਲਾ ਭਾਵੰਸ਼ ਹੈ। ਉਦਾਹਰਨ ਪੰਜਵੀਂ ਤੋਂ ਚੌਥੀ ਦੀ ਤੁਲਨਾ ਕਰਨ ਉਪਰੰਤ (-ਆ) ਬਹੁਵਚਨ ਇਸਤਰੀ ਲਿੰਗ, ਭੂਤਕਾਲ ਬੋਧਕ (-ਈ) ਭੂਤਕਾਲ, ਇਸਤਰੀ ਲਿੰਗ ਬੋਧਕ ਭਾਵੰਸ਼ ਹਨ।

ਕਈ ਵਾਰੀ ਸ਼ਬਦਾਂ ਵਿਚ ਭਾਵੰਸ਼ ਅਰਥ ਭੇਦ ਪੱਖੋਂ ਸਮਾਨ ਹੁੰਦੇ ਹਨ ਜਿਵੇਂ : ਚਲਦਾ, ਡਰਦਾ, ਚੜ੍ਹਦਾ ਆਦਿ ਸ਼ਬਦਾਂ ਵਿਚ (-ਦਾ) ਵਰਤਮਾਨ ਕਾਲ ਬੋਧਕ, ਪੁਲਿੰਗ, ਇਕ ਵਚਨ ਬੋਧਕ ਭਾਵੰਸ਼ ਹੈ।

ਕਈ ਵਾਰੀ ਸ਼ਬਦਾਂ ਵਿਚ ਭਾਵੰਸ਼ ਰੂਪ ਪੱਖੋਂ ਸਮਾਨ ਹੁੰਦੇ ਹਨ, ਪਰੰਤੂ ਕਾਰਜ ਪੱਖੋਂ ਅਲੱਗ ਅਲੱਗ ਹੁੰਦੇ ਹਨ। ਜਿਵੇਂ ਅੱਠ ਤੋਂ ਅੱਠਵਾਂ, ਮਾਂ ਤੋਂ ਮਾਵਾਂ ਤੇ 'ਜਾ' ਤੋਂ ਜਾਵਾਂ ਸ਼ਬਦ ਵਿਚ (-ਵਾਂ) ਅਜਿਹਾ ਭਾਵੰਸ਼ ਹੈ ਜੋ ਧਨੀਆਤਮਕ ਪੱਖੋਂ ਸਮਾਨ ਹੈ ਪਰ ਉਹ ਕ੍ਰਮਵਾਰ ਵਿਸ਼ੇਸ਼ਣੀ, ਬਹੁ ਵਚਨ ਦਾ ਅਗਿਆਬੋਧਕ ਭਾਵ ਪ੍ਰਗਟ ਕਰਨ ਵਾਲਾ ਭਾਵੰਸ਼ ਹੈ।

**(ਸ) ਸਮਧੁਨੀ ਵਾਲੇ ਭਾਵੰਸ਼ਾਂ ਦੀ ਪਛਾਣ** : ਇਕ ਸਮਾਨ ਧੁਨੀ ਵਾਲੇ ਸ਼ਬਦ-ਰੂਪ ਅਰਥ ਵਿਚ ਫ਼ਰਕ ਦੀ ਅਵਸਥਾ ਅਨੁਸਾਰ ਇਕ ਜਾਂ ਇਕ ਤੋਂ ਵੱਧ ਭਾਵੰਸ਼ ਹੁੰਦੇ ਹਨ, ਪਰ ਜੇ ਇਕ ਸਮਾਨ ਧੁਨੀ ਵਾਲੇ ਰੂਪਾਂ ਦੇ ਅਨੇਕ ਅਰਥ ਸੰਬੰਧਿਤ ਹੋਣ ਤਾਂ ਇਕੋ ਭਾਵੰਸ਼ ਹੋਵੇਗਾ। ਪੰਜਾਬੀ ਭਾਸ਼ਾ ਵਿਚ ਦੋਵੇਂ ਤਰ੍ਹਾਂ ਦੇ ਅਨੇਕਾਂ ਸ਼ਬਦ ਮਿਲ ਜਾਂਦੇ ਹਨ। ਜਿਵੇਂ 'ਤਰ' ਸ਼ਬਦ ਦੇ ਅਰਥ ਖਾਣ ਵਾਲੀ, ਤੈਰਨਾ (ਕ੍ਰਿਆ ਰੂਪ) ਤੇ ਖੁਸ਼ਕ ਤੋਂ ਉਲਟ ਅਰਥਾਤ, ਥਿੰਦਾ (ਵਿਸ਼ੇਸ਼ਣ) ਬਣਦੇ ਹਨ। (ਤਰ) ਸਾਰੇ ਅਰਥਾਂ ਵਿਚ ਇਕੋ ਜਿਹੀ ਧੁਨੀ ਵਾਲਾ ਰੂਪ ਹੈ ਅਤੇ (ਤਰ) ਸ਼ਬਦ ਦੇ ਤਿੰਨ ਅਰਥ ਹੋਣ ਦੇ ਕਾਰਨ 'ਤਰ' ਸ਼ਬਦ ਤਿੰਨ ਭਾਵੰਸ਼ਾਂ ਦਾ ਸੂਚਕ ਹੈ।

'ਮਾਰ' ਅਜਿਹਾ ਸ਼ਬਦ ਹੈ ਜੋ ਕਿਸੇ ਵੇਲੇ ਨਾਂਵ ਤੇ ਕਿਸੇ ਵੇਲੇ ਕ੍ਰਿਆ ਸ਼੍ਰੇਣੀ ਨਾਲ ਸੰਬੰਧਿਤ ਹੈ। ਜਿਵੇਂ 'ਉਸ ਨੂੰ ਮਾਰ ਦਿੱਤਾ' ਵਾਕ ਵਿਚ 'ਮਾਰ' ਸ਼ਬਦ ਕ੍ਰਿਆ ਹੈ ਪਰੰਤੂ 'ਮਾਰ ਸੁਟੂਗਾ' ਵਿਚ 'ਮਾਰ' ਇਕ ਨਾਂਵ ਵਜੋਂ ਆਇਆ

ਹੈ। ਦੋਹਾਂ ਵਾਕਾਂ ਵਿਚ 'ਮਾਰ' ਦਾ ਅਰਥ ਆਪਸ ਵਿਚ ਸੰਬੰਧਿਤ ਹੈ ਕੇਵਲ ਵਿਆਕਰਨਕ ਭੇਦ ਹੈ। ਇਸ ਲਈ (ਮਾਰ) ਇਕੋ ਭਾਵੰਸ਼ ਹੈ। ਇਸੇ ਤਰ੍ਹਾਂ 'ਚੀਰ ਵਿੰਗਾ ਹੈ' ਅਤੇ ਸਬਜ਼ੀ **ਚੀਰ** ਲੈ' ਵਾਕਾਂ ਵਿਚ 'ਚੀਰ' ਇਕੋ ਭਾਵੰਸ਼ ਹੈ। ਭਾਸ਼ਾ ਵਿਗਿਆਨ ਵਿਚ ਇਹ ਨਿਸ਼ਚਿਤ ਕਰਨ ਲਈ ਕਿ ਸ਼ਬਦ ਦਾ ਅਰਥ ਸੰਬੰਧਿਤ ਹੈ ਜਾਂ ਨਹੀਂ ਕੋਈ ਮਾਪਦੰਡ ਨਹੀਂ ਹੈ।

**(ਹ)ਵਿਆਕਰਨਕ ਰੂਪਾਂ ਦਾ ਆਧਾਰ** : – ਜੇ ਇਕੋ ਭਾਵੰਸ਼ ਅਨੇਕ ਵਿਆਕਰਨਕ ਰੂਪਾਂ ਦਾ ਇਕੋ ਸੰਦਰਭ ਵਿਚ ਕੰਮ ਸਾਰਦਾ ਹੋਵੇ ਤਾਂ ਉਹ ਇਕ ਭਾਵੰਸ਼ ਹੋਵੇਗਾ। ਜਿਵੇਂ : 'ਕੀਤਾ' ਸ਼ਬਦ ਵਿਚ (-ਤ) ਭੂਤਕਾਲ, ਇਕ ਵਚਨ, ਪੁਲਿੰਗ, ਕਰਤਾ, ਦਾ ਸੂਚਕ ਹੈ ਇਸ ਲਈ (-ਤਾ) ਇਕ ਭਾਵੰਸ਼ ਹੈ।

**ਭਾਵੰਸਾਂ ਦੀ ਪ੍ਰਕਿਰਤੀ** :– ਭਾਵੰਸ਼ਾਂ ਦੀ ਪਛਾਣ ਤੇ ਪਰਿਭਾਸ਼ਾ ਨਿਰਧਾਰਤ ਕਰ ਲੈਣ, ਉਪਰੰਤ ਭਾਵੰਸ਼ ਦੀ ਪ੍ਰਕਿਰਤੀ ਹੇਠ ਲਿਖੇ ਅਨੁਸਾਰ ਕੀਤੀ ਜਾਦੀ ਹੈ :

1. ਭਾਵੰਸ਼ ਧੁਨੀਆਂ ਦੀ ਲੜੀ ਹੁੰਦੇ ਹਨ। ਅਜਿਹੀਆਂ ਧੁਨੀਆਂ ਮੁੜ ਮੁੜ ਆਉਣ ਵਾਲੇ ਅੰਸ਼ ਹੁੰਦੇ ਹਨ, ਪਰ ਸਾਰੇ ਮੁੜ ਮੁੜ ਆਉਣ ਵਾਲੇ ਅੰਸ਼ ਭਾਵੰਸ਼ ਨਹੀਂ ਹੋ ਸਕਦੇ। ਧੁਨੀਆਂ ਦੇ ਸਮੂਹ ਤਦ ਹੀ ਭਾਵੰਸ਼ ਹੋ ਸਕਦੇ ਹਨ ਜੇ ਉਨ੍ਹਾਂ ਦਾ ਕੁਝ ਅਰਥ ਹੋਵੇ। ਜਿਵੇਂ 'ਅਣ ਵਿਆਹੀਆਂ' ਸ਼ਬਦ ਦੇ ਕਈ ਟੁਕੜੇ ਹੋ ਸਕਦੇ ਹਨ :–

   ਅਣਵਿਆ-ਹੀਆਂ

   ਅ-ਣਵਿਆਹੀਆਂ

   ਅਣਵਿ-ਆਹੀਆਂ

   ਅਣਵਿਆਹੀ-ਆਂ

   ਉਪਰੋਕਤ ਸ਼ਬਦ ਟੁਕੜਿਆਂ ਦਾ ਕੁਝ ਅਰਥ ਨਹੀਂ ਇਸ ਲਈ ਅਜਿਹੇ ਧੁੰਨੀ ਸਮੂਹ ਭਾਵੰਸ਼ ਨਹੀਂ ਮੰਨੇ ਜਾ ਸਕਦੇ। ਅਣ+ਵਿਆਹ+ਈ+ਆਂ ਆਦਿ ਅਰਥ ਪੂਰਨ ਹਨ ਕਿਉਂਕਿ ਇਨ੍ਹਾਂ ਦੇ ਕੁਝ ਨਾ ਕੁਝ (ਕੋਸ਼ ਸੰਬੰਧੀ ਜਾਂ ਵਿਆਕਰਨਕ) ਅਰਥ ਜ਼ਰੂਰ ਨਿਕਲਦੇ ਹਨ।
2. ਭਾਵੰਸ਼ ਇਕ ਜਾਂ ਇਕ ਤੋਂ ਵੱਧ ਅੱਖਰਾਂ (syllable) ਦਾ ਵੀ ਹੋ ਸਕਦਾ ਹੈ :–

   ਪੜ੍ਹਾਂ-ਆਂ 'ਇਕ ਅੱਖਰੀ ਭਾਵੰਸ਼'

   ਪੜ੍ਹਿਆ-ਇਆ 'ਦੋ ਅੱਖਰੀ ਭਾਵੰਸ਼'
3. ਹਰ ਇਕ ਭਾਵੰਸ਼ ਦਾ ਅਰਥ ਪ੍ਰਕਰਣ ਅਨੁਸਾਰ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ 'ਜੀ' ਸ਼ਬਦ ਆਦਰ ਸੂਚਕ ਹੈ, ਪਰ ਜੇ ਕਿਸੇ ਪ੍ਰਕਰਣ, ਵਿਚ ਇਹ ਅਰਥ ਨਾ ਢੁੱਕੇ ਤਾਂ ਭਾਵੰਸ਼ ਨਹੀਂ ਹੋਵੇਗਾ ਜਿਵੇਂ ਮਾਂਜੀ, ਭਾਜੀ ਵਿਚ – 'ਜੀ' ਭਾਵੰਸ਼ ਨਹੀਂ ਪਰ 'ਮਾਂ ਜੀ' ਭਾ ਜੀ ਵਿਚ (ਜੀ) ਭਾਵੰਸ਼ ਹੈ।
4. ਇਹ ਵੀ ਜ਼ਰੂਰੀ ਨਹੀਂ ਕਿ ਭਾਵੰਸ਼ ਵਿਚ ਅਨੇਕ ਧੁਨੀਆਂ ਹੋਣ। ਕਈ ਵਾਰ ਇਕੋ ਧੁਨੀ ਵੀ ਇਕ ਭਾਵੰਸ਼ ਹੁੰਦੀ ਹੈ ਜਿਵੇਂ :– ਕੁੜੀਆਂ ਸ਼ਬਦ ਵਿਚ (–ਆਂ) ਬਹੁਵਚਨ ਵਾਲਾ ਭਾਵੰਸ਼ ਹੈ।
5. 'ਭਾਵੰਸ਼' ਇਕ ਪੂਰਾ ਸ਼ਬਦ ਹੋ ਸਕਦਾ ਹੈ। ਸ਼ਬਦ ਤੋਂ ਭਾਵ ਸ਼ਬਦ ਮੂਲ ਤੋਂ ਹੈ ਜਿਸ ਤੋਂ ਉਸ ਦੀ ਰੂਪਾਵਲੀ ਦੇ ਹੋਰ ਸ਼ਬਦ ਬਣਦੇ ਹੋਣ ਜਿਵੇਂ – ਮੁੰਡਾ, ਕੁੜੀ, ਹਾਥੀ ਆਦਿ।
6. ਕਈ ਭਾਵੰਸ਼ਾਂ ਦੀ ਲੜੀ ਵੱਖ-ਵੱਖ ਅਰਥਾਂ ਵਿਚ ਇਕ ਸਮਾਨ ਧੁਨੀ ਵਾਲੀ ਹੋ ਸਕਦੀ ਹੈ ਜਿਸ ਨੂੰ ਸਮਧੁਨੀ ਭਾਵੰਸ਼ ਕਿਹਾ ਜਾਂਦਾ ਹੈ, ਜਿਵੇਂ : ਮਾਵਾਂ, ਸਕੇਵਾਂ ਤੇ ਅੱਠਵਾਂ ਸ਼ਬਦਾਂ ਵਿਚ–ਵਾਂ ਕ੍ਰਮਵਾਰ ਬਹੁਵਚਨ ਬੋਧਕ, ਨਾਂਵ ਬੋਧਕ ਤੇ ਕਿਰਿਆ ਬੋਧਕ ਭਾਵੰਸ਼ ਹੈ। ਇਸ ਲਈ–ਵਾ ਚਾਰ ਭਾਵੰਸ਼ ਹਨ।
7. ਭਾਵੰਸ਼ ਸ਼ਬਦਾਂ ਦੇ ਅਜਿਹੇ ਸਾਰਥਕ ਅੰਸ਼ ਹਨ ਜਿਨ੍ਹਾਂ ਦੇ ਹੋਰ ਟੁਕੜੇ ਨਹੀਂ ਕੀਤੇ ਜਾ ਸਕਦੇ। ਅਜਿਹੇ ਅੰਸ਼ ਮੁਕਤ ਜਾਂ ਬੰਦ ਦੋਵੇਂ ਤਰ੍ਹਾਂ ਦੇ ਹੋ ਸਕਦੇ ਹਨ।
8. ਕਈ ਵਾਰੀ ਪ੍ਰਤਿਵਟਵੀਂ ਧੁਨੀ ਹੀ ਭਾਵੰਸ਼ ਹੁੰਦੀ ਹੈ। ਜਿਵੇਂ : ਘੋੜਾ/ਘੋੜੇ ਵਿਚ-ਆ ਦੀ ਪ੍ਰਤੀਵਟਵੀਂ ਧੁਨੀ-ਏ ਹੈ।

**ਭਾਵੰਸ਼ਾਂ ਦੇ ਪ੍ਰਕਾਰ** :– ਭਾਵੰਸ਼ਾਂ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਪਛਾਣ ਦੇ ਆਧਾਰ 'ਤੇ ਭਾਵੰਸ਼ਾਂ ਦੇ ਹੇਠਾਂ ਦਿੱਤੇ ਪ੍ਰਕਾਰ ਨਿਸ਼ਚਿਤ ਕੀਤੇ ਜਾਂਦੇ ਹਨ :–

**1. ਸੁਤੰਤਰ ਤੇ ਬੱਝਵੇਂ ਭਾਵੰਸ਼** :– ਜਿਹੜੇ ਭਾਵੰਸ਼ ਦਾ ਕੋਸ਼ ਵਿਚ ਅਰਥ ਮਿਲਦਾ ਹੈ ਉਨ੍ਹਾਂ ਨੂੰ ਸੁਤੰਤਰ ਭਾਵੰਸ਼ ਕਿਹਾ ਜਾਂਦਾ ਹੈ ਕਿਉਂਕਿ ਉਹ ਇਕਲੇ ਵੀ ਵਾਕ ਵਿਚ ਵਰਤੇ ਜਾ ਸਕਦੇ ਹਨ। ਪਰੰਤੂ ਜਿਨ੍ਹਾਂ ਦਾ ਕੋਸ਼ੀ ਅਰਥ ਨਹੀਂ ਸਗੋਂ ਵਿਆਕਰਨਕ ਅਰਥ ਭੀ ਮਿਲਦਾ ਹੋਵੇ ਉਨ੍ਹਾਂ ਨੂੰ ਬੱਝਵੇਂ ਭਾਵੰਸ਼ ਕਿਹਾ ਜਾਂਦਾ ਹੈ। ਬੱਝਵੇਂ ਭਾਵੰਸ਼ਾਂ ਨੂੰ

## ਪੰਜਾਬੀ ਦੇ ਪ੍ਰਮੁੱਖ ਭਾਵੰਸ਼

### 1. ਲਿੰਗ ਵਚਨ ਸੰਬੰਧੀ ਭਾਵੰਸ਼

ਪੰਜਾਬੀ ਦੇ ਸਭ ਤੋਂ ਵਧੇਰੇ ਵਰਤੋਂ ਵਾਲੇ ਰੂਪ-ਗ੍ਰਾਮ ਲਿੰਗ ਵਚਨ ਦੇ ਚਿੰਨ੍ਹ ਹਨ। ਇਹ ਸਦਾ ਪਿਛੇਤਰ ਵਜੋਂ ਵਰਤੇ ਜਾਂਦੇ ਹਨ। ਇਨ੍ਹਾਂ ਦਾ ਸੰਖਿਪਤ ਵਿਵਰਣ ਅੱਗੇ ਦਿੱਤਾ ਜਾਂਦਾ ਹੈ।

ਲਿੰਗ ਵਚਨ ਦੇ ਭਾਵੰਸ਼ ਜਾਂ ਰੂਪ-ਗ੍ਰਾਮ ਨਾਂਵ, ਵਿਸ਼ੇਸ਼ਣ ਤੇ ਕਿਰਿਆ ਦੇ ਕੁਝ ਅੰਸ਼ ਨਾਲ ਲੱਗਦੇ ਹਨ। ਬਹੁਤੀਆਂ ਹਾਲਤਾਂ ਵਿਚ ਲਿੰਗ ਵਚਨ ਦਾ ਰੂਪ ਗ੍ਰਾਮ ਸਾਂਝਾ ਹੁੰਦਾ ਹੈ।

(ਕ) /ਅ (') ਇਕ ਵਚਨ ਪੁਲਿੰਗ ਦਾ ਰੂਪ-ਗ੍ਰਾਮ ਹੈ। ਘੋੜਾ, ਗੋਡਾ, ਸੋਤਾ ਆਦਿ ਨਾਵਾਂ ਨਾਲ ਨਿੱਕਾ, ਵੱਡਾ ਕਾਲਾ ਆਦਿ ਵਿਸ਼ੇਸ਼ਣ ਨਾਲ, ਲਿਖਦਾ, ਜਾਂਦਾ, ਕੀਤਾ ਆਦਿ ਕਿਰਦੰਤਾਂ ਨਾਲ ਇਹੋ ਭਾਵੰਸ਼ ਲੱਗਾ ਹੈ। ਇਹ ਸਾਰੇ ਰੂਪ ਇਕ ਵਚਨ ਪੁਲਿੰਗ ਹਨ।

ਨੋਟ :- ਰੂਪ ਗ੍ਰਾਮ (ਭਾਵੰਸ਼) ਫੁਨੀਮ ਵਾਂਗ ਟੇਢੀਆਂ ਲਕੀਰਾਂ ਵਿਚ ਲਿਖਿਆ ਜਾਂਦਾ ਹੈ ਅਤੇ ਜਿਸ ਪਾਸਿਉਂ ਇਹ ਦੂਜੇ ਭਾਵੰਸ਼ ਨਾਲ ਜੁੜੇ ਉਧਰ ਜੋੜਨੀ ਲਾਈ ਜਾਂਦੀ ਹੈ।

(ਖ) /ਏ ( ੇ ) ਬਹੁ ਵਚਨ ਪੁਲਿੰਗ ਦਾ ਭਾਵੰਸ਼ ਹੈ ਜਿਵੇਂ ਘੋੜੇ, ਸੋਟੇ ਆਦਿ ਨਾਵਾਂ ਵਿਚ ਨਿੱਕੇ, ਵੱਡੇ , ਕਾਲੇ ਵਿਸ਼ੇਸ਼ਣਾਂ ਵਿਚ ਲਿਖਣੇ ਜਾਂਦੇ ਕੀਤੇ ਦਿੱਤੇ ਕਿਰਦੰਤਾਂ ਵਿਚ।

(ਗ) /ਈ ( ੀ ) ਇਕ ਵਚਨ ਇਸਤਰੀ ਲਿੰਗ ਦਾ ਰੂਪ-ਗ੍ਰਾਮ ਹੈ। ਘੋੜੀ, ਗੱਡੀ, ਨਿੱਕੀ, ਵੱਡੀ, ਕਾਲੀ ਅਤੇ ਲਿਖਦੀ, ਜਾਂਦੀ, ਕੀਤੀ ਦਿੱਤੀ ਵਿਚ ਹਰ ਥਾਂ ਇਹ ਇਕ ਵਚਨ ਇਸਤਰੀ ਲਿੰਗ ਦਾ ਬੋਧ ਕਰਾਉਂਦਾ ਹੈ।

(ਘ) ਅ (ਾਂ) ਬਹੁਤ ਇਸਤਰੀ ਲਿੰਗ ਦਾ ਰੂਪ-ਗ੍ਰਾਮ ਹੈ। ਜਿਵੇਂ ਘੋੜੀਆਂ, ਗੱਡੀਆਂ, ਸੋਟੀਆਂ, ਨਿੱਕੀਆਂ, ਵੱਡੀਆਂ, ਕਾਲੀਆਂ, ਲਿਖਦੀਆਂ, ਜਾਂਦੀਆਂ, ਕੀਤੀਆਂ ਆਦਿ।

ਉੱਤੇ ਦਿੱਤੇ ਬਹੁਵਚਨ ਦੇ ਰੂਪ-ਗ੍ਰਾਮਾਂ ਦੀ ਵਰਤੋਂ ਵਿਧੀ ਅੰਤਰ ਨੋਟ ਕੀਤੀ ਜਾਵੇ। ਪੁਲਿੰਗ ਨਾਵਾਂ ਵਿਸ਼ੇਸ਼ਣਾਂ ਆਦਿ ਦਾ ਇਕ ਵਚਨ ਦਾ ਰੂਪ-ਗ੍ਰਾਮ ਲਾਹ ਲਾਹ ਕੇ ਉਸ ਦੀ ਥਾਂ ਬਹੁ ਵਚਨ ਦਾ ਭਾਵੰਸ਼ ਲਾਇਆ ਜਾਂਦਾ ਹੈ ਜਿਵੇਂ ਘੋੜਾ, ਨਿੱਕਾ, ਲਿਖਦਾ ਦਾ ਬਹੁ ਵਚਨ ਬਣਾਉਣ ਲਈ ਇਕ ਵਚਨ ਰੂਪ-ਗ੍ਰਾਮ 'ਅ' (ਾ) ਲਾਹ ਕੇ ਇਸ ਦੀ ਥਾਂ ਬਹੁ ਵਚਨ ਦਾ ਭਾਵੰਸ਼/ਏ ( ੇ ) ਲਾਈਦਾ ਹੈ ਤਾਂ ਘੋੜੇ, ਨਿੱਕੇ, ਲਿਖਦੇ ਰੂਪ ਬਣਦੇ ਹਨ। ਪਰ ਇਸਤਰੀ ਲਿੰਗ ਦੀ ਹਾਲਤ ਵਿਚ ਇਕ ਵਚਨ ਦੇ ਭਾਵੰਸ਼ ਦੇ ਪਿੱਛੇ ਬਹੁ ਵਚਨ ਦਾ ਰੂਪ-ਗ੍ਰਾਮ ਜੋੜ ਦਿੱਤਾ ਜਾਂਦਾ ਹੈ, ਘੋੜੀ, ਨਿੱਕੀ, ਲਿਖਤੀ ਦਾ ਬਹੁ ਵਚਨ ਬਣਾਉਣ ਲਈ, ਇਸ ਦੇ ਰੂਪ ਦੇ ਪਿੱਛੇ/-ਆਂ ਲਾ ਦਿੱਤਾ ਜਾਂਦਾ ਹੈ ਤਾਂ ਘੋੜੀਆਂ, ਨਿੱਕੀਆਂ, ਲਿਖਦੀਆਂ ਬਹੁ ਵਚਨ ਰੂਪ ਬਣ ਜਾਂਦੇ ਹਨ।

### 2. ਸੰਬੰਧਕੀ ਰੂਪਾਂ ਦੇ ਭਾਵੰਸ਼

ਲਿੰਗ ਵਚਨ ਦੇ ਭਾਵੰਸ਼ ਦੇ ਸਾਰੇ ਰੂਪ ਉਪਰੋਕਤ ਵਿਵਰਣ ਵਿਚ ਨਹੀਂ ਆ ਸਕਦੇ। ਅਸਾਂ ਇਕ-ਵਚਨ ਪੁਲਿੰਗ ਦਾ ਭਾਵੰਸ਼ ਜਾਂ ਰੂਪ-ਗ੍ਰਾਮ ਆ ਮੰਨਿਆ ਹੈ। ਪਰ ਘੋੜੇ ਉੱਤੇ ਕਾਠੀ ਪਾਈ ਵਿਚ ਆਇਆ ਸ਼ਬਦ ਘੋੜਾ ਇਕ ਵਚਨ ਪੁਲਿੰਗ ਹੈ ਫਿਰ ਵੀ ਏਥੇ ਰੂਪ-ਗ੍ਰਾਮ ਆ ਨਹੀਂ ਸਗੋ ਏ ਹੈ। ਨੋਟ ਕੀਤਾ ਜਾਵੇ ਕਿ ਨਾਂਵ ਘੋੜੇ ਤੋਂ ਪਿਛੇ ਸੰਬੰਧਕ ਉੱਤੇ ਆਇਆ ਹੈ। ਜਦੋਂ ਸੰਬੰਧਕ ਦੀ ਵਰਤੋਂ ਕੀਤੀ ਜਾਵੇ ਤਾਂ ਪਹਿਲਾਂ ਆਏ ਵਿਸ਼ੇਸ਼ਣ ਤੇ ਨਾਂਵ ਦਾ ਰੂਪ ਕਈਆਂ ਹਾਲਤਾਂ ਵਿਚ ਬਦਲ ਜਾਂਦਾ ਹੈ। ਜਿਵੇਂ ਏਥੇ ਘੋੜਾ ਤੋਂ ਘੋੜੇ ਹੋ ਗਿਆ ਹੈ। ਇਸ ਨੂੰ ਨਾਂਵ ਦਾ ਰੂਪ ਸੰਬੰਧੀ ਰੂਪ ਕਹਿੰਦੇ ਹਨ। ਸੰਬੰਧਕੀ ਰੂਪਾਂ ਦੇ ਰੂਪ-ਗ੍ਰਾਮ ਸਾਧਾਰਣ ਜਾਂ ਸਿੱਧੇ ਰੂਪਾਂ ਨਾਲੋਂ ਵੱਖਰੇ ਹੁੰਦੇ ਹਨ। ਅੱਗੇ ਇਨ੍ਹਾਂ ਰੂਪ ਗ੍ਰਾਮਾਂ ਬਾਰੇ ਵਿਚਾਰ ਕੀਤਾ ਗਿਆ ਹੈ।

(ਕ) ਇਕ ਵਚਨ ਪੁਲਿੰਗ ਸੰਬੰਧਕੀ ਰੂਪ-ਗ੍ਰਾਮ ਏ-(ਏ) ਹੈ : ਜਿਵੇਂ ਕਾਲੇ ਘੋੜੇ ਨੇ ਪਾਣੀ ਪੀਤਾ, ਨਿੱਕੇ ਮੁੰਡੇ ਨੂੰ ਤਾਪ ਚੜ੍ਹ ਗਿਆ ਆਦਿ ਕਾਲੇ ਤੇ ਨਿੱਕੇ ਵਿਸ਼ੇਸ਼ਣਾਂ ਨਾਲ ਅਤੇ ਘੋੜੇ ਤੇ ਮੁੰਡੇ ਨਾਵਾਂ ਨਾਲ ਰੂਪ ਗ੍ਰਾਮ-ਏ ਲੱਗਾ ਹੈ। ਜਦੋਂ ਕਿ ਇਹ ਸਾਰੇ ਵਚਨ ਹਨ। ਪਰ ਪਹਿਲੇ ਵਾਕ ਵਿਚ ਕਾਲੇ ਘੋੜੇ ਤੋਂ ਪਿਛੇ ਸੰਬੰਧਕ ਨੇ ਆਇਆ ਹੈ ਅਤੇ ਨਿੱਕੇ ਮੁੰਡੇ ਪਿਛੋਂ ਸੰਬੰਧਕ ਨੂੰ ਹੈ ਇਸ ਕਾਰਣ ਇਨ੍ਹਾਂ ਵਿਸ਼ੇਸ਼ਣਾਂ, ਨਾਵਾਂ ਦੇ ਰੂਪ ਬਦਲ ਗਏ ਹਨ।

(ਖ) ਬਹੁ ਵਚਨ ਪੁਲਿੰਗ ਦੇ ਸੰਬੰਧਕਾਂ ਦੇ ਰੂਪ ਦਾ ਭਾਵੰਸ਼ ਇਆਂ ਹੈ। ਕਾਲਿਆਂ ਘੋੜਿਆਂ ਨੇ ਪਾਣੀ ਪੀਤਾ,

ਨਿੱਕਿਆਂ ਮੁੰਡਿਆਂ ਨੂੰ ਤਾਪ ਚੜ੍ਹ ਗਿਆ ਵਿਚ ਵਿਸ਼ੇਸ਼ਣਾਂ ਕਾਲਿਆਂ ਨਿੱਕਿਆਂ ਤੋਂ ਨਾਵਾਂ ਘੋੜਿਆਂ ਵਿਚ ਇਹ ਭਾਵੰਸ਼ ਵਰਤਿਆ ਗਿਆ ਹੈ।

(ਗ) ਯਾਦ ਰਹੇ ਇਸਤਰੀ ਲਿੰਗ ਨਾਵਾਂ ਤੇ ਵਿਸ਼ੇਸ਼ਣਾਂ ਦੇ ਸਿੱਧੇ ਰੂਪ ਤੇ ਸੰਬੰਧਕੀ ਦੇ ਰੂਪ-ਗ੍ਰਾਮਾਂ ਵਿਚ ਕੋਈ ਫਰਕ ਨਹੀਂ ਹੁੰਦਾ। 'ਕਾਲੀ ਘੋੜੀ ਨੇ ਪਾਣੀ ਪੀਤਾ, ਕਾਲੀਆਂ ਘੋੜੀਆਂ ਨੇ ਪਾਣੀ ਪੀਤਾ ਵਿਚ ਸੰਬੰਧਕ ਨੇ ਆਇਆ ਹੈ ਪਰ ਨਾਂਵ ਤੇ ਵਿਸ਼ੇਸ਼ਣ ਦਾ ਰੂਪ-ਗ੍ਰਾਮ ਉਹ ਹੀ ਹੈ ਜੋ ਸਿੱਧੇ ਰੂਪ ਵਿਚ ਸੀ।

### 3. ਨਾਵਾਂ ਤੇ ਵਿਸ਼ੇਸ਼ਣਾਂ ਦੀ ਦੂਜੀ ਸ਼੍ਰੇਣੀ ਦੇ ਭਾਵੰਸ਼

ਨਾਵਾਂ ਤੇ ਵਿਸ਼ੇਸ਼ਣਾਂ ਦੀ ਇਕ ਹੋਰ ਸ਼੍ਰੇਣੀ ਹੈ ਜਿਸ ਦੇ ਸਿੱਧੇ ਰੂਪ ਨਾਲ ਲਿੰਗ ਵਚਨ ਦਾ ਕੋਈ ਰੂਪ-ਗ੍ਰਾਮ ਨਹੀਂ ਹੁੰਦਾ। 'ਹੱਥ, ਲੱਤ, ਇੱਟ, ਚੱਕ' ਆਦਿ ਨਾਵਾਂ 'ਲਾਲ, ਨਰਮ, ਘੱਟ, ਵੱਧ' ਵਿਸ਼ੇਸ਼ਣਾਂ ਦੇ ਰੂਪ ਤੋਂ ਪਤਾ ਨਹੀਂ ਲਗਦਾ ਕਿ ਇਹ ਪੁਲਿੰਗ ਹਨ ਜਾਂ ਇਸਤਰੀ ਲਿੰਗ, ਇਕ ਵਚਨ ਹਨ ਜਾਂ ਬਹੁ ਵਚਨ। ਇਸ ਸ਼੍ਰੇਣੀ ਦੇ ਵਿਸ਼ੇਸ਼ਣਾਂ ਦਾ ਰੂਪ ਤਾਂ ਕਿਸੇ ਹਾਲਤ ਵਿਚ ਨਹੀਂ ਬਦਲਦਾ ਭਾਵੇਂ ਨਾਲ ਆਉਣ ਵਾਲੇ ਨਾਂਵ ਦਾ ਲਿੰਗ ਕੋਈ ਹੋਵੇ ਇਨ੍ਹਾਂ ਵਿਸ਼ੇਸ਼ਣਾਂ ਦਾ ਰੂਪ ਇਸ ਤਰ੍ਹਾਂ ਹੀ ਰਹਿੰਦਾ ਹੈ ਲਾਲ ਘੋੜਾ, ਲਾਲ ਘੋੜੀ, ਲਾਲ ਘੋੜੀਆਂ। ਵੇਖੋ ਇਨ੍ਹਾਂ ਉਦਾਹਰਣਾਂ ਵਿਚ ਵਿਸ਼ੇਸ਼ਣ ਲਾਲ ਦਾ ਰੂਪ ਨਹੀਂ ਬਦਲਿਆ।

ਪਰ ਇਸ ਸ਼੍ਰੇਣੀ ਦੇ ਨਾਵਾਂ ਦਾ ਰੂਪ ਕੁਝ ਹਾਲਤਾਂ ਵਿਚ ਬਦਲਦਾ ਹੈ। ਅੱਗੇ ਪੁਲਿੰਗ ਤੇ ਇਸਤਰੀ ਲਿੰਗ ਬਾਰੇ ਵੱਖ-ਵੱਖ ਵਿਚਾਰ ਕੀਤਾ ਗਿਆ ਹੈ।

(ਕ) ਪੁਲਿੰਗ ਨਾਵਾਂ ਦੇ ਇਕ ਵਚਨ ਸਿੱਧੇ ਰੂਪ ਵਿਚ ਫਰਕ ਨਹੀਂ ਪੈਂਦਾ :

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਹੱਥ ਦੁਖਦਾ ਹੈ। | ਹੱਥ ਵਿਚ ਕਿਤਾਬ ਫੜੀ। |
| ਉਹਦਾ ਨੱਕ ਫੀਨ੍ਹਾਂ ਹੈ। | ਨੱਕਾਂ ਵਿਚ ਨੱਥ ਪਾਈ। |
| ਮੱਟ ਟੁਟ ਗਿਆ। | ਮੱਟ ਉੱਤੇ ਢੱਕਣ ਰੱਖ। |

ਇਨ੍ਹਾਂ ਉਦਾਹਰਣਾਂ ਵਿਚ ਨਾਂਵ, ਹੱਥ, ਨੱਕ, ਮੱਟ ਸਾਰੇ ਇਕ ਵਚਨ ਪੁਲਿੰਗ ਹਨ ਅਤੇ ਜਿਵੇਂ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ ਇਨ੍ਹਾਂ ਦੇ ਸਿੱਧੇ ਰੂਪ ਵਿਚ ਕੋਈ ਫਰਕ ਨਹੀਂ।

(ਖ) ਪਰ ਇਸ ਸ਼੍ਰੇਣੀ ਦੇ ਪੁਲਿੰਗ ਨਾਵਾਂ ਦੇ ਸੰਬੰਧਕੀ ਰੂਪ ਦਾ ਭਾਵੰਸ਼ - ਅ (ਂ) ਹੈ ਹੇਠ ਲਿਖੇ ਉਦਾਹਰਣ ਵੇਖੇ ਜਾਣ।

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਹੱਥ ਦੁੱਖਦੇ ਹਨ। | ਹੱਥਾਂ ਵਿਚ ਕਿਤਾਬਾਂ ਫੜੀਆਂ। |
| ਉਨ੍ਹਾਂ ਨੇ ਨੱਕ ਫੀਨ੍ਹੇ ਸਨ। | ਨੱਕਾਂ ਵਿਚ ਨੱਥਾਂ ਪਾਈਆਂ। |
| ਮੱਟ ਟੁੱਟ ਗਏ। | ਮੱਟਾਂ ਉੱਤੇ ਢੱਕਣ ਰੱਖ। |

ਵੇਖਿਆ ਜਾਵੇ ਕਿ ਇਨ੍ਹਾਂ ਉਦਾਹਰਣਾਂ ਵਿਚ ਨਾਂਵ, ਹੱਥ, ਨੱਕ, ਮੱਟ ਬਹੁ-ਵਚਨ ਹਨ ਅਤੇ ਇਨ੍ਹਾਂ ਨਾਵਾਂ ਦਾ ਸਿੱਧਾ ਸਾਦਾ ਰੂਪ ਉਹ ਹੈ ਕਿ ਜਿਹੜਾ ਇਕ ਵਾਚਨ ਵਿਚ ਸੀ। ਪਰ ਸੰਬੰਧਕੀ ਰੂਪ ਇਸੇ ਅਰਥਾਤ ਬਹੁ-ਵਚਨ ਵਿਚ ਹੱਥਾਂ, ਨੱਕਾਂ, ਮੱਟਾਂ ਹੈ ਜੋ ਸਿੱਧੇ ਰੂਪ ਨਾਲ ਰੂਪ-ਗ੍ਰਾਮ ਆਂ (ਂ) ਲਾਇਆ ਬਣਿਆ ਹੈ। ਸੋ-ਆਂ ਇਸ ਸ਼੍ਰੇਣੀ ਦੇ ਨਾਵਾਂ ਦੇ ਬਹੁ-ਵਚਨ ਸੰਬੰਧਕੀ ਰੂਪ ਦਾ ਰੂਪ-ਗ੍ਰਾਮ ਹੈ।

ਇਸਤਰੀ ਲਿੰਗ ਨਾਵਾਂ ਦਾ ਬਹੁ ਵਚਨ ਦਾ ਭਾਵੰਸ਼ ਵੀ 'ਆ' ਹੀ ਆਇਆ ਹੈ ਪਰ ਇਹ ਦੋਵੇਂ ਵੱਖਰੇ ਭਾਵੰਸ਼ ਮੰਨੇ ਜਾਣਗੇ ਜਿਨ੍ਹਾਂ ਦਾ ਰੂਪ ਇਕੋ ਹੈ।

(ਗ) ਇਸ ਸ਼੍ਰੇਣੀ ਦੇ ਇਸਤਰੀ ਲਿੰਗ ਨਾਵਾਂ ਦੇ ਇਕ ਵਚਨ ਦਾ ਸਿੱਧਾ ਰੂਪ ਤੇ ਇਕੋ ਹੀ ਹੈ।

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਮੇਰੀ ਅੱਖ ਦੁਖਦੀ ਹੈ। | ਮੇਰੀ ਅੱਖ ਵਿਚੋਂ ਪਾਣੀ ਵਗਦਾ ਹੈ। |
| ਛੱਤ ਚੋਂਦੀ ਹੈ। | ਛੱਤ ਉੱਤੇ ਪਾਣੀ ਖੜਾ ਹੈ। |

| | |
|---|---|
| ਇੱਟ ਪਿੱਲੀ ਹੈ। | ਇੱਟ ਨੂੰ ਚੂਨਾ ਲੱਗਾ ਹੋਇਆ ਹੈ। |

'ਅੱਖਾਂ, ਛੱਤਾਂ, ਇੱਟਾਂ ਆਦਿ ਬਹੁ ਵਚਨ ਰੂਪ ਅੱਖ, ਛੱਤ, ਇੱਟ ਨਾਲ ਭਾਵੰਸ਼/ਆਂ/ਲਾਇਆਂ ਬਣੇ ਹਨ ਅਤੇ ਸਿੱਧੇ ਰੂਪ ਤੇ ਸੰਬੰਧਕੀ ਰੂਪ ਵਿਚ ਕੋਈ ਫਰਕ ਨਹੀਂ।

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਮੇਰੀਆਂ ਅੱਖਾਂ ਦੁਖਦੀਆਂ ਹਨ। | ਮੇਰੀਆਂ ਅੱਖਾਂ ਵਿਚੋਂ ਪਾਣੀ ਵਗਦਾ ਹੈ। |
| ਛੱਤਾਂ ਚੋਂਦੀਆਂ ਹਨ। | ਛੱਤਾ ਉਤੇ ਪਾਣੀ ਖੜਾ ਹੈ। |
| ਇੱਟਾ ਪਿੱਲੀਆਂ ਹਨ। | ਇੱਟਾਂ ਨੂੰ ਚੂਨਾ ਲੱਗਾ ਹੋਇਆ ਹੈ। |

'ਅੱਖਾਂ, ਛੱਤਾਂ, ਇੱਟਾਂ ਆਦਿ ਬਹੁ ਵਚਨ ਰੂਪ ਅੱਖ, ਛੱਤ, ਇੱਟ ਨਾਲ ਭਾਵੰਸ਼/ਆਂ/ਲਾਇਆਂ ਬਣੇ ਹਨ ਅਤੇ ਸਿੱਧੇ ਰੂਪ ਤੇ ਸੰਬੰਧਕੀ ਰੂਪ ਵਿਚ ਕੋਈ ਫਰਕ ਨਹੀਂ।

ਹੁਣ ਇਸ ਸ਼੍ਰੇਣੀ ਦੇ ਰੂਪ ਦਾ ਪਹਿਲੀ ਸ਼ਣੀ ਦੇ ਇਸਤਰੀ ਲਿੰਗ ਨਾਵਾਂ –''ਘੋੜੀ, ਗੱਡੀ'' ਆਦਿ ਨਾਲ ਟਾਕਰਾ ਕੀਤਾ ਜਾਵੇ। ਪਹਿਲੀ ਸ਼੍ਰੇਣੀ ਦੇ ਨਾਵਾਂ ਦਾ ਬਹੁ ਵਚਨ ਵੀ/-ਆਂ ਲਾਇਆ ਬਣਦਾ ਹੈ; ਅਤੇ ਇਕ ਵਚਨ ਜਾਂ ਬਹੁ ਵਚਨ ਵਿਚ ਸਿੱਧੇ ਰੂਪ ਤੇ ਸੰਬੰਧਕੀ ਰੂਪ ਦਾ ਕੋਈ ਅੰਤਰ ਨਹੀਂ। ਠੀਕ ਇਹੋ ਸਥਿਤੀ ਇਸ ਦੂਜੀ ਸ਼ੇ੍ਣੀ ਦੇ ਨਾਵਾਂ ਦੀ ਹੈ।

ਉਤੇ ਨੰਬਰ 3 ਹੇਠ ਦਿੱਤੀ ਨਾਵਾਂ ਦੀ ਸ਼੍ਰੇਣੀ ਵਿਚ ਅਸਾਂ ਸਿਰਫ ਨਾਂਵ ਲਾਏ ਹਨ : ਜਿਨ੍ਹਾਂ ਦੇ ਅੰਤ ਵਿਚ ਕੋਈ ਵਿਅੰਜਨ ਆਉਂਦਾ ਹੈ, ਜਿਵੇਂ ਹੱਥ, ਕੰਨ, ਅੱਖ, ਇੱਟ ਆਦਿ। ਪਰ ਇਸ ਸ਼੍ਰੇਣੀ ਵਿਚ ਅਜਿਹੇ ਨਾਂਵ ਵੀ ਆਉਂਦੇ ਹਨ ਜਿਨ੍ਹਾਂ ਦੇ ਅੰਤ ਵਿਚ ਕੋਈ ਸੂਰ (ਲਗ) ਆਵੇ ਜਿਵੇਂ :

ਪੁਲਿੰਗ ਨਾਂਵ : ਡੱਡੂ, ਰੋੜੂ, ਖਿਦੋ, ਘਿਉ, ਸੇ (ਸੇਬ), ਹਾਥੀ, ਰਾਹੀ, ਪਾਣੀ ਆਦਿ।

ਇਸਤਰੀ ਲਿੰਗ ਨਾਂਵ : ਗੋ, ਲੋ, ਗਾਂ, ਮਾਲਾ, ਕਥਾ ਆਦਿ।

ਇਨ੍ਹਾਂ ਨਾਵਾਂ ਦੇ ਭਾਵੰਸ਼ ਵੀ ਲਗਭਗ ਨੰਬਰ 3 ਵਿਚ ਆਈ ਦੂਜੀ ਸ਼੍ਰੇਣੀ ਦੇ ਨਾਵਾਂ ਵਾਂਗ ਹਨ ਅਰਥਾਤ ਪੁਲਿੰਗ ਨਾਵਾਂ ਦੇ ਇਕ ਵਚਨ ਵਿਚ ਸਿੱਧੇ ਰੂਪ ਤੇ ਸੰਬੰਧਕੀ ਰੂਪ ਵਿਚ ਕੋਈ ਫਰਕ ਨਹੀਂ।

**ਇਕ ਵਚਨ**

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਡੱਡੂ ਪਾਣੀ ਵਿਚ ਸੀ | ਡੱਡੂ ਨੇ ਟਪੋਸੀ ਮਾਰੀ। |
| ਇਹ ਸੇ ਕੱਚਾ ਹੈ | ਸੇਆਂ ਨੂੰ ਮਿੱਟੀ ਲੱਗੀ ਹੋਈ ਸੀ। |
| ਰਾਹੀਂ ਥੱਕਿਆ ਹੋਇਆ ਸੀ | ਰਾਹੀ ਨੂੰ ਪਾਣੀ ਪਿਆ। |

**ਬਹੁ ਵਚਨ**

| **ਸਿੱਧਾ ਰੂਪ** | **ਸੰਬੰਧਕੀ ਰੂਪ** |
|---|---|
| ਡੱਡੂ ਪਾਣੀ ਵਿਚ ਸਨ। | ਡੱਡੂਆਂ ਨੇ ਰੌਲਾ ਪਾਇਆ। |
| ਇਹ ਸੇਬ ਕੱਚੇ ਹਨ। | ਸੇਆਂ ਨੂੰ ਮਿੱਟੀ ਲੱਗੀ ਹੋਈ ਹੈ। |
| ਰਾਹੀਂ ਥੱਕੇ ਹੋਏ ਸਨ। | ਰਾਹੀਆਂ ਨੂੰ ਪਾਣੀ ਪਿਆ। |

ਉਪਰੋਕਤ ਉਦਾਹਰਣਾਂ ਤੋਂ ਸਪਸ਼ਟ ਹੁੰਦਾ ਹੈ ਕਿ ਸ਼੍ਰੇਣੀ ਦੇ ਨਾਵਾਂ ਦੇ ਇਕ ਵਚਨ-ਸਿੱਧੇ ਰੂਪ ਤੇ ਸੰਬੰਧਕ ਰੂਪ ਵਿਚ ਕੋਈ ਫਰਕ ਨਹੀਂ, ਪਰ ਬਹੁ ਵਚਨ ਦਾ ਸੰਬੰਧਕੀ ਰੂਪ-ਆ-ਲਾ ਕੇ ਬਣਦਾ ਹੈ। ਇੰਝ ਇਨ੍ਹਾਂ ਨਾਵਾਂ ਦੀ ਸਥਿਤੀ ਹੱਥ, ਕੰਨ, ਮੱਟ ਵਾਲੀ ਹੈ ਅਤੇ ਇਹ ਉਸੇ ਸ਼੍ਰੇਣੀ ਦੇ ਨਾਂਵ ਹਨ।

ਇਸਤਰੀ ਲਿੰਗ ਨਾਂਵ, ਗੋ, ਲੋ, ਮਾਂ ਮਾਲਾ ਕਥਾ ਆਦਿ ਦਾ ਉਪਰੋਕਤ ਇਸਤਰੀ ਲਿੰਗ, ਨਾਂਵ, ਅੱਖ, ਇੱਟ ਆਦਿ ਨਾਲੋਂ ਮੁੱਖ ਫਰਕ ਇਹ ਹੈ ਕਿ ਇਨ੍ਹਾਂ ਨਾਵਾਂ ਦਾ ਬਹੁ-ਵਚਨ-ਵਾ-ਲਾਇਆ ਬਣਦਾ ਹੈ – ਗੋਵਾਂ, ਮਾਵਾਂ, ਮਾਲਾਵਾਂ, ਕਥਾਵਾਂ ਆਦਿ। ਇੰਝ ਇਸਤਰੀ ਲਿੰਗ ਨਾਵਾਂ ਦੇ ਵਚਨ ਦੇ ਦੋ ਭਾਵੰਸ਼ ਹਨ। ਆਂ ਤੇ-ਵਾਂ ਇਨ੍ਹਾਂ ਨੂੰ ਇੰਝ ਲਿਖਿਆ ਜਾਂਦਾ ਹੈ : /-ਆਂ/ਵਾਂ/

'ਭਰਾ, ਤਲਾ, ਨਾਂ ਆਦਿ ਪੁਲਿੰਗ ਨਾਵਾਂ ਦਾ ਬਹੁ ਵਚਨ ਦਾ ਭਾਵੰਸ਼ ਵੀ-ਵਾਂ ਹੈ। ਇਨ੍ਹਾਂ ਨਾਵਾਂ ਦਾ ਅੰਤਿਮ-ਅ ਜ਼ਾਂ, ਆਂ, ਘੋੜਾ, ਗੱਡਾ ਆਦਿ ਦੇ ਅੰਤਿਮ-ਆ ਨਾਲੋਂ ਲੰਮੇਰਾ ਹੈ, ਇਸ ਲਈ ਭਰਾ, ਤਲਾ, ਕਾਂ, ਨਾਂ ਆਦਿ ਘੋੜਾ, ਗੱਡਾ ਆਦਿ ਨਾਲੋਂ ਵੱਖਰੀ ਸ਼੍ਰੇਣੀ ਵਿਚ ਆਉਂਦੇ ਹਨ।

## 4. ਕਾਰਕੀ ਭਾਵੰਸ਼

ਸੰਸਕ੍ਰਿਤ ਵਿਚ ਨਾਵਾਂ ਤੇ ਵਿਸ਼ੇਸ਼ਣਾਂ ਨਾਲ ਕਾਰਕੀ ਪਿਛੇਤਰ ਲੱਗਦੇ ਹਨ ਜਿਨ੍ਹਾਂ ਨੂੰ ਵਿਅਕਤੀਆਂ ਕਿਹਾ ਜਾਂਦਾ ਹੈ ਸੀ। ਅਜੋਕੇ ਭਾਸ਼ਾ ਵਿਗਿਆਨ ਵਿਚ ਅਜਿਹੇ ਪਿਛੇਤਰਾਂ ਨੂੰ ਭਾਵੰਸ਼ ਕਹਿੰਦੇ ਹਨ। ਸੰਸਕ੍ਰਿਤ ਵਿਚ ਅਜਿਹੇ ਅੱਠ ਕਾਰਕ ਸਨ, ਜਿਨ੍ਹਾਂ ਲਈ ਵੱਖ-ਵੱਖ ਸ਼੍ਰੇਣੀਆਂ ਦੇ ਨਾਵਾਂ ਨਾਲ ਕਈ ਪ੍ਰਕਾਰ ਦੇ ਰੂਪ ਗ੍ਰਾਮ ਵਰਤੇ ਜਾਂਦੇ ਹਨ। ਹੌਲੀ ਹੌਲੀ ਅਜਿਹੇ ਕਾਰਕੀ ਰੂਪਾਂ ਦੀ ਸੰਖਿਆ ਘਟਦੀ ਗਈ। ਹਿੰਦੀ ਵਿਚ ਇਸ ਪੱਖ ਤੋਂ ਨਾਵਾਂ ਦੇ ਦੋ ਰੂਪ ਬਣਦੇ ਹਨ, ਜਿਨ੍ਹਾਂ ਨੂੰ ਅਸੀਂ ਸਿੱਧੀ ਰੂਪ (ਜਾਂ ਸਾਧਾਰਣ ਰੂਪ) ਅਤੇ ਸੰਬੰਧਕੀ ਰੂਪ ਦਾ ਨਾਮ ਦਿੱਤਾ ਜਾਂਦਾ ਹੈ ਪਰ ਪੰਜਾਬੀ ਵਿਚ ਕੁਝ ਨਾਵਾਂ ਦੇ ਅਜੇ ਕੁਝ ਹੋਰ ਕਾਰਕ ਰੂਪ ਵੀ ਵਰਤੋਂ ਵਿਚ ਹਨ, ਜੋ ਵੱਖ-ਵੱਖ ਰੂਪ ਗ੍ਰਾਮਾਂ ਦੀ ਸਹਾਇਤਾ ਨਾਲ ਬਣਦੇ ਹਨ ਅਜਿਹੇ ਭਾਵੰਸ਼ ਦੇ ਕੁਝ ਉਦਾਹਰਣ ਅੱਗੇ ਦਿੱਤੇ ਗਏ ਹਨ।

(ਕ) ਅਪਾਦਾਨ ਕਾਰਕ ਦਾ ਰੂਪ-ਗ੍ਰਾਮ-ਓਂ-ਹੈ, ਜਿਵੇਂ ਘਰੋਂ ਆਇਆ, ਹੱਥੋਂ ਡਿੱਗੀ ਅੱਖੋਂ ਪਾਣੀ ਵਗਦਾ ਹੈ ਵਿਚ ਨਾਂਵ, ਘਰ, ਹੱਥਾਂ ਆਦਿ ਨਾਵਾਂ-ਓਂ ਲਾਇਆ ਇਹ ਅਪਾਦਾਨੀ ਰੂਪ ਬਣੇ ਹਨ।

(ਖ) ਅਧਿਕਰਨ ਕਾਰਕ ਦਾ ਰੂਪ-/ਈਂ/ਹੈ। ਸ਼ਹਿਰੀ ਵਸਦੇ ਲੋਕ, ਘਰੀ ਬੈਠ, ਕੰਨੀ ਵਾਲੀਆਂ ਆਦਿ ਵਿਚ ਨਾਂਵ ਸ਼ਹਿਰ, ਘਰ ਕੰਨ ਨਾਲ-ਈਂ/ਅਧਿਕਰਨ ਕਾਰਕ ਰੂਪ ਹਨ।

(ਗ) ਅਧਿਕਰਨ ਕਾਰਕ ਦਾ ਹੀ ਇਕ ਹੋਰ ਭਾਵੰਸ਼/ਏ-ਏ ਹੈ। ਰਾਹ ਪੈ ਗਿਆ, ਧੁਪੇ ਬੈਠਾ, ਖਰਾਸੇ ਜੁਤਾ ਆਦਿ ਵਿਚ ਨਾਂਵ ਰਾਹ, ਧੁਪ, ਖਰਾਸ ਨਾਲ ਭਾਵਾਂਸ਼ /ਏ-/ਲਾ ਕੇ ਰੂਪ ਬਣਿਆ ਹੈ।

(ਘ) ਸੰਬੋਧਨ ਦੇ ਭਾਵੰਸ਼ ਲਿੰਗ ਵਚਨ ਦੇ ਆਧਾਰ ਤੇ ਵੱਖ-ਵੱਖ ਹਨ। ਕੁਝ ਉਦਾਹਰਣ ਅੱਗੇ ਦਿੱਤੇ ਗਏ ਹਨ। ਪਹਿਲੀ ਸ਼੍ਰੇਣੀ ਦੇ ਨਾਵਾਂ ਵਿਚ ਇਕ ਵਚਨ ਪੁਲਿੰਗ ਦਾ ਸੰਬੋਧਨੀ ਭਾਵੰਸ਼/-ਇਆ/ ਹੈ। ਜਿਵੇਂ ਮੁੰਡਿਆਂ, ਘੋੜਿਆਂ ਆਦਿ ਵਿਚ।

ਪਹਿਲੀ ਸ਼੍ਰੇਣੀ ਦੇ ਨਾਵਾਂ ਦਾ ਬਹੁ-ਵਚਨ ਪੁਲਿੰਗ ਦਾ ਸੰਬੋਧਨੀ ਭਾਵੰਸ਼ ਆ-ਇਉ/ਹੈ ਮੁੰਡਿਓ, ਘੋੜਿਓ।

ਦੂਜੀ ਸ਼੍ਰੇਣੀ ਦੇ ਪੁਲਿੰਗ ਨਾਵਾਂ ਦਾ ਇਕ ਵਚਨ ਸੰਬੋਧਨੀ ਭਾਵੰਸ਼ ਆ/ਹੈ, ਜਿਵੇਂ ਜਵਾਨਾਂ, ਰੱਬਾ, ਲੁਹਾਰਾ ਆਦਿ ਵਿਚ 'ਜਵਾਨ, ਰੱਬ ਲੁਹਾਰ' ਨਾਲ/-ਆ/ਲਾ ਕੇ ਇਹ ਸੰਬੋਧਨੀ ਰੂਪ ਬਣਿਆ ਹੈ।

ਦੂਜੀ ਸ਼੍ਰੇਣੀ ਦੇ ਪੁਲਿੰਗ ਨਾਵਾਂ ਦਾ ਬਹੁ ਵਚਨ ਭਾਵੰਸ਼ /ਓ/ਹੈ/ਜਵਾਨੋ, ਲੁਹਾਰੋ ਆਦਿ।

ਇਸਤਰੀ ਲਿੰਗ ਨਾਵਾਂ ਦੀਆਂ ਦੋਹਾਂ ਸ਼੍ਰੇਣੀਆਂ ਦੇ ਸੰਬੋਧਨੀ ਭਾਵੰਸ਼ ਸਾਂਝੇ ਹਨ। ਇਕ ਵਚਨ ਲਈ/-ਏ/ਜਿਵੇ ਕੁੜੀਏ ਭੈਣ, (ਮੇਰੀਏ), ਕਿਸਮਤੇ ਆਦਿ ਵਿਚ। ਬਹੁ ਵਚਨ (ਇਸਤਰੀ ਲਿੰਗ) ਦਾ ਸੰਬੋਧਨੀ ਭਾਵਾਂ /ਓ/ਹੈ ਜਿਵੇ 'ਕੁੜਿਓ, ਧੀਉ, ਭੈਣੋਂ, ਆਦਿ ਵਿਚ।

ਨੋਟ - ਯਾਦ ਰਹੇ ਏਥੇ (ਕ), (ਖ), (ਗ), (ਘ) ਦੇ ਅਧੀਨ ਦਿੱਤੇ ਗਏ ਕਾਰਕੀ ਭਾਵੰਸ਼ ਨਾਂਵ ਨਾਲ ਨਹੀਂ ਵਰਤੇ ਜਾਂਦੇ, ਇਹ ਕਿਸੇ ਨਾਂਵ ਨਾਲ ਹੀ ਆਉਂਦੇ ਹਨ।

(ਝ) ਕਰਣ ਕਾਰਕ ਦਾ ਭਾਵੰਸ਼/ਈਂ/ਸਿਰਫ ਕੁਝ ਅਜਿਹੇ ਨਾਵਾਂ ਨਾਲ ਲੱਗਦਾ ਹੈ, ਜਿਹੜੇ ਜੋੜੇ ਵਿਚ ਆਉਂਦੇ ਹਨ। 'ਹੱਥੀ ਕੀਤਾ, ਅੱਖੀਂ ਡਿੱਠਾ, ਕੰਨੀਂ ਸੁਣਿਆ' ਆਦਿ ਵਿਚ ਹੱਥ, ਅੱਖ, ਕੰਨ ਨਾਲ ਈਂ ਲਾ ਕੇ ਇਹ ਕਾਰਣ ਕਾਰਕ ਦਾ ਰੂਪ ਪ੍ਰਾਪਤ ਕੀਤਾ ਗਿਆ ਹੈ।

## 5. ਕਿਰਿਆ ਰੂਪਾਂ ਦੇ ਭਾਵੰਸ਼

ਪੰਜਾਬੀ ਕਿਰਿਆ ਰੂਪ ਤਿੰਨ ਅੰਸ਼ ਤੋਂ ਬਣੇ ਹਨ :

(ਕ) ਕੁਝ ਕਿਰਿਆ ਰੂਪ ਕਿਰਿਆ, ਕਿਰਿਆ ਮੂਲ (verbal root) ਨਾਲ ਸਿਰਜੇ ਜਾਂਦੇ ਹਨ- ਜਿਵੇਂ ਕਰਾਂ, ਕਰੀਏ ਕਰਨ ਆਦਿ।

(ਖ) ਬਹੁਤ ਸਾਰੇ ਕਿਰਿਆ ਰੂਪ ਵਰਤਮਾਨ ਕਿਰਦੰਤ ਦੀ ਸਹਾਇਤਾ ਨਾਲ ਬਣਦੇ ਹਨ ਕਰਦਾ, ਕਰਦਾ ਹੈ,

ਕਰਦੇ ਸੀ, ਕਰਦਾ ਹੁੰਦਾ, ਕਰਦਾ ਰਹਿੰਦਾ, ਆਦਿ।

(ਗ) ਭੂਤ ਕਿਰਦੰਤ ਤੋਂ ਬਣਨ ਵਾਲੇ ਕਿਰਿਆ ਰੂਪਾਂ ਦੀ ਸੰਖਿਆ ਵੀ ਚੋਖੀ ਹੈ : ਕੀਤਾ ਹੈ, ਕੀਤਾ ਸੀ, ਕੀਤਾ ਹੁੰਦਾ, ਕੀਤਾ ਹੋਊ, ਕੀਤਾ ਹੋਵੇ ਆਦਿ।

(ਘ) ਭਵਿਖਤ ਦੇ ਕਿਰਿਆ ਰੂਪ ਕਿਰਿਆ ਮੂਲ ਦੇ ਭੂਤ ਕਿਰਦੰਤ ਤੇ ਸੰਜੋਗ ਨਾਲ ਬਣਦੇ ਹਨ। 'ਕਰੇਗਾ' ਵਿਚ ਪਹਿਲਾ ਹਿੱਸਾ (ਕਰੇ) ਕਿਰਿਆ-ਮੂਲ ਦਾ ਤੀਜੇ ਪੁਰਖ, ਇਕ ਵਚਨ ਵਾਲਾ ਰੂਪ ਹੈ, ਅਤੇ 'ਗ' ਸੰਸਕ੍ਰਿਤ ਦੇ ਭੂਤ ਕਿਰਦੰਤ ਦਾ ਵਿਕਸਤ ਹੋਇਆ ਰੂਪ ਮੰਨਿਆ ਜਾਂਦਾ ਹੈ।

ਅੱਗੇ ਇਨ੍ਹਾਂ ਰੂਪਾਂ ਦੇ ਪ੍ਰਮੁੱਖ ਭਾਵੰਸ਼ਾਂ ਦਾ ਵੇਰਵਾ ਦਿੱਤਾ ਗਿਆ ਹੈ।

(ਕ) ਕਿਰਿਆ ਮੂਲ ਤੋਂ ਬਣਨ ਵਾਲੇ ਰੂਪਾਂ ਨਾਲ ਪੁਰਖਵਾਦੀ ਰੂਪ-ਗ੍ਰਾਮ ਲਗਦੇ ਹਨ, ਇਨ੍ਹਾਂ ਵਿਚ ਲਿੰਗ ਭੇ ਦ ਨਹੀਂ ਹੁੰਦਾ। ਇਹ ਰੂਪ-ਗ੍ਰਾਮ ਹਨ :

ਪਹਿਲੇ ਪੁਰਖ, ਇਕ ਵਚਨ ਲਈ-/ਆਂ/-ਕਰਾਂ, ਲਿਖਾਂ, ਪੜ੍ਹਾਂ।

ਪਹਿਲੇ ਪੁਰਖ ਇਕ ਵਚਨ ਲਈ/-ਏ/-ਕਰੀਏ, ਲਿਖੀਏ, ਪੜ੍ਹੀਏ।

ਦੂਜੇ ਪੁਰਖ ਇਕ ਵਚਨ ਲਈ –/-ਏਂ/ਕਰੇਂ, ਲਿਖੇਂ, ਪੜ੍ਹੇਂ।

ਦੂਜੇ ਪੁਰਖ ਬਹੁ ਵਚਨ ਲਈ -/ਓ/-ਕਰੋ, ਲਿਖੋ, ਪੜ੍ਹੋ।

ਤੀਜੇ ਪੁਰਖ ਇਕ ਵਚਨ ਲਈ-/ਏ/-ਕਰੇ, ਲਿਖੇ ਪੜ੍ਹੇ।

ਤੀਜੇ ਪੁਰਖ ਬਹੁ ਵਚਨ ਲਈ /ਅਨ/ਅਣ/ਕਰਨ ਲਿਖਣ, ਪੜ੍ਹਨ।

(ਖ) ਵਰਤਮਾਨ ਕਿਰਦੰਤ ਦੇ ਭਾਵੰਸ਼ ਨਾਲ ਲਿੰਗ ਵਚਨ ਦੇ ਭਾਵੰਸ਼ ਲਗਦੇ ਹਨ ਜਿਨ੍ਹਾਂ ਦਾ ਵੇਰਵਾ ਪਹਿਲਾਂ ਹੀ ਦਿੱਤਾ ਜਾ ਚੁੱਕਾ ਹੈ। ਇਸ ਤਰ੍ਹਾਂ ਇਹ ਕਿਰਦੰਤ ਦੇ ਰੂਪ- ਕਰਦਾ ਕਰਦੀ, ਕਰਦੇ ਕਰਦੀਆਂ ਕਰਦੇ ਹਨ।

(ਗ) ਭੂਤ ਕਿਰਦੰਤ ਨਾਲ ਵੀ ਉੱਤੇ ਦੱਸੇ ਗਏ ਲਿੰਗ ਵਚਨ ਦੇ ਰੂਪ-ਗ੍ਰਾਮ ਲਗਦੇ ਹਨ। ਮੁਖ ਫਰਕ ਇਕ ਵਚਨ, ਲਿੰਗ ਰੂਪ ਵਿਚ ਹੈ। ਨਾਵਾਂ, ਵਿਸ਼ੇਸ਼ਣਾਂ ਤੇ ਵਰਤਮਾਨ ਕਿਰਦੰਤ ਨਾਲ ਇਕ ਵਚਨ ਪੁਲਿੰਗ ਦਾ ਭਾਵੰਸ਼ ਆ ਲਗਦਾ ਹੈ- ਘੋੜਾ, ਕਾਲਾ ਲਿਖਦਾ ਆਦਿ। ਪਰ ਭੂਤ ਕਿਰਦੰਤ ਵਿਚ ਇਹ ਭਾਵੰਸ਼/ਇਆ ਹੈ - ਲਿਖਿਆ, ਪੜ੍ਹਿਆ, ਵੇਖਿਆ ਆਦਿ।

ਪੰਜਾਬੀ ਵਿਚ ਕੁਝ ਪ੍ਰਾਚੀਨ ਰੂਪਾਂ ਵਾਲੇ ਭੂਤ ਕਿਰਦੰਤ ਵੀ ਅਜੇ ਵਰਤੇ ਜਾ ਰਹੇ ਹਨ, ਜਿਵੇਂ ਕੀਤਾ, ਖਾਧਾ, ਡਿੱਠਾ, ਰਿੱਧਾ ਆਦਿ। ਅਜਿਹੇ ਕਿਰਦੰਤਾਂ ਨਾਲ ਇਕ ਵਚਨ ਪੁਲਿੰਗ ਦਾ ਸਾਧਾਰਣ ਰੂਪ, ਗ੍ਰਾਮ/ਅ/ਹੀ ਲਗਦਾ ਹੈ ਜਿਵੇਂ - ਉਤੇ ਕੀਤਾ, ਖਾਧਾ ਆਦਿ ਤੋਂ ਸਪਸ਼ਟ ਹੈ।

## 6. ਪ੍ਰੇਰਨਾਰਥਕ ਭਾਵੰਸ਼

ਪੰਜਾਬੀ ਦੇ ਹਰ ਸਕਾਰਾਤਮਕ ਕਿਰਿਆ ਦਾ ਪ੍ਰੇਰਨਾਰਥਕ ਰੂਪ ਬਣਦਾ ਹੈ। ਜੇ ਕਿਰਿਆ ਮੂਲ ਦੇ ਅੰਤ ਵਿਚ ਕੋਈ ਵਿਅੰਜਨ ਹੋਵੇ ਤਾਂ ਆ ਲਾ ਕੇ ਪ੍ਰੇਰਨਾਰਥਕ ਰੂਪ ਬਣਦਾ ਹੈ ਜਿਵੇਂ ਕਰ ਤੋਂ ਕਰਾ, ਲਿਖ ਤੋਂ ਲਿਖਾ, ਸੁਣ ਤੋਂ ਸੁਣਾ ਆਦਿ। ਸੋ ਏਥੇ ਪ੍ਰੇਰਨਾ ਬੋਧਕ ਭਾਵੰਸ਼ /-ਆ ਹੈ :

ਕਈਆਂ ਕਿਰਿਆਵਾਂ ਦਾ ਦੋਹਰਾ ਪ੍ਰੇਰਨਾ ਬੋਧਕ ਰੂਪ ਵੀ ਬਣਦਾ ਹੈ ਜਿਵੇਂ ਉਤੇ ਕਈਆਂ ਕਿਰਿਆਵਾਂ ਤੋਂ ਕਰਵਾ, ਲਿਖਵਾ ਆਦਿ। ਸੋ ਇਨ੍ਹਾਂ ਰੂਪਾਂ ਵਿਚ /ਵਾ/ਦੋਹਰੀ ਪ੍ਰੇਰਨਾ ਦਾ ਰੂਪ ਗ੍ਰਾਮ ਹੈ।

ਜੇਕਰ ਕਿਰਿਆ ਮੂਲ ਦੇ ਅੰਤ ਵਿਚ ਕੋਈ ਸੂਰ ਆਵੇ ਤਾਂ ਦੋਹਰੀ ਪ੍ਰੇਰਨਾ ਵਾਲਾ ਰੂਪ/ਆਮ ਤੌਰ ਤੇ ਨਹੀਂ ਬਣਦਾ। ਸਾਧਾਰਣ ਪ੍ਰੇਰਨਾਰਥਕ ਰੂਪ ਲਈ /-ਆ/ਜਾਂ/ਵਾਂ/ਲਾਉਣ ਤੋਂ ਪਹਿਲਾ ਕਿਰਿਆ ਮੂਲ ਦੇ ਰੂਪ ਵਿਚ ਬਦਲੀ ਕਰਨੀ ਪੈਂਦੀ ਹੈ ਜਿਵੇਂ ਪੀ ਤੋਂ ਪਿਆ, ਰੋ ਤੋਂ ਰੁਆ, ਦੇ ਤੋਂ ਦਿਵਾ, ਖਾ ਤੋਂ ਖਵਾ ਆਦਿ।

## 7. ਨਿਖੇਧਾਤਮਕ ਭਾਵੰਸ਼

ਪੰਜਾਬੀ ਦੇ ਨਿਖੇਧਾਤਮਕ ਰੂਪ ਗ੍ਰਾਮ ਵਧੇਰੇ ਅਗੇਤਰੀ ਰੂਪ ਵਾਲੇ ਹਨ ਅਰਥਾਤ ਇਹ ਮੂਲ ਸ਼ਬਦ ਤੋਂ ਪਹਿਲਾਂ ਆ ਕੇ ਉਹਦਾ ਰੂਪ ਨਿਖੇਧਾਤਮਕ (ਨਾਂਹਵਾਚੀ) ਬਣਾਉਂਦੇ ਹਨ : ਇਹ ਰੂਪ-ਗ੍ਰਾਮ ਹਨ :

/ਨ-/ਨਕਾਰਾ, ਨਗੱਲਾ, ਆਦਿ ਵਿਚ।

/ਨਿ-/ਨਿਮਾਣਾ, ਨਿਖੱਟਾ ਆਦਿ ਵਿਚ।

/ਨਿਰ-/ਨਿਰਮੂਲ, ਨਿਰਦੋਸ਼ ਆਦਿ ਵਿਚ।

/ਅ-/ਅਡੋਲ, ਅਸ਼ੁੱਧ, ਅਵੱਲਾ ਆਦਿ ਵਿਚ।

/ਅਣ-/ਅਣਡਿੱਠਾ, ਅਣਗੁੱਧਾ ਆਦਿ ਵਿਚ।

/ਅਨ-/ਅਨਾਦਰ, ਅਨਾਰਥਕ ਆਦਿ ਵਿਚ।

/ਬੇ-/ਬੇਜੋੜ, ਬੇਲਾਗ, ਬੇਹੋਸ਼ ਆਦਿ ਵਿਚ।

ਇਕ ਪਿਛੇਤਰੀ ਨਿਖੇਧਾਤਮਕ ਭਾਵੰਸ਼ 'ਹੀਣ' ਵੀ ਆਮ ਵਰਤਿਆ ਜਾਂਦਾ ਹੈ, ਜਿਵੇਂ ਗੁਣਹੀਣ, ਰਸਹੀਣ, ਕਰਮਹੀਣ ਆਦਿ ਵਿਚ।

## 8. ਇਸਤਰੀ ਲਿੰਗ ਭਾਵੰਸ਼

ਇਸਤਰੀ ਲਿੰਗ ਦੇ ਭਾਵੰਸ਼/ਈ/ਦਾ ਵੇਰਵਾ ਪਿੱਛੇ ਦਿੱਤਾ ਜਾ ਚੁੱਕਾ ਹੈ। ਕੁੜੀ, ਘੋੜੀ, ਰੋਟੀ, ਸੋਟੀ, ਨੇਕੀ, ਬਦੀ, ਖੇਤੀ ਆਦਿ ਵਿਚ /-ਈ/ਰੂਪ ਗ੍ਰਾਮ ਇਸਤਰੀ ਲਿੰਗ ਦਾ ਬੋਧ ਕਰਾਉਂਦਾ ਹੈ।

ਇਸ ਤੋਂ ਇਲਾਵਾ ਇਸਤਰੀ ਲਿੰਗ ਦੇ ਕੁਝ ਹੋਰ ਰੂਪ-ਗ੍ਰਾਮ ਹੇਠਾਂ ਦਿੱਤੇ ਹਨ :

/ਅਣ/ਤੇਲਣ, ਧੋਬਣ, ਮਿਰਾਸਣ ਆਦਿ ਵਿਚ।

/ਣੀ/ਸਿਖਣੀ ਆਦਿ ਵਿਚ।

/-ਆਣੀ/ਖਤਰਾਣੀ, ਪ੍ਰਭਾਣੀ ਆਦਿ ਵਿਚ।

/-ਨੀ/ਸ਼ੇਰਨੀ ਆਦਿ ਵਿਚ।

## 9. ਨਾਂਵ ਬੋਧਕ ਭਾਵੰਸ਼

ਇਸ ਸ਼੍ਰੇਣੀ ਦੇ ਵਧੇਰੇ ਰੂਪ ਗ੍ਰਾਮ ਇਸਤਰੀ ਲਿੰਗ ਵਿਚ ਹਨ :

/-ਆਈ/ਚੜ੍ਹਾਈ, ਪੜ੍ਹਾਈ ਆਦਿ ਵਿਚ।

/ਚੜ੍ਹ/ਪੜ੍ਹ/ਆਦਿ ਕਿਰਿਆਵਾਂ ਤੋਂ।

/ਇਆਈ/ਚੰਗਿਆਈ, ਵਡਿਆਈ, ਬੁਰਿਆਈ ਵਿਚ।

(ਚੰਗਾ ਵੱਡਾ ਬੁਰਾ ਆਦਿ ਵਿਸ਼ੇਸ਼ਣਾਂ ਤੋਂ)।

/-ਅਤ/ਬਚਤ, ਖਪਤ, ਲਿਖਤ ਆਦਿ।

ਅਰਬੀ ਫਾਰਸੀ ਮੂਲ ਦੇ ਨਾਂਵ ਇਜ਼ਤ ਕਿਸਮਤ ਖਿਦਮਤ ਇਜਾਜ਼ਤ ਵੀ ਏਸੇ ਰੂਪ ਵਾਲੇ ਹਨ। ਪਰ ਇਨ੍ਹਾਂ ਵਿਚੋਂ

/ਅਤੇ/ਵਖਰਾ ਨਹੀਂ ਕੀਤਾ ਜਾ ਸਕਦਾ।

/-ਤਾ/ਨਿਰਾਸਤਾ, ਸਮਾਨਤਾ ਆਦਿ ਵਿਚ।

/-ਤੀ/ਗਿਣਤੀ, ਮਿਣਤੀ, ਉਣਤੀ ਆਦਿ ਵਿਚ।

/ਗੀ/ਬੰਦਗੀ, ਗੰਦਗੀ ਆਦਿ ਵਿਚ।

ਕੁਝ ਨਾਂਵ ਬੋਧਕ ਰੂਪ-ਗ੍ਰਾਮ ਪੁਲਿੰਗ ਵਾਲੇ ਹੀ ਹਨ :

/-ਪਾ/ਬੁਢੇਪਾ, ਰੰਡੇਪਾ, ਜਣੇਪਾ ਆਦਿ ਵਿਚ।

/-ਪਣ/ਵਡੱਪਣ, ਭਰੇਪਣ ਆਦਿ ਵਿਚ।

/ਪੁਣਾ/ਮੁੰਡ ਪੁਣਾ/ਲੁਚਾਪਣਾ ਆਦਿ ਵਿਚ।

### ਤੀਜੇ ਪੁਰਖ ਬਹੁਵਚਨ ਦੇ ਭਾਵੰਸ਼ਾਂ ਦਾ ਵੇਰਵਾ ਇੰਝ ਹੈ :

(i) ਜੇ ਕਿਰਿਆ ਦੇ ਅੰਤ ਵਿਚ ਰ ੜ ਲ ਣ/ਹੋਵੇ ਤਾਂ ਅਨ-/ਜਿਵੇਂ ਕਰਨ ਪੜ੍ਹਨ ਮੜ੍ਹਨ ਵਿਚ

(ii) ਜੇ ਕੋਈ ਵਿਅੰਜਨ ਹੋਵੇ ਤਾਂ /ਅਣ/ਲਿਖਣ, ਸੋਧਣ, ਵੇਖਣ।

(iii) ਜੋ ਅੰਤ ਵਿਚ ਕੋਈ ਸ੍ਵਰ ਹੋਵੇ ਤਾਂ /ਣ/ਪੀਣ, ਖਾਣ, ਧੋਣ ਜਾਣ।

(iv)ਪਰ ਕਿਰਿਆ ਮੂਲ 'ਅ' ਨਾਲ /ਉਣ/ਲਾ ਕੇ ਆਉਣ ਬਣਿਆ ਜਾਂਦਾ ਹੈ।

/-ਣ/ਵਾਹਣ, ਗਾਹਣ, ਵਹਿਣ ਆਦਿ ਵਿਚ।

(ਵਾਹ ਗਾਹ ਵਹਿ ਕਿਰਿਆਵਾਂ ਤੋਂ)

/-ਅਣ ਲਾ ਕੇ ਵਧੇਰੇ ਇਸਤਰੀ ਲਿੰਗ ਨਾਂਵ ਬਣਦੇ ਹਨ ਜਿਵੇਂ ਧੜਕਣ ਭਟਕਣ ਆਦਿ। ਪਰ ਕੁਝ ਪੁਲਿੰਗ ਨਾਂਵ ਵੀ ਏਸ ਭਾਵੰਸ਼ ਨਾਲ ਬਣਦੇ ਹਨ ਜਿਵੇਂ ਢੱਕ ਤੋਂ ਢੱਕਣ।

## ਪੰਜਾਬੀ ਸ਼ਬਦਾਂ ਦੀ ਬਣਤਰ

**ਸ਼ਬਦ ਬਣਤਰ** :- ਆਧੁਨਿਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ ਧੁਨੀ-ਵਿਗਿਆਨ, ਰੂਪ-ਵਿਗਿਆਨ, ਵਾਕ ਵਿਗਿਆਨ ਤੇ ਅਰਥ ਵਿਗਿਆਨ ਦੇ ਨਾਲ ਨਾਲ ਇਕ ਹੋਰ ਸ਼ਾਖਾ-ਸ਼ਬਦ ਵਿਗਿਆਨ-ਵੀ ਪ੍ਰਫੁਲਤ ਹੋ ਰਹੀ ਹੈ। ਇਸ ਸ਼ਾਖਾ ਨੂੰ ਸ਼ਬਦਾਂ ਦੀ ਸਾਇੰਸ ਕਿਹਾ ਜਾਂਦਾ ਹੈ। ਇਸ ਵਿਚ ਸ਼ਬਦ ਅਤੇ ਉਸ ਨਾਲ ਸੰਬੰਧਿਤ ਵਿਸ਼ਿਆਂ ਦਾ ਅਧਿਐਨ ਕੀਤਾ ਜਾਂਦਾ ਹੈ। ਸ਼ਬਦ ਬਣਤਰ ਵੀ ਉਨ੍ਹਾਂ ਵਿਚੋਂ ਇਕ ਪ੍ਰਮੁੱਖ ਵਿਸ਼ਾ ਹੈ ਅਤੇ ਇਸ ਵਿਸ਼ੇ ਤੇ ਅੱਜ ਕਲ੍ਹ ਵਿਆਕਰਨਕਾਰਾਂ ਤੇ ਭਾਸ਼ਾ ਵਿਗਿਆਨੀਆਂ ਦਾ ਵਿਸ਼ੇਸ਼ ਧਿਆਨ ਕੇਂਦਰਿਤ ਹੈ। ਇਸ ਵਿਸ਼ੇ ਤੇ ਗੱਲ ਕਰਨ ਵੇਲੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ 'ਸ਼ਬਦ' ਦੀ ਪਰਿਭਾਸ਼ਾ ਵੀ ਨਿਸ਼ਚਿਤ ਕਰ ਲਈ ਜਾਵੇ।

**ਸ਼ਬਦ** :- ਜਦ ਤੋਂ ਮਨੁੱਖ ਭਾਸ਼ਾਈ ਮਸਲਿਆਂ ਵਲ ਰੁਚਿਤ ਹੈ ਤਦ ਤੋਂ ਹੀ ਸ਼ਬਦ ਦਾ ਸੰਕਲਪ ਮੌਜੂਦ ਹੈ। ਹਰ ਬੁਲਾਰਾ ਆਪਣੀ ਭਾਸ਼ਾ ਦੇ ਸ਼ਬਦਾਂ ਦੀ ਪਛਾਣ ਕਰ ਸਕਦਾ ਹੈ। ਇੱਥੋਂ ਤਕ ਕਿ ਜਿਹੜੀਆਂ ਭਾਸ਼ਾਵਾਂ ਅਤੇ ਬੋਲ ਪੱਧਰ ਤੱਕ ਹੀ ਹਨ ਅਰਥਾਤ ਜਿਨ੍ਹਾਂ ਨੂੰ ਲਿਖਤੀ ਰੂਪ ਨਸੀਬ ਨਹੀਂ ਹੋਇਆ, ਉਨ੍ਹਾਂ ਦੇ ਕਿਸੇ ਬੁਲਾਰੇ ਕੋਲੋਂ ਸੁਣ ਕੇ ਉਸ ਭਾਸ਼ਾ ਦੇ ਉਚਾਰ ਲਿਖਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸਬੰਧਿਤ ਬੁਲਾਰਾ ਲਿਖਣ ਵਾਲੇ ਦੀ ਸੁਵਿਧਾ ਲਈ ਠਹਿਰ ਠਹਿਰ ਕੇ ਬੋਲੇਗਾ ਅਤੇ ਠਹਿਰ ਠਹਿਰ ਕੇ ਬੋਲੇ ਬੋਲ ਹੀ ਸ਼ਬਦ ਹੋਣਗੇ। ਕਹਿਣ ਦਾ ਭਾਵ ਹੈ ਕਿ ਹਰ ਵਿਅਕਤੀ ਦੀ 'ਸ਼ਬਦ' ਬਾਰੇ ਜਾਣਕਾਰੀ ਪਛਾਣ ਤੱਕ ਹੀ ਸੀਮਤ ਹੈ। ਭਾਸ਼ਾ ਵਿਗਿਆਨੀਆਂ ਨੇ ਇਸ ਸੰਬੰਧ ਵਿਚ ਕੁਝ ਯਤਨ ਕੀਤੇ ਹਨ ਪਰੰਤੂ ਅਜੇ ਤੱਕ ਸ਼ਬਦ ਦੀ ਕੋਈ ਸਰਬ-ਪ੍ਰਵਾਨਿਤ ਪਰਿਭਾਸ਼ਾ ਨਹੀਂ ਘੜੀ ਗਈ। ਉਨ੍ਹਾਂ ਸਾਰੀਆਂ ਪਰਿਭਾਸ਼ਾਵਾਂ ਨੂੰ ਇੱਥੇ ਵਿਚਾਰਨਾ ਮੁਨਾਸਿਬ ਨਹੀਂ ਸਮਝਿਆ ਗਿਆ। ਉਨ੍ਹਾਂ ਵਿਚਾਰਾਂ ਦਾ ਸਿੱਟਾ ਇਹੀ ਨਿਕਲਦਾ ਹੈ ਕਿ 'ਸ਼ਬਦ' ਦਾ ਸੰਕਲਪ ਬਹੁਤ ਅਸਪਸ਼ਟ ਹੈ। ਸ਼ਬਦ ਨੂੰ ਇਸ ਦੀ ਅੰਦਰੂਨੀ ਬਣਤਰ ਦੇ ਆਧਾਰ ਤੇ ਹੀ ਸਮਝਿਆ ਜਾ ਸਕਦਾ ਹੈ। ਇਸ ਅੰਦਰੂਨੀ ਬਣਤਰ ਦਾ ਅਧਿਐਨ ਭਾਸ਼ਾ ਵਿਗਿਆਨ ਦੀ ਮਹੱਤਵਪੂਰਨ ਸ਼ਾਖਾ ਰੂਪ ਵਿਚ ਵਿਗਿਆਨ ਅਰਥਾਤ ਭਾਵੰਸ਼ ਵਿਉਂਤ ਵਿਚ ਕੀਤਾ ਜਾਂਦਾ ਹੈ। ਇਸ ਸ਼ਾਖਾ ਦੇ ਤਹਿਤ ਇਕ ਸੁਤੰਤਰ ਭਾਵੰਸ਼ ਦੀ ਬਣਤਰ ਇਕ ਸ਼ਬਦ ਦੇ ਬਰਾਬਰ ਹੁੰਦੀ ਹੈ। ਭਾਸ਼ਾ ਵਿਗਿਆਨੀਆਂ ਨੇ ਭਾਵੰਸ਼ ਨੂੰ ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ ਆਖਿਆ ਹੈ ਜੋ ਧੁਨੀਆਂ ਦੇ ਮੇਲ ਤੋਂ ਬਣਦੀ ਹੈ। ਮਿਸਾਲ ਵਜੋਂ- /ਚ,/ਅ,/ਕ- ਸਾਡੇ ਕੋਲ ਤਿੰਨ ਧੁਨੀਆਂ ਹਨ ਜਿਨ੍ਹਾਂ ਦਾ ਆਪਣੇ ਆਪ ਵਿਚ ਕੋਈ ਅਰਥ ਨਹੀਂ ਪਰੰਤੂ ਜਦੋਂ ਇਨ੍ਹਾਂ ਧੁਨੀਆਂ ਨੂੰ ਇਕ ਖਾਸ ਕ੍ਰਮ ਮਿਲਾ ਦਿੱਤਾ ਜਾਂਦਾ ਹੈ ਤਾਂ ਸਾਰਥਕ ਇਕਾਈ ਬਣ ਜਾਂਦੀ ਹੈ ਜਿਸ ਨੂੰ 'ਭਾਵੰਸ਼' ਕਿਹਾ ਜਾਂਦਾ ਹੈ। ਇਸੇ ਨੂੰ ਹੀ ਅਸੀਂ ਸ਼ਬਦ ਵੀ ਆਖਦੇ ਹਾਂ। ਸੋ ਸ਼ਬਦ ਇਕ ਸੁਤੰਤਰ ਭਾਵੰਸ਼ ਦਾ ਹੀ ਦੂਸਰਾ ਨਾਮ ਹੈ।

**ਸ਼ਬਦ ਬਣਤਰ** :- ਉਪਰੋਕਤ ਧਾਰਨਾ ਨੂੰ ਆਧਾਰ ਬਣਾ ਕੇ ਹੀ ਅਸੀਂ ਸ਼ਬਦ ਬਣਤਰ ਦਾ ਅਧਿਐਨ ਠੀਕ ਤਰ੍ਹਾਂ ਕਰ ਸਕਦੇ ਹਾਂ। ਸ਼ਬਦ ਇਕ ਸੁਤੰਤਰ ਭਾਵੰਸ਼ ਹੈ। ਵਾਕ ਵਰਤੋਂ ਵਿਚ ਸ਼ਬਦ ਕੇਵਲ ਸੁਤੰਤਰ ਭਾਵੰਸ਼ ਵਜੋਂ ਹੀ ਨਹੀਂ ਵਰਤੇ ਜਾਂਦੇ ਸਗੋਂ ਇਨ੍ਹਾਂ ਨਾਲ ਹੋਰ ਅੰਸ਼ ਵੀ ਜੁੜ ਜਾਂਦੇ ਹਨ। ਵਾਕ ਵਿਚ ਵਰਤੀਂਦੇ ਸੁਤੰਤਰ ਭਾਵੰਸ਼ ਤੇ ਉਨ੍ਹਾਂ ਨਾਲ ਜੁੜਨ ਵਾਲੇ ਅੰਸ਼ਾਂ ਦਾ ਅਧਿਐਨ ਹੀ ਸ਼ਬਦ ਬਣਤਰ ਅਖਵਾਉਂਦਾ ਹੈ। ਅਰਥਾਤ ਸ਼ਬਦ ਵਾਕ ਵਰਤੋਂ ਵਿਚ ਜੋ ਰੂਪ ਧਾਰਦਾ ਹੈ ਉਸ ਦਾ ਅਧਿਐਨ ਹੀ ਸ਼ਬਦ ਬਣਤਰ ਅਖਵਾਉਂਦਾ ਹੈ। ਭਾਵੰਸ਼ਾਂ ਦੀ ਗਿਣਤੀ ਦੇ ਆਧਾਰ ਤੇ ਹੀ ਸ਼ਬਦਾਂ ਨੂੰ ਦੋ ਵਰਗਾਂ ਵਿਚ ਵੰਡਿਆ ਗਿਆ ਹੈ :-

## ਸ਼ਬਦ ਇਕ ਸੁਤੰਤਰ ਭਾਵੰਸ਼

**ਇਕ-ਭਾਵੰਸ਼ੀ ਸ਼ਬਦ** :- ਜਿਨ੍ਹਾਂ ਭਾਸ਼ਾਈ ਇਕਾਈਆਂ ਦੀ ਬਣਤਰ ਵਿਚ ਇਕੋ ਇਕ ਭਾਵੰਸ਼ ਹੋਵੇ ਤੇ ਉਹ ਸੁਤੰਤਰ ਹੋਂਦ ਰੱਖਦਾ ਹੋਵੇ ਉਨ੍ਹਾਂ ਨੂੰ ਇਕ-ਭਾਵੰਸ਼ੀ ਸ਼ਬਦ ਕਿਹਾ ਜਾਂਦਾ ਹੈ, ਜਿਵੇਂ - ਘਰ, ਚਾਕ, ਲੇਖ, ਧਨ ਆਦਿ।

ਬਹੁ-ਭਾਵੰਸ਼ੀ ਸ਼ਬਦ :- ਉਨ੍ਹਾਂ ਭਾਸ਼ਾਈ ਇਕਾਈਆਂ ਨੂੰ ਜਿਨ੍ਹਾਂ ਦੀ ਬਣਤਰ ਵਿਚ ਇਕ ਤੋਂ ਵਧੇਰੇ ਭਾਵੰਸ਼ ਵਰਤੇ ਜਾਣ ਬਹੁ-ਭਾਵੰਸ਼ੀ ਕਿਹਾ ਜਾਂਦਾ ਹੈ। ਬਹੁ-ਭਾਵੰਸ਼ੀ ਵਿਚ ਇਕ ਸੁਤੰਤਰ ਭਾਵੰਸ਼ ਤਾਂ ਹੁੰਦਾ ਹੈ ਪਰੰਤੂ ਉਸ ਦੇ ਨਾਲ ਹੋਰ ਬੱਝਵੇਂ ਭਾਵੰਸ਼ ਵੀ ਜੁੜੇ ਹੁੰਦੇ ਹਨ (ਬੱਝਵੇਂ ਭਾਵੰਸ਼ ਉਨ੍ਹਾਂ ਭਾਵੰਸ਼ਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਆਪਣੇ ਆਪ ਵਿਚ ਕੋਈ ਕੋਸ਼ੀ ਅਰਥ ਨਹੀਂ ਹੁੰਦਾ ਪਰੰਤੂ ਵਿਆਕਰਨਕ ਅਰਥ ਜ਼ਰੂਰ ਹੁੰਦਾ ਹੈ। ਸੁਤੰਤਰ ਭਾਵੰਸ਼ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਜਿਨ੍ਹਾਂ ਦਾ ਕੋਈ ਨਾ ਕੋਈ ਕੋਸ਼ੀ ਅਰਥ ਜ਼ਰੂਰ ਹੁੰਦਾ ਹੋਵੇ) ਜਿਵੇਂ - ਘਰਾਂ, ਧਨੀ, ਰੇਲ-ਗੱਡੀ, ਕੁੜੀਆਂ, ਚਿੜੀਆਂ ਆਦਿ।

**ਸ਼ਬਦ-ਸੁਤੰਤਰ ਭਾਵੰਸ਼ + ਵਧੇਤਰ**

**ਬਹੁ-ਭਾਵੰਸ਼ੀ ਸ਼ਬਦਾਂ ਦੀ ਬਣਤਰ :-**

ਬਹੁ-ਭਾਵੰਸ਼ੀ ਸ਼ਬਦਾਂ ਦੀ ਬਣਤਰ ਵਿਚ ਦੋ ਤੱਤ ਸ਼ਾਮਲ ਹੁੰਦੇ ਹਨ - ਮੂਲ ਰੂਪ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਅਤੇ ਵਧੇਤਰ।

**ਸ਼ਬਦ-ਮੂਲ ਰੂਪ/ਧਾਤੂ/ਸੁਤੰਤਰ ਭਾਵੰਸ਼ + ਵਧੇਤਰ**

**ਮੂਲ ਰੂਪ ਜਾਂ ਧਾਤੂ ਸੁਤੰਤਰ ਭਾਵੰਸ਼ :-** ਬਹੁ-ਭਾਵੰਸ਼ ਸ਼ਬਦਾਂ ਦੇ ਜਿਸ ਤੱਤ ਉਤੇ ਸ਼ਬਦ ਬਣਤਰ ਦੇ ਨਿਯਮ ਲਾਗੂ ਕੀਤੇ ਜਾਂਦੇ ਹਨ ਉਸ ਨੂੰ ਮੂਲ/ਰੂਪ/ਧਾਤੂ/ਸੁਤੰਤਰ ਭਾਵੰਸ਼ ਕਿਹਾ ਜਾਂਦਾ ਹੈ। ਉਸ ਨੂੰ ਆਧਾਰਾ ਬਣਾ ਕੇ ਹੀ ਸ਼ਬਦ ਰੂਪਾਵਲੀ ਦੇ ਹੋਰ ਸ਼ਬਦ ਬਣਾਏ ਜਾਂਦੇ ਹਨ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਬਦ ਦਾ ਉਹ ਹਿੱਸਾ ਜੋ ਸਾਰੇ ਵਧੇਤਰ ਉਤਾਰਨ ਤੋਂ ਬਾਅਦ ਬਚਦਾ ਹੈ ਨੂੰ ਧਾਤੂ ਜਾਂ ਮੂਲ ਰੂਪ/ਸੁਤੰਤਰ ਭਾਵੰਸ਼ ਕਿਹਾ ਜਾਂਦਾ ਹੈ। ਜਿਵੇਂ ਲਿਖਦਾ, ਲਿਖਿਆ, ਲਿਖੂ, ਲਿਖੇਗਾ, ਲਿਖਦਿਆਂ, ਲਿਖਕੇ/ਵਿਚ 'ਲਿਖ' ਧਾਤੂ ਹੈ। ਇੰਜ ਹੀ/ਹਾਥੀਆਂ, ਹਾਥੀਓ/ਵਿਚ 'ਹਾਥੀ' ਮੂਲ ਰੂਪ ਹੈ। ਪਹਿਲੇ ਸ਼ਬਦਾਂ ਵਿਚ 'ਲਿਖ' ਤੇ ਦੂਜੇ ਸ਼ਬਦਾਂ ਵਿਚ 'ਹਾਥੀ' ਦਾ ਦੁਹਰਾ ਹੈ। ਸੋ ਇਹ ਹੀ ਧਾਤੂ/ਮੂਲ ਰੂਪ ਜਾਂ ਸੁਤੰਤਰ ਭਾਵੰਸ਼ ਹੈ।

**ਵਧੇਤਰ :-** ਧਾਤੂ ਜਾਂ ਮੂਲ ਰੂਪ ਜਾਂ ਸੁਤੰਤਰ ਭਾਵੰਸ਼ ਨਾਲ ਜੁੜ ਕੇ ਸ਼ਬਦ ਬਣਾਉਣ ਵਾਲੇ ਤੱਤਾਂ ਨੂੰ ਵਧੇ ਤਰ ਕਿਹਾ ਜਾਂਦਾ ਹੈ। ਵਧੇਤਰ ਹਮੇਸ਼ਾਂ ਬੱਝਵੇਂ ਹੁੰਦੇ ਹਨ। ਇਸ ਲਈ ਵਾਕ ਵਿਚ ਸੁਤੰਤਰ ਸ਼ਬਦ ਰੂਪ ਵਜੋਂ ਨਹੀਂ ਵਿਚਰ ਸਕਦੇ। ਇਨ੍ਹਾਂ ਨੇ ਕਿਸੇ ਨਾ ਕਿਸੇ ਧਾਤੂ ਜਾਂ ਮੂਲ ਰੂਪ ਨਾਲ ਜੁੜਕੇ ਹੀ ਆਉਣਾ ਹੁੰਦਾ ਹੈ। ਧਾਤੂ ਜਾਂ ਮੂਲ ਰੂਪ ਨਾਲ ਜੁੜਨ ਦੀ ਤਰਤੀਬ ਦੇ ਆਧਾਰ ਤੇ ਵਧੇਤਰ ਦੋਂ ਤਰ੍ਹਾਂ ਦੇ ਹੁੰਦੇ ਹਨ - ਅਗੇਤਰ ਤੇ ਪਿਛੇਤਰ।

ਸ਼ਬਦ ਮੂਲ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਦੇ ਅੱਗੇ ਜੁੜਨ ਵਾਲੇ ਵਧੇਤਰ ਜਾਂ ਬੱਝਵੇਂ ਭਾਵੰਸ਼ ਨੂੰ ਅਗੇਤਰ ਕਿਹਾ ਜਾਂਦਾ ਹੈ। ਜਿਵੇਂ ਉਪਨਾਮ, ਔਗੁਣ, ਕਰੂਪ ਆਦਿ ਸ਼ਬਦਾਂ ਵਿਚ ਉਪ-, ਔ-, ਕ-ਆਦਿ ਅਗੇਤਰ ਜਾਂ ਬੱਝਵੇ ਭਾਵੰਸ਼ ਹਨ।

ਸ਼ਬਦ ਮੂਲ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਦੇ ਪਿੱਛੇ ਜੁੜਣ ਵਲੇ ਵਧੇਤਰਾਂ ਜਾਂ ਬੱਝਵੇਂ ਭਾਵੰਸ਼ ਨੂੰ ਪਿਛੇਤਰ ਕਿਹਾ ਜਾਂਦਾ ਹੈ। ਜਿਵੇਂ - ਸਚਾਈ, ਵਧੀਕੀ, ਗਰੀਬੀ ਆਦਿ ਸ਼ਬਦਾਂ ਵਿਚ -ਆਈ, ਈਕੀ, - ਈ ਪਿਛੇਤਰ ਵਰਤੇ ਗਏ ਹਨ। ਕਾਰਜ ਦੇ ਆਧਾਰ ਤੇ ਵਧੇਤਰਾਂ ਨੂੰ ਰੂਪਾਂਤਰੀ ਅਤੇ ਵਿਉਂਤਪਤ ਵਧੇਤਰ ਵਿਚ ਵੰਡਿਆ ਜਾਂਦਾ ਹੈ।

**ਵਿਉਂਤਪਤ ਵਧੇਤਰ** : ਵਿਉਂਤਪਤ ਵਧੇਤਰ ਅਗੇਤਰ ਵੀ ਹੁੰਦੇ ਹਨ ਤੇ ਪਿਛੇਤਰ ਵੀ ਹਨ। ਇਨ੍ਹਾਂ ਦੇ ਮੂਲ ਰੂਪ ਜਾਂ ਧਾਤੂ ਨਾਲ ਜਾਂ ਕਿਸੇ ਸ਼ਬਦ ਰੂਪ ਨਾਲ ਜੁੜਨ ਦੇ ਸਿੱਟੇ ਵਜੋਂ ਨਵੇਂ ਸ਼ਬਦਾਂ ਦੀ ਵਿਉਂਤਪਤੀ ਹੁੰਦੀ ਹੈ। ਵਿਉਂਤਪਤ ਅਗੇਤਰ ਮੂਲ ਰੂਪ ਜਾਂ ਧਾਤੂ ਦੇ ਅਰਥਾਂ ਨੂੰ ਸੀਮਤ ਕਰਦੇ ਹਨ। ਵਿਉਂਤਪਤ ਪਿਛੇਤਰ ਵਿਸ਼ੇਸ਼ ਭਾਸ਼ਾਈ ਰੂਪ ਦੀ ਸ਼ਬਦ ਸ਼੍ਰੇਣੀ ਨੂੰ ਨਿਰਧਾਤਰ ਕਰਦੇ ਹਨ। ਹੋਂਦ ਵਿਚ ਆਏ ਅਜਿਹੇ ਨਵੇਂ ਸ਼ਬਦ ਵਾਕ ਵਿਚਲੇ ਦੂਜੇ ਸ਼ਬਦਾਂ ਦੀ ਬਣਤਰ ਉਤੇ ਉਸ ਤਰ੍ਹਾਂ ਦਾ ਅਸਰ ਨਹੀਂ ਪਾਉਂਦੇ ਜਿਹੋ ਜਿਹਾ ਰੂਪਾਂਤਰੀ ਪਿਛੇਤਰਾਂ ਵਾਲੇ ਸ਼ਬਦ ਪਾਉਂਦੇ ਹਨ। ਉਦਾਹਰਨ ਵਜੋਂ 'ਤੇਲ' (ਨਾਂਵ) ਸ਼ਬਦ ਨਾਲ-ਈ ਵਿਉਂਤਪਤ ਪਿਛੇਤਰ ਦੇ ਜੁੜਨ ਨਾਲ 'ਤੇਲੀ' (ਨਾਂਵ) ਸ਼ਬਦ ਦੀ ਸਿਰਜਨਾ ਹੁੰਦੀ ਹੈ। ਵਾਕ ਵਿਚ 'ਤੇਲੀ' (ਨਾਂਵ) ਦਾ ਵਿਆਕਰਨਕ ਕਾਰਜ ਅਤੇ ਸਥਾਨ ਪਹਿਲੇ ਸ਼ਬਦ 'ਤੇਲ' (ਨਾਂਵ) ਵਾਲਾ ਹੀ ਰਹਿੰਦਾ ਹੈ। ਵਿਉਂਤਪਤ ਵਧੇਤਰਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ :

(i) ਸ਼੍ਰੇਣੀ ਰਖਿਅਕ

(ii) ਸ੍ਰੇਣੀ ਬਦਲੂ

**(i) ਸ੍ਰੇਣੀ ਰਖਿਅਕ** :– ਉਨ੍ਹਾਂ ਵਿਉਂਤਪਤ ਵਧੇਤਰਾਂ ਨੂੰ ਸ੍ਰੇਣੀ ਰਖਿਅਕ ਕਿਹਾ ਜਾਂਦਾ ਹੈ ਜਿਹੜੇ ਮੂਲ ਰੂਪ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਨਾਲ ਜੁੜ ਕੇ ਉਸੇ ਹੀ ਸ੍ਰੇਣੀ ਦਾ ਨਵਾਂ ਸ਼ਬਦ ਸਿਰਜਦੇ ਹਨ : ਜਿਵੇਂ 'ਤੇਲ' ਮੂਲ ਰੂਪ ਵਿਚ ਸੁਤੰਤਰ ਭਾਵੰਸ਼ ਹੈ ਜੋ ਨਾਂਵ ਸ੍ਰੇਣੀ ਨਾਲ ਸੰਬੰਧਤ ਹੈ ਇਸ ਨਾਲ – ਈ ਵਿਉਂਤਪਤ ਪਿਛੇਤਰ ਜੋੜ ਕੇ ਨਵਾਂ ਸ਼ਬਦ 'ਤੇਲੀ' ਬਣਦਾ ਹੈ ਉਹ ਵੀ ਨਾਂਵ ਸ੍ਰੇਣੀ ਦਾ ਹੀ ਹੈ। ਸੋ /-ਈ/ਵਿਉਂਪਤਪਤ ਪਿਛੇਤਰ ਸ੍ਰੇਣੀ ਰਖਿਅਕ ਹੈ।

**(ii)ਸ੍ਰੇਣੀ ਬਦਲੂ** :– ਉਨ੍ਹਾਂ ਵਿਉਂਤਪਤ ਵਧੇਤਰਾਂ ਨੂੰ ਸ੍ਰੇਣੀ ਬਦਲੂ ਕਿਹਾ ਜਾਂਦਾ ਹੈ ਜਿਹੜੇ ਮੂਲ ਰੂਪ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਨਾਲ ਜੁੜ ਕੇ ਉਸ ਸ੍ਰੇਣੀ ਦਾ ਸ਼ਬਦ ਨਹੀਂ ਬਣਾਉਂਦੇ ਹਨ ਜਾਂ ਇਉਂ ਕਹਿ ਲਓ ਕਿ ਉਹ ਮੂਲ ਰੂਪ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਦੀ ਮੂਲ ਸ੍ਰੇਣੀ ਬਦਲ ਦਿੰਦੇ ਹਨ : ਜਿਵੇਂ – 'ਲਿਖ' ਇਕ ਸੁਤੰਤਰ ਭਾਵੰਸ਼ ਹੈ ਜੋ ਸ਼ਬਦ ਦੇ ਤੌਰ ਤੇ ਵੀ ਵਰਤਿਆ ਜਾਂਦਾ ਹੈ। ਇਹ ਕਿਰਿਆ ਸ੍ਰੇਣੀ ਨਾਲ ਸੰਬੰਧਕ ਹੈ। ਇਸ ਨਾਲ /-ਆਰੀ/ਵਿਉਂਤਪਤ ਪਿਛੇਤਰ ਜੋੜ ਕੇ ਨਵਾਂ ਸ਼ਬਦ 'ਲਿਖਾਰੀ' ਬਣਦਾ ਹੈ ਜੋ ਕਿਰਿਆ ਸ੍ਰੇਣੀ ਦਾ ਨਹੀਂ। ਸੋ /-ਆਰੀ/ਵਿਉਂਤਪਤ ਪਿਛੇਤਰ ਸ੍ਰੇਣੀ ਬਦਲੂ ਹੈ।

**ਵਿਉਂਤਪਤ ਅਗੇਤਰ** :– ਪੰਜਾਬੀ ਸ਼ਬਦ ਬਣਤਰ ਵਿਚ ਵਰਤੇ ਜਾਣ ਵਾਲੇ ਸਾਰੇ ਦੇ ਸਾਰੇ ਅਗੇਤਰ ਵਿਉਂਤਪਤ ਅਗੇਤਰ ਹਨ। ਪੰਜਾਬੀ ਸ਼ਬਦਾਂ ਦੀ ਬਣਤਰ ਵਿਚ ਇਕ ਸ਼ਬਦ ਵਿਚ ਮੂਲ ਰੂਪ ਜਾਂ ਧਾਤੂ ਜਾਂ ਸੁਤੰਤਰ ਭਾਵੰਸ਼ ਦੇ ਆਰੰਭ ਵਿਚ ਇਕ ਅਗੇਤਰ ਹੀ ਲਗ ਸਕਦਾ ਹੈ। ਇਹ ਸ੍ਰੇਣੀ ਰਖਿਅਕ ਵੀ ਹਨ ਤੇ ਸ੍ਰੇਣੀ ਬਦਲੂ ਵੀ। ਪੰਜਾਬੀ ਭ਼ਾਸਾ ਵਿਚ /ਅ-, ਅਨ, -ਅਣ-, ਅਪ-, ਐ-, ਕੁ-, ਗੈਰ-, ਦੁਰ-, ਨਾ-, ਨਿ-, ਨਿਸ-, ਨਿਰ-, ਬਦ-, ਬੇ -, ਲਾ-, ਵਿ-, ਉਪ-, ਸੁ-, ਕਮ-, ਖੁਸ਼-, ਖਰ ਪੜ-ਮਹਾ-, ਸਰ-, ਸਹਿ- ਸਵੈ-, ਚਾ- ਆਦਿ/ਪ੍ਰਮੁਖ ਵਿਉਂਤਪਤ ਅਗੇ ਤਰ ਵਰਤੇ ਜਾਂਦੇ ਹਨ।

**ਵਿਉਂਤਪਤ ਪਿਛੇਤਰ** :– ਪੰਜਾਬੀ ਵਿਚ ਵਿਉਂਤਪਤ-ਪਿਛੇਤਰ ਸ੍ਰੇਣੀ ਰਖਿਅਕ ਅਤੇ ਸ੍ਰੇਣੀ ਬਦਲੂ ਦੋਹਾਂ ਕਿਸਮਾਂ ਦੇ ਹਨ। ਇਕ ਧਾਤੂ ਜਾਂ ਮੂਲ ਨਾਲ ਇਕ ਸਮੇਂ ਇਕ ਤੋਂ ਵੱਧ ਪਿਛੇਤਰ ਵੀ ਲਗ ਸਕਦੇ ਹਨ ਅਤੇ ਇਹ ਦੋਹਾਂ ਕਿਸਮਾਂ ਦੇ ਹੋ ਸਕਦੇ ਹਨ, ਜਿਵੇਂ ਕਿ ਸੱਚ (ਨਾਂਵ) + /-ਆ/ (ਵਿਸ਼ੇਸ਼ਣ) + ਈ (ਨਾਂਵ) ਸਚਾਈ, ਵਿਚ ਪਹਿਲਾਂ ਵਧੇਤਰ /-ਆ/ਸ੍ਰੇਣੀ ਬਦਲੂ ਹੈ ਅਤੇ ਦੂਜਾ/-ਏ/ਵੀ ਸ੍ਰੇਣੀ ਬਦਲੂ ਹੈ। ਵਿਉਂਤਪਤ ਪਿਛੇਤਰਾਂ ਦੀ ਸਹਾਇਤਾ ਨਾਲ ਵਿਸ਼ੇਸ਼ਣਾਂ ਤੋਂ ਕਿਰਿਆਵਾਂ ਅਤੇ ਨਾਵਾਂ ਤੋਂ ਨਾਵਾਂ ਦਾ ਨਿਰਮਾਣ ਕੀਤਾ ਜਾਂਦਾ ਹੈ।

**ਰੂਪਾਂਤਰੀ ਵਧੇਤਰ** :– ਰੂਪਾਂਤਰ ਵਧੇਤਰ ਸਿਰਫ ਪਿਛੇਤਰ ਹੀ ਹੁੰਦੇ ਹਨ ਅਤੇ ਇਹ ਸ਼ਬਦ ਦੇ ਅੰਤ ਉਤੇ ਹੀ ਆਉਂਦੇ ਹਨ। ਇਕ ਅਜਿਹੇ ਪਿਛੇਤਰ ਹਨ ਜੋ ਵਾਕ ਦੇ ਪੱਧਰ ਤੇ ਵਾਕ ਵਿਚ ਵਿਚਰਨ ਵਾਲੇ ਵੱਖ-ਵੱਖ ਸ਼ਬਦ ਸ੍ਰੇਣੀਆਂ ਨਾਲ ਸੰਬੰਧਿਤ ਸ਼ਬਦਾਂ ਦੇ ਵਿਆਕਰਨਕ ਸੰਬੰਧਾਂ ਜਿਵੇਂ ਕਿ ਪੁਰਖ, ਵਚਨ, ਲਿੰਗ, ਕਾਲ ਆਦਿ ਪੱਖੋਂ ਅੰਦਾਜ਼ ਹੁੰਦੇ ਹਨ। ਇਕੋ ਹੀ ਧਾਤੂ ਜਾਂ ਮੂਲ ਰੂਪ ਨਾਲ ਰੂਪਾਂਤਰੀ ਪਿਛੇਤਰਾਂ ਦੇ ਜੁੜਨ ਦੇ ਫਲ ਸਰੂਪ ਹੋਂਦ ਵਿਚ ਆਉਣ ਵਾਲੇ ਸ਼ਬਦ ਰੂਪ ਵਿਚ ਰੂਪਾਵਲੀ ਦੀ ਸਿਰਜਨਾ ਕਰਦੇ ਹਨ। ਪੰਜਾਬੀ ਦੇ ਸਾਰੇ ਦੇ ਸਾਰੇ ਨਾਵਾਂ ਦਾ ਇਕ ਵਚਨ ਅਤੇ ਬਹੁਵਚਨ ਰੂਪ ਹੁੰਦਾ ਹੈ। ਬੱਚਾ, ਬੱਚੇ, ਬੱਚਿਓ, ਬੱਚਿਆਂ, ਸ਼ਬਦ ਰੂਪ 'ਬੱਚ' ਸ਼ਬਦ ਦੀ ਰੂਪਾਵਲੀ ਰੂਪ ਹਨ। ਇੰਜ ਹੀ ਪੰਜਾਬੀ ਵਿਚ ਇਕ ਕਿਰਿਆ ਦੀ ਰੂਪਾਵਲੀ ਦੇ ਸਾਰੇ ਕਿਰਿਆ ਰੂਪਾਂ ਵਾਕਾਤਮਕ ਪੱਧਰ ਤੇ ਵਿਆਕਰਨਕ ਵਿਵਹਾਰ ਵੱਖੋ ਵੱਖਰਾ ਹੁੰਦਾ ਹੈ ਜਿਵੇਂ :-

ਕਰ,
ਕਰਨਾ,
ਕਰਦਾ, ਕਰਦੀ, ਕਰਦੇ, ਕਰਦੀਆਂ
ਕਰਦਾ, ਕਰੀਦੀ, ਕਰੀਦੇ, ਕਰੀਦੀਆਂ
ਕਰਾਂ, ਕਰੇਂ, ਕਰੀਏ
ਕਰੂ, ਆਦਿ

ਉਪਰੋਕਤ ਸ਼ਬਦਾਂ ਦੇ ਲਿਖਣ ਨਾਲ 'ਕਰ' ਸ਼ਬਦ ਦੀ ਰੂਪਾਵਲੀ ਬਣਦੀ ਹੈ। 'ਕਰ' ਧਾਤੂ ਨਾਲ ਜੁੜੇ ਸਾਰੇ

ਦੇ ਸਾਰੇ ਪਿਛੇਤਰੀ ਰੂਪਾਂਤਰੀ ਪਿਛੇਤਰ ਹਨ ਅਤੇ ਇਨ੍ਹਾਂ ਦੇ 'ਕਰ' ਧਾਤੂ ਨਾਲ ਜੁੜਨ ਵਜੋਂ ਹੋਂਦ ਵਿਚ ਆਇਆ ਰੂਪਾਵਲੀ ਦਾ ਹਰ ਸ਼ਬਦ ਰੂਪ, ਵਾਕਾਤਮਕ ਪੱਧਰ ਤੇ ਵਿਸ਼ੇਸ਼ ਵਿਆਕਰਨਕ ਕਾਰਜ ਨਿਭਾਉਂਦਾ ਹੈ।

**ਵਿਉਂਤਪਤ ਤੇ ਰੂਪਾਂਤਰੀ ਪਿਛੇਤਰਾਂ ਵਿਚਕਾਰ ਅੰਤਰ :**

1. ਰੂਪਾਂਤਰੀ ਪਿਛੇਤਰ ਹਮੇਸ਼ਾਂ ਹੀ ਮੂਲ ਰੂਪ ਜਾਂ ਧਾਤੂ ਦੇ ਪਿਛੇ ਆਉਂਦੇ ਹਨ। ਇਹ ਸਦਾ ਪਿਛੇਤਰ ਹੀ ਹੁੰਦੇ ਹਨ।
2. ਇਹ ਜਿਸ ਸ਼ਬਦ ਨਾਲ ਜੁੜਦੇ ਹਨ ਉਸ ਦੀ ਸ਼੍ਰੇਣੀ ਨਹੀਂ ਬਦਲਦੀ।
3. ਇਹ ਸ਼ਬਦ ਸ਼੍ਰੇਣੀ ਦੇ ਮੂਲ ਰੂਪਾਂ ਜਾਂ ਧਾਤੂਆਂ ਨਾਲ ਜੋੜੇ ਜਾ ਸਕਦੇ ਹਨ।
4. ਇਕ ਸਮੇਂ ਇਕ ਰੂਪਾਂਤਰੀ ਪਿਛੇਤਰ ਹੀ ਜੁੜ ਸਕਦਾ ਹੈ ਜਦੋਂ ਕਿ ਵਿਉਂਤਪਤ ਪਿਛੇਤਰ ਇਕੋ ਸਮੇਂ ਤੋਂ ਵੱਧ ਵੀ ਜੁੜ ਸਕਦੇ ਹਨ।
5. ਰੂਪਾਂਤਰੀ ਪਿਛੇਤਰ ਸ਼ਬਦ ਰਚਨਾ ਵਿਚ ਵਿਉਂਤਪਤ ਪਿਛੇਤਰ ਤੋਂ ਬਾਅਦ ਵਿਚ ਜੁੜਦੇ ਹਨ। ਇਹ ਪਿਛੇਤਰ ਜੁੜਨ ਤੋਂ ਬਾਅਦ ਸ਼ਬਦ ਵਿਚ ਕੋਈ ਵੀ ਹੋਰ ਵਧੇਤਰ ਨਹੀਂ ਜੁੜ ਸਕਦਾ।

**ਪੰਜਾਬੀ ਸ਼ਬਦ ਰਚਨਾ** :- ਸ਼ਬਦ ਰਚਨਾ ਦਾ ਭਾਵ ਸ਼ਬਦਾਂ ਦੀ ਵਿਉਂਤਪਤੀ ਅਰਥਾਤ ਨਿਕਾਸ ਤੇ ਵਿਕਾਸ ਤੋਂ ਹੈ। ਕਿਸੇ ਵੀ ਭਾਸ਼ਾ ਦੇ ਸਾਰੇ ਸ਼ਬਦਾਂ ਦੇ ਸਰੋਤ ਦੇ ਸਬੰਧ ਵਿਚ ਜਾਣ ਲੈਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ। ਇਹ ਪ੍ਰਸ਼ਨ ਦਾ ਸਿੱਧਾ ਸੰਬੰਧ ਸ਼ਬਦਾਂ ਦੀ ਉੱਤਪਤੀ ਨਾਲ ਜੁੜਦਾ ਹੈ। ਵਿਉਂਤਪਤੀ ਦੇ ਨਾਲ ਹੀ ਇਕ ਸ਼ਬਦ ਸ਼ੇ੍ਣੀ ਤੋਂ ਦੂਸਰੀ ਸ਼ਬਦ ਸ਼੍ਰੇਣੀ ਵਿਚ ਸਵਰ ਬਦਲੀ ਨਾਲ ਜਾਂ ਅਗੇਤਰੀ ਪਿਛੇਤਰ ਜੋੜ ਕੇ ਬਣਾਏ ਜਾਣ ਵਾਲੇ ਸ਼ਬਦਾਂ ਦਾ ਨਿਯਮ ਪੂਰਵਕ ਅਧਿਐਨ ਹੀ ਸ਼ਬਦ ਰਚਨਾ ਹੈ।

**ਵਿਉਂਤਪਤੀ** :- ਸ਼ਬਦ ਰਚਨਾ ਦੀ ਇਹ ਪ੍ਰਮੁੱਖ ਵਿਧੀ ਹੈ। ਸ਼ਬਦਾਂ ਦੇ ਪੂਰੇ ਇਤਿਹਾਸ ਦਾ ਅਧਿਐਨ ਕੀਤਾ ਜਾਂਦਾ ਹੈ। ਇਤਿਹਾਸ ਵਿਚ ਉਸ ਸ਼ਬਦ ਦਾ ਅਧਿਐਨ ਤਾਂ ਹੁੰਦਾ ਹੀ ਹੈ ਨਾਲ ਉਸ ਨੂੰ ਬਣਾਉਣ ਵਾਲੀਆਂ ਭਾਸ਼ਾਈ ਇਕਾਈਆਂ ਦੇ ਵਿਕਾਸ ਦਾ ਅਧਿਐਨ ਵੀ ਹੁੰਦਾ ਹੈ। ਇਸ ਤਰ੍ਹਾਂ ਸ਼ਬਦ ਦਾ ਨਿਕਾਸ, ਵਿਕਾਸ ਤੇ ਰਚਨਾ ਸਭ ਗੱਲਾਂ ਦੀ ਵਿਉਂਤਪਤੀ ਵਿਚ ਆ ਜਾਂਦੀਆਂ ਹਨ। ਜਦੋਂ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਕ ਸ਼ਬਦ ਸ਼੍ਰੇਣੀ ਤੋਂ ਦੂਸਰੀ ਸ਼ਬਦ ਸ਼੍ਰੇਣੀ ਬਣਾਉਣ ਦੇ ਨਿਯਮਾਂ ਦੀ ਗੱਲ ਆ ਜਾਂਦੀ ਹੈ। ਹੁਣ ਤਕ ਦੀਆਂ ਵਿਆਕਰਨਾਂ ਵਿਚ ਇਕ ਸ਼ਬਦ ਸ਼੍ਰੇਣੀ ਤੋਂ ਦੂਸਰੀ ਵਿਚ ਪਰਿਵਰਤਿਤ ਹੁੰਦੇ ਸ਼ਬਦਾਂ ਦਾ ਵੇਰਵਾ ਤਾਂ ਮਿਲਦਾ ਹੈ ਪਰ ਉਹ ਕੋਈ ਨਿਯਮ ਬੱਧ ਨਹੀਂ ਹੈ। ਇਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

1. ਨਾਂਵ ਮੂਲਾਂ ਤੋਂ ਵਿਸ਼ੇਸ਼ਣ ਬਣਾਉਣ ਲਈ ਨਾਵਾਂ ਨਾਲ - ਆ, -ਈ, -ਊ, - ਈਲਾ-ਆਲ, -ਲਾ,-, -ਲੂ, -ਇਕ, -ਜਨਕ-, -ਕਾਈ, -ਮਈ, -ਵਾਕ ਆਦਿ ਪਿਛੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ :

| | | |
|---|---|---|
| ਸੱਚ | - | ਸੱਚਾ |
| ਆਸਮਾਨ | - | ਅਸਮਾਨੀ |
| ਹਾੜ | - | ਹਾੜੂ |
| ਅਣਖ | - | ਅਣਖੀਲਾ |
| ਹੱਥ | - | ਹਥਲਾ |
| ਅਖੀਰ | - | ਅਖੀਰਲਾ ਆਦਿ। |

2. ਵਿਸ਼ੇਸਣ ਨਾਲ-ਈ ਪਿਛੇਤਰ ਲਗਾ ਕੇ ਵਿਸ਼ੇਸ਼ਣ ਤੋਂ ਨਾਂਵ ਬਣਾ ਲਏ ਜਾਂਦੇ ਹਨ ਜਿਵੇਂ ਖੁਸ਼ ਤੋਂ ਖੁਸ਼ੀ, ਹਾਜ਼ਰ ਤੋਂ ਹਾਜ਼ਰੀ, ਲਾਲ ਤੋਂ ਲਾਲੀ ਆਦਿ।
3. ਇਸੇ ਤਰ੍ਹਾਂ ਵਿਸ਼ੇਸ਼ਣਾਂ ਤੋਂ ਪਣ, -ਪੁਣਾ
   ਆਦਿ ਪਿਛੇਤਰ ਲਗਾ ਕੇ ਨਾਂਵ ਬਣਾਉਣ ਦੀ ਰੀਤ ਪ੍ਰਚਲਿਤ ਹੈ।
4. ਕਿਰਿਆ ਮੂਲ ਵਿਚ-ਆਈ-ਈ ਆਦਿ ਪਿਛੇਤਰ ਦੀ ਵਰਤੋਂ ਕਰਕੇ ਨਾਂਵ ਸ਼੍ਰੇਣੀ ਦੀ ਕਿਰਿਆ ਮੂਲ ਬਣਾਏ ਜਾਂਦੇ ਹਨ ਜਿਵੇਂ ਚੜ੍ਹ ਤੋਂ ਚੜ੍ਹਾਈ, ਪੜ੍ਹ ਤੋਂ ਪੜ੍ਹਾਈ, ਸੁਣ ਤੋਂ ਸੁਣਾਈ, ਖੱਟ ਤੋਂ ਖੱਟੀ, ਠੱਗ ਤੋਂ ਠੱਗੀ,

ਘਰ ਤੋ ਘੂਰੀ ਆਦਿ।

5. ਕਈ ਸ਼ਬਦਾਂ ਵਿਚ ਨਾਂਵ ਤੋਂ ਜਦੋਂ ਵਿਸ਼ੇਸ਼ਣ ਬਣਾਏ ਜਾਂਦੇ ਹਨ ਤਾਂ ਮੂਲ ਸ਼ਬਦ ਦੇ ਸਵਰ ਵਿਚ ਵੀ ਤਬਦੀਲੀ ਆ ਜਾਂਦੀ ਹੈ। ਜਿਵੇਂ ਕਿ 'ਜਿਤ' ਤੋਂ 'ਜੇਤੂ', ਪਿੰਡ ਤੋਂ ਪੇਂਡੂ ਆਦਿ ਸ਼ਬਦਾਂ ਵਿਚ ਪਹਿਲਾਂ ਹ੍ਰਸਵ ਸਵਰ 'ਇ' 'ਏ' ਵਿਚ ਬਦਲ ਜਾਂਦਾ ਹੈ।
6. ਕੁਝ ਹਾਲਤਾਂ ਵਿਚ ਇਕ ਪਿਛੇਤਰ ਨਾਲ ਨਾਵਾਂ ਤੋਂ ਵਿਸ਼ੇਸਣ ਬਣਾਉਣ ਲੱਗਿਆ ਨਾਂਵ ਵਿਚ ਆਇਆ ਪਹਿਲਾ ਹ੍ਰਸਵ ਸਵਰ ਦੀਰਘ ਕਰ ਦਿੱਤਾ ਜਾਂਦਾ ਹੈ ਜਿਵੇਂ ਅੰਤਰ ਤੋਂ ਆਂਤਰਿਕ, ਸ਼ਬਦ ਤੋਂ ਸ਼ਾਬਦਿਕ, ਆਦਿ।
7. ਵਿਸ਼ੇਸ਼ਣ ਮੂਲਾਂ ਨਾਲ-ਈ ਪਿਛੇਤਰ ਲਗਾ ਕੇ ਨਾਂਵ ਬਣਾਉਣ ਦੀ ਰੀਤ ਪ੍ਰਚਲਿਤ ਹੈ। ਪਰ ਜੇ ਵਿਸ਼ੇਸ਼ਣ ਮੂਲ ਵਿਚ ਪਹਿਲੇ ਦੋ ਸੁਰ ਦੀਰਘ ਹੋਣ ਤਾਂ ਨਾਂਵ ਬਣਾਉਂਦਿਆਂ ਉਨ੍ਹਾਂ ਵਿਚੋਂ ਪਹਿਲਾਂ ਹ੍ਰਸਵ ਹੋ ਜਾਂਦਾ ਹੈ। ਜਿਵੇਂ : ਗੱਲ ਤੋਂ ਗੁਲਾਈ, ਡੂੰਘਾ ਤੋਂ ਡੂੰਘਾਈ।
8. ਕਈ ਵਿਸ਼ੇਸ਼ਣ ਮੂਲਾਂ ਦਾ ਅੰਤਮ-ਅ ਹਟਾ ਕੇ-ਇਆਈ ਪਿਛੇਤਰ ਲਾ ਕੇ ਨਾਂਵ ਮੂਲ ਬਣਾਏ ਜਾਂਦੇ ਹਨ ਜਿਵੇਂ ਔਖਾ ਤੋਂ ਔਖਿਆਈ, ਚੰਗਾ ਤੋਂ ਚੰਗਿਆਈ ਆਦਿ।
9. ਕੁਝ ਹਾਲਤਾਂ ਵਿਚ ਵਿਸ਼ੇਸ਼ਣ ਤੋਂ ਨਾਂਵ ਬਣਾਉਣ ਲਈ ਵਿਸ਼ੇਸ਼ਣ ਦਾ ਅੰਤਿਮ ਆ ਹਟਾ ਦੇਣ ਨਾਲ ਪਿਛੇ ਰਿਹਾ ਰੂਪ ਨਾਂਵ ਹੁੰਦਾ ਹੈ ਸੁੱਕਾ ਤੋ ਸੁਕ, ਸੁੱਚਾ ਤੋਂ ਸੁੱਚ ਆਦਿ।

ਇਸ ਤਰ੍ਹਾਂ ਸੁਰ ਬਦਲੀ ਨਾਲ ਇਕ ਸ਼੍ਰੇਣੀ ਤੋਂ ਦੂਸਰੀ ਸ਼੍ਰੇਣੀ ਦੇ ਸ਼ਬਦ ਰਚਨ ਦੀ ਰੀਤ ਪੰਜਾਬੀ ਵਿਚ ਪ੍ਰਚਲਿਤ ਹੈ। ਪੰਜਾਬੀ ਸ਼ਬਦ ਭੰਡਾਰ ਨੂੰ ਘੋਖਦਿਆਂ ਹੋਰ ਨਿਯਮ ਨਿਰਧਾਰਿਤ ਕੀਤੇ ਜਾ ਸਕਦੇ ਹਨ।

## ਸ਼ਬਦ ਨਿਰਮਾਣ

1. **ਧਾਤੂ ਸਿਰਜਣਾ** : (1) ਵਿਅਕਤੀ ਵਾਚਕ ਨਾਵਾਂ ਦੇ ਆਧਾਰ ਉੱਤੇ :- ਇਕ ਵਿਅਕਤੀਵਾਚਕ ਨਾਂਵਾਂ ਦੇ ਆਧਾਰ ਉੱਤੇ ਉਨ੍ਹਾਂ ਦਾ ਕੰਮ, ਗੁਣ ਜਾਂ ਵਿਸ਼ੇਸ਼ਤਾ ਨੂੰ ਲੈ ਕੇ ਨਵੇਂ ਸ਼ਬਦ ਰਚ ਲਏ ਜਾਂਦੇ ਹਨ, ਜਿਵੇਂ :-

   ਪੰਜਾਬੀ ਵਿਚ ਸੀਤਾ (ਪਤੀਬ੍ਰਤਾ), ਭਭੀਖਣ (ਘਰ ਦਾ ਭੇਤੀ), ਜੈ ਚੰਦ (ਦੇਸ ਧ੍ਰੋਹੀ) ਆਦਿ ਸ਼ਬਦ ਵਰਤੇ ਜਾਂਦੇ ਸ਼ਬਦ ਹਨ ਗਾਂਧੀਵਾਦ, ਬੋਧੀ, ਜੈਨੀ, ਮਾਰਕਸਵਾਦ ਨਾਮ ਵੀ ਵਿਅਕਤੀਆਂ ਦੇ ਨਾਂਵਾਂ ਉੱਤੇ ਹੀ ਰਚੇ ਗਏ ਹਨ।

   ਥਾਵਾਂ ਦੇ ਨਾਵਾਂ ਉਪਰ ਹੀ ਸ਼ਬਦ ਰਚੇ ਜਾਂਦੇ ਹਨ ਜਿਵੇਂ :- ਚੀਨੀ (ਚੀਨ ਦੀ) ਮਿਸਰੀ (ਮਿਸਰ ਦੀ), ਬਨਾਰਸੀ (ਠਗ ਲਈ) ਲਖਨਵੀ (ਸ਼ੌਕੀਨ ਲਈ) ਆਦਿ।
2. **ਧੁਨੀਆਂ ਦੇ ਆਧਾਰ ਉਪਰ** :- ਕੁਝ ਸ਼ਬਦ ਧੁਨੀਆਂ ਦੇ ਆਧਾਰ ਉਪਰ ਹੋਂਦ ਵਿਚ ਆਉਂਦੇ ਹਨ, ਜਿਵੇਂ ਖਟ-ਖਟ, ਚੂੰ-ਚੂੰ ਪੜ-ਪੜ, ਤਿਪ-ਤਿਪ, ਆਦਿ।
3. **ਸੰਖਿਆ ਦੇ ਆਧਾਰ ਉੱਪਰ** :- ਕੁੱਝ ਸ਼ਬਦ ਸੰਖਿਆ ਦੇ ਆਧਾਰ ਉੱਪਰ ਵੀ ਹੋਂਦ ਵਿਚ ਆਉਂਦੇ ਹਨ, ਜਿਵੇਂ ਚਾਰ ਸੌ ਵੀਹ, ਸੱਤਰਾ-ਬਹੱਤਰਾ, ਸਠਿਆਣਾ, ਦੱਸ ਨੰਬਰੀ ਆਦਿ।
4. **ਕਹਾਣੀ ਦੇ ਆਧਾਰ ਉੱਪਰ** :- ਕਈ ਕਹਾਣੀਆਂ ਦੇ ਆਧਾਰ ਤੇ ਵੀ ਸ਼ਬਦ ਰਚੇ ਜਾਂਦੇ ਹਨ। ਜਿਵੇਂ ਮੱਖੀ ਚੂਸ ਸ਼ਬਦ ਇਕ ਕਹਾਣੀ ਤੇ ਆਧਾਰਿਤ ਹੈ। (ਇਕ ਵਿਅਕਤੀ ਆਪਣੇ ਘਰ ਵਿਚ ਘਿਓ ਲੈ ਜਾ ਰਿਹਾ ਸੀ, ਉਸ ਦੇ ਘਿਓ ਵਿਚ ਮੱਖੀ ਡਿਗ ਪਈ। ਉਸ ਨੇ ਮੱਖੀ ਨੂੰ ਕੱਢ ਕੇ ਉਸ ਨੂੰ ਨਿਚੋੜ ਕੇ ਫਿਰ ਬਾਹਰ ਸੁੱਟਿਆ। ਨਿਚੋੜਿਆ ਇਸ ਕਰਕੇ ਕਿ ਉਸ ਦੇ ਖੰਭਾਂ ਆਦਿ ਨਾਲ ਲੱਗਿਆ ਘਿਓ ਖਰਾਬ ਨਾ ਜਾਵੇ ਤੇ ਉਹ ਉਸ ਨੂੰ ਵਰਤ ਸਕੇ। ਇਸੇ ਕਹਾਣੀ ਤੋਂ ਹੀ 'ਮੱਖੀ ਚੂਸ' ਸ਼ਬਦ ਪ੍ਰਚਲਿਤ ਹੋਇਆ ਹੈ।)
5. **ਸੰਖੇਪਤਾ** :- ਸੰਖੇਪਤਾ ਦੀ ਵਿਧੀ ਲੰਮੇ ਤੇ ਔਖੇ ਸ਼ਬਦਾਂ ਨੂੰ ਸੌਖ ਨਾਲ ਬੋਲਣ, ਪੜ੍ਹਨ ਤੇ ਲਿਖਣ ਲਈ ਵਰਤੀ ਜਾਂਦੀ ਹੈ। ਇਸ ਅਧੀਨ ਤਿੰਨ ਵਿਧੀਆਂ ਦੀ ਵਰਤੋਂ ਕੀਤੀ ਜਾਂਦੀ ਹੈ।

(ੳ) ਕੇਵਲ ਮੁੱਢਲੀ ਧੁਨੀ ਦੀ ਵਰਤੋਂ ਕਰਕੇ ਇਸ ਸ਼੍ਰੇਣੀ ਵਿਚ ਸੰਸਥਾਵਾਂ ਦੇ ਨਾਮ ਮੁਖ ਤੌਰ ਤੇ ਆਉਂਦੇ ਹਨ। ਸੰਸਥਾਵਾਂ ਦੇ ਨਾਮ ਦੀ ਮੁੱਢਲੀ ਧੁਨੀ ਨੂੰ ਪੂਰਾ ਨਾਮ ਪ੍ਰਗਟ ਕਰਨ ਲਈ ਵਰਤ ਲਿਆ ਜਾਂਦਾ ਹੈ ਜਿਵੇਂ : ਭਾਜਪਾ, ਇੰਕਾ, ਪ.ਪ., ਸੰ, ਪ੍ਰੋ. ਡਾ. ਲਾ. ਪੰ. ਸ੍ਵ. ਆਦਿ (ਇੰਦਰਾ ਕਾਂਗਰਸ, ਭਾਰਤੀ ਜਨਤਾ ਪਾਰਟੀ, ਪੰਜਾਬ ਪੁਲਿਸ, ਸੰਪਾਦਕ, ਪ੍ਰੋਫੈਸਰ, ਡਾਕਟਰ, ਲਾਲਾ, ਪੰਡਤ, ਸਵਰਗਵਾਸੀ) ਆਦਿ।

(ਅ) ਦੋ ਸ਼ਬਦਾਂ ਦੇ ਅਗਲੇ ਤੇ ਪਿਛਲੇ ਹਿੱਸੇ ਨੂੰ ਜੋੜ ਕੇ ਵੀ ਨਵੇਂ ਸ਼ਬਦ ਘੜੇ ਜਾਂਦੇ ਹਨ ਜਿਵੇਂ :- ਮੋਟਲ ਮੋਟਰ ਤੇ (ਹੋਟਲ ਨੂੰ ਜੋੜ ਕੇ), ਬਰੰਚ (ਬਰੇਕ ਫਾਸਟ ਤੇ ਲੰਚ ਤੋਂ), ਫੁਲੇਲ (ਫੁਲ + ਘੋਲ), ਮਾਪੇ (ਮਾਂ ਪਿਓ) ਆਦਿ।

(ੲ) ਦੋ ਸ਼ਬਦਾਂ ਦੇ ਇਕ ਪੂਰੇ ਭਾਗ ਨੂੰ ਨਾ ਵਰਤਣ ਦੀ ਪ੍ਰਥਾ ਵੀ ਪ੍ਰਚਲਿਤ ਹੈ ਜਿਵੇਂ ਰੇਲਵੇ ਸਟੇਸ਼ਨ ਲਈ ਕੇਵਲ ਸਟੇਸ਼ਨ ਕਹਿ ਦੇਣਾ, ਮੋਟਰ ਕਾਰ ਲਈ ਕਾਰ, ਬਾਈ ਸਾਇਕਲ ਲਈ ਕੇਵਲ ਸਾਇਕਲ ਵਰਤ ਲੈਣਾ।

6. **ਉਲਟ ਵਿਉਂਤਪਤੀ** :- ਇਸ ਅਧੀਨ ਅਜਿਹੇ ਸ਼ਬਦ ਨੂੰ ਵਿਚਾਰਿਆ ਗਿਆ ਹੈ ਜਿਨ੍ਹਾਂ ਦੀ ਹੱਦ ਕਿਸੇ ਵਿਸ਼ੇਸ਼ ਸ਼ਬਦ ਨਾਲੋਂ ਕੋਈ ਧੁਨੀ ਨੂੰ ਕੱਟਣ ਨਾਲ ਬਣਦੀ ਹੈ ਜਿਵੇਂ 'ਸੁਰ' ਸ਼ਬਦ 'ਅਸੁਰ' ਦੇ 'ਅ' ਕੱਟਣ ਤੋਂ ਬਾਅਦ ਬਣਿਆ ਹੈ ਅਤੇ ਅਸ਼ਲੀਲ ਤੋਂ ਹੀ ਸ਼ਲੀਲ ਸ਼ਬਦ ਬਣਿਆ ਹੈ।

## ਪੰਜਾਬੀ ਸ਼ਬਦਾਵਲੀ ਦੀ ਸ਼੍ਰੇਣਿਕ ਵੰਡ

ਹਰ ਭਾਸ਼ਾ ਵਿਚ ਸ਼ਬਦਾਵਲੀ ਦਾ ਭੰਡਾਰ ਬੜਾ ਵਿਸ਼ਾਲ ਹੁੰਦਾ ਹੈ। ਆਮ ਬੋਲ ਚਾਲ ਵਿਚ ਆਪਣੇ ਭਾਵ ਪ੍ਰਗਟ ਕਰਨ ਲਈ ਵਿਅਕਤੀ ਸ਼ਬਦਾਂ ਦੀਆਂ ਲੜੀਆਂ ਬੋਲਦੇ ਹਨ ਜਿਨ੍ਹਾਂ ਨੂੰ ਵਾਕ ਕਿਹਾ ਜਾਂਦਾ ਹੈ। ਵਾਕ ਵਿਚ ਸ਼ਬਦਾਂ ਦਾ ਆਪਸੀ ਮੇਲ ਸ਼ਬਦਾਂ ਕਰਕੇ ਨਹੀਂ ਹੁੰਦਾ ਸਗੋਂ ਵਾਕ ਵਿਚਲੇ ਸ਼ਬਦ ਸ਼ਬਦ-ਸ਼੍ਰੇਣੀਆਂ ਦੇ ਮੈਂਬਰ ਵਜੋਂ ਵਿਚਰਦੇ ਹਨ। ਸੋ ਕਿਸੇ ਭਾਸ਼ਾ ਦਾ ਸ਼ਬਦਾਵਲੀ-ਵਿਗਿਆਨਕ ਅਧਿਐਨ ਕਰਨ ਲਈ ਉਸ ਭਾਸ਼ਾ ਦੀ ਸ਼ਬਦਾਵਲੀ ਦੀ ਵਰਗ ਵੰਡ ਕਰਨ ਦੀ ਲੋੜ ਹੈ। ਸ਼ਬਦਾਵਲੀ ਦੇ ਵਰਗਾਂ ਤੇ ਉਪ-ਵਰਗਾਂ ਨੂੰ ਪਛਾਣ ਕੇ ਇਨ੍ਹਾਂ ਦੇ ਰੂਪਾਂਤਰਾਂ ਰਾਹੀਂ ਹੀ ਵਾਕ ਵਿਚਲੇ ਵਿਆਕਰਨਕ ਕਾਰਜ ਦੀ ਵਿਆਖਿਆ ਹੋ ਸਕਦੀ ਹੈ। ਸ਼ਬਦਾਵਲੀ ਦੇ ਵਰਗੀਕਰਨ ਤੋਂ ਹੀ ਪਤਾ ਲਗਦਾ ਹੈ ਕਿ ਭਾਸ਼ਾ ਵਿਚ ਅਰਥਾਂ ਦੀ ਉਤਪਤੀ ਦੀ ਖਾਤਰ ਸ਼ਬਦ ਕਿਵੇਂ ਕਿਵੇਂ ਤੇ ਕੀ ਕੀ ਕਾਰਜ ਅਦਾ ਕਰਕੇ ਸਾਡਾ ਭਾਵ ਵਿਅਕਤ ਕਰਦੇ ਹਨ। ਸ਼ਬਦਾਂ ਦੇ ਰੂਪ ਤੇ ਕਾਰਜ ਨੂੰ ਸਮਝਣ ਲਈ ਸ਼ਬਦਾਂ ਨੂੰ ਰੂਪ ਤੇ ਕਾਰਜ/ਸਥਿਤੀ ਦੇ ਆਧਾਰ ਤੇ ਵੱਖ-ਵੱਖ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਪਰੰਪਰਾਈ ਵਿਆਕਰਨਕਾਰਾਂ ਨੇ ਅਰਥ ਦੇ ਆਧਾਰ ਤੇ ਪੰਜਾਬੀ ਸ਼ਬਦਾਵਲੀ ਨੂੰ ਅੱਠ ਵਰਗਾਂ - ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸੰਬੰਧਕ, ਵਿਸਮਿਕ ਤੇ ਯੋਜਕ ਵਿਚ ਵੰਡਿਆ ਹੈ। ਆਧੁਨਿਕ ਭਾਸ਼ਾ ਵਿਗਿਆਨਕ ਸੋਚ ਵਾਲੇ ਵਿਆਕਰਨਕਾਰਾਂ ਨੇ ਵੀ ਸ਼ਬਦਾਵਲੀ ਦੀ ਉਪਰੋਕਤ ਵਰਗ-ਵੰਡ ਨੂੰ ਸਵੀਕਾਰਿਆ ਹੈ ਅਤੇ ਇਕ ਹੋਰ ਸ਼੍ਰੇਣੀ ਨੌਵੀਂ ਪਾਰਟੀਕਲਜ਼ ਵੀ ਨਿਸ਼ਚਿਤ ਕੀਤੀ ਹੈ ਅਤੇ ਇਨ੍ਹਾਂ ਦੇ ਵਰਗੀਕਰਨ ਦਾ ਆਧਾਰ ਅਰਥ ਦੀ ਜਗ੍ਹਾਂ ਰੂਪ ਅਤੇ ਕਾਰਜ ਨੂੰ ਬਣਾਇਆ ਹੈ।

1. **ਰੂਪ ਦੇ ਆਧਾਰ ਤੇ ਸ਼ਬਦਾਵਲੀ ਦੀ ਵਰਗ ਵੰਡ** :- ਰੂਪ ਦੇ ਆਧਾਰ ਤੇ ਪੰਜਾਬੀ ਸ਼ਬਦਾਵਲੀ ਨੂੰ ਦੋ ਭਾਗਾਂ - ਵਿਕਾਰੀ ਤੇ ਅਵਿਕਾਰੀ - ਵਿਚ ਵੰਡਿਆ ਜਾਂਦਾ ਹੈ।

1.1**ਵਿਕਾਰੀ ਸ਼ਬਦ ਨਾਂਵ** : ਵਾਕ ਵਰਤੋਂ ਵਿਚ ਸ਼ਬਦਾਂ ਦੇ ਆਪਸੀ ਮੇਲ ਦੌਰਾਨ ਜਿਨ੍ਹਾਂ ਸ਼ਬਦਾਂ ਦੇ ਬਾਹਰੀ ਰੂਪ ਵਿਚ ਤਬਦੀਲੀ ਆ ਜਾਵੇ, ਉਨ੍ਹਾਂ ਸ਼ਬਦਾਂ ਨੂੰ ਵਿਕਾਰੀ ਸ਼ਬਦਾਵਲੀ ਅਧੀਨ ਰੱਖਿਆ ਜਾਂਦਾ ਹੈ। ਬਾਹਰੀ ਰੂਪ ਵਿਚ ਤਬਦੀਲੀ ਦੇ ਭਾਵ ਨੂੰ ਹੇਠ ਲਿਖੀ ਉਦਾਹਰਨ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ - 'ਮੁੰਡਾ ਪੜ੍ਹਦਾ ਹੈ ਤੇ ਮੁੰਡੇ ਪੜ੍ਹਦੇ ਹਨ' ਉਪਰੋਕਤ ਪਹਿਲੇ ਵਾਕ ਵਿਚ ਸ਼ਬਦ 'ਮੁੰਡਾ' ਵਰਤਿਆ ਗਿਆ ਹੈ ਜੋ ਪੁਲਿੰਗ ਤੇ ਇਕ ਵਚਨ ਰੂਪ ਵਿਚ ਵਰਤਿਆ ਗਿਆ ਹੈ ਪਰੰਤੂ ਦੂਸਰੇ ਵਾਕ ਜਦੋਂ ਹੀ ਇਸ ਸ਼ਬਦ ਦਾ ਵਚਨ (ਕੇਵਲ ਵਚਨ) ਬਦਲਿਆ ਤਾਂ ਵਾਕ ਵਿਚਲੇ ਸਾਰੇ ਸ਼ਬਦਾਂ ਦੇ ਰੂਪ ਵਿਚ ਤਬਦੀਲੀ ਆ ਗਈ। ਇਸੇ ਤਰ੍ਹਾਂ ਜੇ ਇਸ ਜਗ੍ਹਾ ਤੇ ਲਿੰਗ ਬਦਲੀ ਵਾਲਾ ਕੋਈ ਹੋਰ ਸ਼ਬਦ ਵਰਤਾਂਗੇ ਤਾਂ ਵੀ ਵਾਕ ਵਿਚਲੇ ਦੂਸਰੇ ਸ਼ਬਦਾਂ ਦੀ ਬਣਤਰ ਤੇ ਅਸਰ ਪਵੇਗਾ।

ਸੋ ਇਹ ਸ਼ਬਦ 'ਵਿਕਾਰੀ' ਸ਼੍ਰੇਣੀ ਨਾਲ ਸੰਬੰਧਤ ਹੈ ਕਿਉਂਕਿ ਇਸ ਦੀ ਵਰਤੋਂ ਦੌਰਾਨ ਵਿਕਾਰ ਦਾ ਵਾਕ ਵਿਚ ਹੋਰ ਸ਼ਬਦਾਂ ਤੇ ਅਸਰ ਪੈਂਦਾ ਹੈ। ਇਸ ਸ਼੍ਰੇਣੀ ਵਿਚ ਪਰੰਪਰਾਈ ਵਿਆਕਰਨਕਾਰਾਂ ਵਲੋਂ ਸ਼੍ਰੇਣੀਬੱਧ ਕੀਤੇ ਗਏ ਨਾਂਵ, ਪੜਨਾਂਵ, ਵਿਸ਼ੇਸ਼ਣ ਤੇ ਕਿਰਿਆ ਸ਼੍ਰੇਣੀ ਦੇ ਸ਼ਬਦ ਆ ਜਾਂਦੇ ਹਨ। ਕਿਸੇ ਵਾਕ ਵਿਚਲੇ ਸ਼ਬਦਾਂ ਦੇ ਰੂਪ ਲਿੰਗ, ਵਚਨ, ਕਾਰਕ, ਕਾਲ, ਵਾਚਕ ਆਦਿ ਵਿਆਕਰਨਕ ਸ਼੍ਰੇਣੀਆਂ ਕਾਰਨ ਬਦਲਦੇ ਹਨ। ਇਹ ਵੀ ਜ਼ਰੂਰੀ ਨਹੀਂ ਕਿ ਇਹ ਸਾਰੀਆਂ ਵਿਆਕਰਨਕ ਸ਼੍ਰੇਣੀਆਂ ਸਾਰੇ ਸ਼ਬਦਾਂ ਤੇ ਇਕੋ ਜਿੰਨਾ ਹੀ ਪ੍ਰਭਾਵ ਪਾਉਂਦੀਆਂ ਹੋਣ ਪਰੰਤੂ ਇਹ ਕਿਸੇ ਵਰਗ ਤੇ ਕੋਈ ਤੇ ਕਿਸੇ ਹੋਰ ਵਰਗ ਤੇ ਕੋਈ ਅਸਰ ਪਾ ਸਕਦੀਆਂ ਹਨ ਵਿਆਕਰਨਕ ਸ਼੍ਰੇਣੀਆਂ ਨਾਲ ਸੰਬੰਧਿਤ ਸ਼ਬਦਾਵਲੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1.1.1. **ਨਾਂਵ** : – ਪੰਜਾਬੀ ਸ਼ਬਦਾਵਲੀ ਵਿਚ ਜਿਨ੍ਹਾਂ ਸ਼ਬਦਾਂ ਦੀ ਰੂਪਾਵਲੀ ਦੇ ਸ਼ਬਦ ਰੂਪਾਂ ਦਾ ਅੰਤ/-ਏ, -ਇਆ/-ਆਂ/ਵਾਂ, -ਇਓ/ਓ, -ਇਉਂ-ਇਆ/-ਆ ਆਦਿ ਪਿਛੇਤਰਾਂ ਨਾਲ ਹੁੰਦਾ ਹੈ ਨਾਂਵ ਦੀ ਸ਼੍ਰੇਣੀ ਦੇ ਉਹ ਸ਼ਬਦ ਵਚਨ ਅਤੇ ਕਾਰਕ ਦੇ ਪੱਧਰ ਤੇ ਰੂਪਾਂਤਰਿਤ ਹੁੰਦੇ ਹਨ। ਰੂਪਾਂਤਰੀ ਪਿਛੇਤਰਾਂ ਦੇ ਆਧਾਰ ਤੇ ਨਾਵਾਂ ਦੀਆਂ ਤਿੰਨ ਉਪ ਸ਼੍ਰੇਣੀਆਂ ਸਥਾਪਿਤ ਕੀਤੀਆਂ ਜਾਂਦੀਆਂ ਹਨ :

(ੳ) -ਆ ਅੰਤਕ ਪੁਲਿੰਗ ਨਾਂਵ : ਮੁੰਡਾ, ਸੋਟਾ, ਘੋੜਾ, ਵੱਟਾ ਆਦਿ

(ਅ) ਬਾਕੀ ਸਾਰੇ ਪੁਲਿੰਗ ਨਾਂਵ ਜਿਨ੍ਹਾਂ ਦਾ ਅੰਤ – 'ਅ' ਨਾਲ ਨਹੀਂ ਹੁੰਦਾ ਜਿਵੇਂ – ਘਰ, ਗੁਰੂ, ਤੇਲੀ

(ੲ) ਇਸਤਰੀ ਲਿੰਗ ਨਾਂਵ

ਕੁਝ ਨਾਂਵ ਸ਼ਬਦ ਅਜਿਹੇ ਹਨ ਜਿਨ੍ਹਾਂ ਦਾ ਰੂਪਾਂਤਰ ਵਚਨ ਜਾਂ ਕਾਰਕ ਨਹੀਂ ਹੁੰਦਾ ਉਨ੍ਹਾਂ ਨੂੰ ਵਖਰੇ ਵਰਗ ਵਿਚ ਰਖ ਲਿਆ ਜਾਂਦਾ ਹੈ ਜਿਵੇਂ ਪਿਉਂ, ਖੁਦਾ, ਭੂਆ ਆਦਿ। ਇਸੇ ਤਰ੍ਹਾਂ 'ਖਾਸ ਨਾਂਵ' ਕਰਕੇ ਜਾਣੇ ਜਾਂਦੇ ਨਾਂਵਾਂ ਨੂੰ ਵੀ ਵਖਰੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਵਿਚ ਵੀ ਵਿਕਾਰ ਨਹੀਂ ਹੁੰਦੇ।

1.1.2 **ਪੜਨਾਂਵ** : ਉਨ੍ਹਾਂ ਸਾਰੇ ਸ਼ਬਦਾਂ ਨੂੰ ਜੋ ਵਚਨ ਅਤੇ ਕਾਰਕ ਅਨੁਸਾਰ ਰੂਪਾਂਤਰਿਤ ਹੋਣ ਅਤੇ ਜੋ ਨਾਂਵ ਦੀ ਜਗ੍ਹਾਂ ਤੇ ਵਿਚਰਦੇ ਨਾਂਵ ਦੇ ਵਾਕਾਤਮਕ ਕਾਰਜ ਨੂੰ ਸਾਕਾਰ ਕਰਦੇ ਹੋਣ, ਪੜਨਾਂਵ ਕਿਹਾ ਜਾਂਦਾ ਹੈ। ਇਸ ਸ਼੍ਰੇਣੀ ਦੇ ਸ਼ਬਦਾਂ ਦੀ ਗਿਣਤੀ ਸੀਮਤ ਹੁੰਦੀ ਹੈ। ਪੜਨਾਂਵ ਸ਼ਬਦਾਂ ਵਿਚ ਕੋਈ ਲਿੰਗ ਭੇਦ ਨਹੀਂ ਹੁੰਦਾ। ਇਸ ਵਿਚਲੇ ਸ਼ਬਦਾਂ ਨੂੰ ਅੱਗੋਂ ਤਿੰਨ ਵਰਗਾਂ ਵਿਚ ਰੱਖਿਆ ਜਾਂਦਾ ਹੈ। ਪਹਿਲੇ ਵਰਗ ਵਿਚ ਉਹ ਪੜਨਾਂਵ ਰੱਖੇ ਗਏ ਹਨ ਜੋ ਸਾਧਾਰਨ, ਸੰਬੰਧਕੀ, ਸੰਪਰਦਾਨ, ਅਪਾਦਾਨ, ਸੰਬੰਧ ਸੂਚਕ ਕਾਰਕੀ ਰੂਪਾਂ ਲਈ ਰੂਪਾਂਤਰਿਤ ਹੁੰਦੇ ਹਨ। ਇਸ ਵਿਚ ਪਹਿਲਾ ਪੁਰਖ ਅਤੇ ਦੂਜਾ ਪੁਰਖ ਵਜੋਂ ਜਾਣੇ ਜਾਂਦੇ ਪੜਨਾਂਵ ਆਉਂਦੇ ਹਨ। ਦੂਜੇ ਵਰਗ ਵਿਚ ਆਉਣ ਵਾਲੇ ਪੜਨਾਂਵ ਕਾਰਕ ਲਈ ਵੀ ਰੂਪਾਂਤਰਿਤ ਹੁੰਦੇ ਹਨ। ਇਸ ਵਿਚ ਤੀਜਾ ਪੁਰਖ ਵਜੋਂ ਜਾਣੇ ਜਾਂਦੇ ਪੜਨਾਂਵ ਆ ਜਾਂਦੇ ਹਨ। ਤੀਜੇ ਵਰਗ ਵਿਚ ਉਹ ਪੜਨਾਂਵ ਰੱਖੇ ਜਾਂਦੇ ਹਨ ਜੋ ਸਿਰਫ ਕਾਰਕ ਲਈ ਰੂਪਾਂਤਰਿਤ ਹੁੰਦੇ ਹਨ। ਪ੍ਰਸ਼ਨਵਾਚਕ ਤੇ ਸੰਬੰਧ ਵਾਚਕ ਪੜਨਾਂਵ ਵਜੋਂ ਜਾਣੇ ਸ਼ਬਦ ਇਸੇ ਸ਼੍ਰੇਣੀ ਵਿਚ ਆ ਜਾਂਦੇ ਹਨ।

1.1.3. **ਵਿਸ਼ੇਸ਼ਣ** : ਪੰਜਾਬੀ ਭਾਸ਼ਾ ਵਿਚਲੀ ਸ਼ਬਦਾਵਲੀ ਦੇ ਉਹ ਸਾਰੇ ਸ਼ਬਦ ਜੋ ਨਾਂਵ ਦੇ ਵਿਸ਼ੇਸ਼ਕ ਦੇ ਤੌਰ ਤੇ ਵਿਚਰਦੇ ਹਨ ਉਨ੍ਹਾਂ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਇਹ ਸ਼ਬਦ ਲਿੰਗ, ਵਚਨ ਤੇ ਕਾਰਕ ਆਪਣੇ ਰੂਪ ਨਾਂਵ ਦੇ ਰੂਪ ਅਨੁਸਾਰ ਵਟਾਉਂਦੇ ਹਨ।

1.1.4. **ਕਿਰਿਆ** : ਰੂਪ ਦੇ ਆਧਾਰ ਤੇ ਪੰਜਾਬੀ ਕਿਰਿਆ ਦੇ ਸ਼ਬਦਾਵਲੀ ਨੂੰ ਦੋ ਹਿੱਸਿਆ ਵਿਚ ਵੰਡਿਆ ਜਾਂਦਾ ਹੈ। ਕਾਲਕੀ ਤੇ ਅਕਾਲਕੀ। ਉਹ ਸ਼ਬਦ ਰੂਪ ਜੋ ਧਾਤੂ ਰੂਪ ਵਿਚ ਜਾਂ ਜਿਨ੍ਹਾਂ ਦੇ ਧਾਤੂ ਰੂਪ/ਦਿਆ/,/-ਇਆ,/,/-ਕੇ/,-ਣੋ/,/-ਨੋ ਆਦਿ ਪਿਛੇਤਰਾਂ ਨਾਲ ਵਿਚਰ ਸਕਦੇ ਹੋਣ ਉਨ੍ਹਾਂ ਨੂੰ ਅਕਾਲਕੀ ਕਿਰਿਆ ਦਾ ਨਾਂ ਦਿੱਤਾ ਜਾਂਦਾ ਹੈ। ਇਹ ਸ਼ਬਦ ਰੂਪ ਵਿਚ ਕਿਸੇ ਵੀ ਵਿਆਕਰਨਕ ਸ਼੍ਰੇਣੀ ਲਈ ਰੂਪਾਂਤਰਿਤ ਨਹੀਂ ਹੁੰਦੇ। ਬਾਕੀ ਸਾਰੇ ਕਿਰਿਆ ਰੂਪਾਂ ਨੂੰ ਦੂਜੇ ਵਰਗ ਵਿਚ ਰੱਖਿਆ ਜਾਂਦਾ ਹੈ। ਇਹ ਕਾਲਕੀ ਰੂਪ ਲਿੰਗ, ਵਚਨ, ਪੁਰਖ, ਆਸਪੈਕਟ ਅਤੇ ਅਵਸਥਾ ਆਦਿ ਵਿਆਕਰਨਕ ਸ਼੍ਰੇਣੀਆਂ ਲਈ ਰੂਪਾਂਤਰਿਤ ਹੁੰਦੇ ਹਨ।

1.2 **ਅਵਿਕਾਰੀ ਸ਼ਬਦ** : ਅਵਿਕਾਰੀ ਸ਼ਬਦਾਵਲੀ ਉਸ ਨੂੰ ਆਖਿਆ ਜਾਂਦਾ ਹੈ ਜਿਸ ਸ਼ਬਦਾਵਲੀ ਦੇ ਸ਼ਬਦਾਂ ਦੇ ਰੂਪਾਂ ਵਿਚ ਕਿਸੇ ਵਿਆਕਰਨਕ ਸ਼੍ਰੇਣੀ ਅਰਥਾਤ ਲਿੰਗ, ਵਚਨ, ਕਾਲ, ਪੁਰਖ, ਆਸਪੈਕਟ, ਕਾਰਕ ਆਦਿ ਕਾਰਨ ਕੋਈ ਤਬਦੀਲੀ ਨਹੀ ਆਉਂਦੀ। ਵਾਕ ਵਿਚ ਇਹ ਰੂਪ ਅਬਦਲ ਬਣੇ ਰਹਿੰਦੇ ਹਨ। ਕਿਰਿਆ ਵਿਸ਼ੇਸ਼ਣ, ਸੰਬੰਧਕ,

ਵਿਸਮਿਕ ਤੇ ਯੋਜਕ ਸ਼੍ਰੇਣੀਆਂ ਦੇ ਸ਼ਬਦ ਇਸੇ ਵਰਗ ਅਧੀਨ ਹੀ ਆਉਂਦੇ ਹਨ।

1.2.1.**ਕਿਰਿਆ ਵਿਸ਼ੇਸ਼ਣ** : ਜੋ ਸ਼ਬਦ ਕਿਰਿਆ ਵਿਸ਼ੇਸ਼ਕ ਵਜੋਂ ਕਾਰਜ ਕਰਦੇ ਹਨ ਉਨ੍ਹਾਂ ਨੂੰ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ। ਇਹ ਸ਼੍ਰੇਣੀ ਨਿਰੋਲ ਕਾਰਜ ਅਧਾਰਤ ਹੈ, ਭਾਵ ਜੋ ਸ਼ਬਦ ਕਿਰਿਆ ਵਰਗ ਦੇ ਸ਼ਬਦਾਂ ਤੋਂ ਪ੍ਰਭਾਵਿਤ ਕਰਦੇ ਹਨ ਉਨ੍ਹਾਂ ਨੂੰ ਕਿਰਿਆ ਵਿਸ਼ੇਸ਼ਣ ਕਿਹਾ ਜਾਂਦਾ ਹੈ। ਵਾਕ ਤਰਤੀਬ ਵਿਚ ਇਨ੍ਹਾਂ ਦਾ ਸਥਾਨ ਆਮ ਤੌਰ ਤੇ ਕਿਰਿਆ ਤੋਂ ਪਹਿਲਾਂ ਹੁੰਦਾ ਹੈ ਪਰੰਤੂ ਆਮ ਬੋਲ-ਚਾਲ ਦੀ ਭਾਸ਼ਾ ਵਿਚ ਇਹ ਸਥਾਨ ਬਦਲ ਵੀ ਸਕਦਾ ਹੈ।

1.2.2. **ਸੰਬੰਧਕ** : ਵਾਕਾਤਮਕ ਬਣਤਰ ਵਿਚ ਵਿਚਰਦੇ ਨਾਂਵ, ਨਾਂਵ-ਵਾਕੰਸ਼ ਅਤੇ ਕਿਰਿਆ-ਵਾਕੰਸ਼ ਦੇ ਪਰਸਪਰ ਵਾਕਾਤਮਕ ਅਤੇ ਆਰਥਕ ਸੰਬੰਧਾਂ ਨੂੰ ਕਾਰਕੀ ਸੰਬੰਧ ਕਿਹਾ ਜਾਂਦਾ ਹੈ। ਪੰਜਾਬੀ ਵਿਚ ਇਨ੍ਹਾਂ ਸੰਬੰਧਾਂ ਦੀ ਸਥਾਪਤੀ ਸ਼ਬਦ ਤਰਤੀਬ ਰਾਹੀਂ, ਸੰਯੋਗਾਤਮਕ ਕਾਰਕੀ ਵਾਹਕਾਂ (ਵਿਭਕਤੀਆਂ) ਅਤੇ ਵਿਯੋਗਾਤਮਕ ਕਾਰਕੀ ਵਾਹਕਾਂ (ਸੰਬੰਧਕਾਂ) ਰਾਹੀਂ ਹੁੰਦੀ ਹੈ। ਪੰਜਾਬੀ ਵਿਚ ਸੰਬੰਧਕ ਸ਼ਬਦ ਸ਼੍ਰੇਣੀ ਅਜਿਹੀ ਹੈ ਜੋ ਨਾਂਵ ਜਾਂ ਪੜਨਾਂਵ ਤੋਂ ਪਿਛੋਂ ਵਿਚਰਦੀ ਹੈ ਅਤੇ ਬਾਅਦ ਵਿਚ ਆਉਣ ਵਾਲੇ ਨਾਂਵ, ਕਿਰਿਆ ਜਾਂ ਕਿਰਿਆ ਵਿਸ਼ੇਸ਼ਣ ਦਾ ਆਪਣੇ ਤੋਂ ਪਹਿਲਾਂ ਆਉਂਦੇ ਨਾਂਵ ਨਾਲ ਕਾਰਕੀ ਸੰਬੰਧ ਸਥਾਪਤ ਕਰਦੀ ਹੈ। ਇਸ ਸ਼੍ਰੇਣੀ ਵਿਚ ਆਉਣ ਵਾਲੇ ਸ਼ਬਦਾਂ ਵਿਚੋਂ ਇਕ 'ਦਾ' ਅਜਿਹਾ ਸ਼ਬਦ ਹੈ ਜਿਸ ਦਾ ਰੂਪ ਨਾਂਵ ਸ਼੍ਰੇਣੀ ਦੇ ਰੂਪ ਅਨੁਸਾਰ ਸਾਰ ਬਦਲ ਜਾਂਦਾ ਹੈ। ਬਾਕੀ ਸਾਰੇ ਸੰਬੰਧਕ ਅਵਿਕਾਰੀ ਹਨ।

1.2.3. **ਯੋਜਕ** : ਉਹ ਸ਼ਬਦ ਰੂਪ ਜੋ ਦੋ ਸ਼ਬਦਾਂ, ਵਾਕੰਸ਼ਾਂ, ਉਪ-ਵਾਕਾਂ ਵਿਚ ਆਪਸ ਵਿਚ ਜੋੜਨ ਦਾ ਕੰਮ ਕਰਦੇ ਹਨ, ਵਿਆਕਰਨਕ ਸ਼ਬਦਾਵਲੀ ਵਿਚ ਇਨ੍ਹਾਂ ਨੂੰ ਯੋਜਕ ਕਿਹਾ ਜਾਂਦਾ ਹੈ। ਪੰਜਾਬੀ ਵਿਚ ਯੋਜਕ ਅਵਿਕਾਰੀ ਸ਼ਬਦ ਹੁੰਦੇ ਹਨ ਅਤੇ ਇਹ ਸ਼ਬਦ ਬੰਦ ਸ਼ਬਦ ਸ਼੍ਰੇਣੀ ਨਾਲ ਸੰਬੰਧਤ ਹੁੰਦੇ ਹਨ।

1.2.4. **ਵਿਸਮਿਕ** : ਬੁਲਾਰੇ ਦੀ ਭਾਵਨਾਤਮਕ ਮਨੋਸਥਿਤੀ ਨੂੰ ਪ੍ਰਗਟਾਉਣ ਵਾਲੇ ਸ਼ਬਦਾਂ ਨੂੰ ਵਿਸਮਿਕ ਸ਼ਬਦ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਪੰਜਾਬੀ ਸ਼ਬਦਾਵਲੀ ਵਿਚ ਵਾਹ, ਕਾਸ਼, ਸ਼ਾਬਾਸ਼, ਬੱਲੇ ਆਦਿ ਵਿਸਮਿਕ ਸ਼ਬਦ ਸ਼੍ਰੇਣੀ ਦੇ ਸ਼ਬਦ ਹਨ। ਇਸ ਸ਼ਬਦ ਸ਼੍ਰੇਣੀ ਦੇ ਸ਼ਬਦ ਅਵਿਕਾਰੀ ਹੁੰਦੇ ਹਨ, ਭਾਵ ਇਨ੍ਹਾਂ ਦੇ ਰੂਪ ਵਿਚ ਪਰਿਵਰਤਨ ਨਹੀਂ ਆਉਂਦਾ।

1.2.5. **ਪਾਰਟੀਕਲਜ਼** : ਪਾਰਟੀਕਲਜ਼ ਇਕ ਅਜਿਹੀ ਸ਼ਬਦ ਸ਼੍ਰੇਣੀ ਹੈ ਜਿਸ ਦਾ ਵਾਕਾਤਮਕ ਕਾਰਜ ਪ੍ਰਤੱਖ ਹੈ ਪਰੰਤੂ ਉਪਰੋਕਤ ਸ਼੍ਰੇਣੀਆਂ ਵਿਚੋਂ ਕਿਸੇ ਵਿਚ ਵੀ ਇਨ੍ਹਾਂ ਦਾ ਕਾਰਜ ਸਾਂਝਾ ਨਹੀਂ ਭਾਵੇਂ ਕਿ ਵਾਕ-ਬਣਤਰ ਵਿਚ ਇਹ ਬਹੁਤ ਮਹੱਤਵਪੂਰਨ ਸ਼ਬਦ ਹੁੰਦੇ ਹਨ। ਇਨ੍ਹਾਂ ਦੇ ਵੀ ਅੱਗੋਂ ਦੋ ਵਰਗ ਬਣ ਜਾਂਦੇ ਹਨ - ਪਹਿਲਾਂ ਨਾਂਹ-ਵਾਚਕ ਸ਼ਬਦਾਂ ਦਾ ਤੇ ਦੂਸਰਾ ਦਬਾ ਵਾਚਕ ਸ਼ਬਦ ਦਾ। ਪੰਜਾਬੀ ਵਿਚ ਨਾਂਹ-ਵਾਚਕ ਪਾਰਟੀਕਲ ਮੂਲ ਰੂਪ ਵਿਚ ਤਿੰਨ ਸ਼ਬਦ - ਨਾ, ਨਹੀਂ, ਨਹੀਂਓ - ਹਨ ਅਤੇ ਦਬਾ ਬੋਧਕ ਅੰਸ਼/ਈ, ਹੀ, ਹਾਂ, ਤੇ, ਹੈ, ਤਾਂ ਸਹੀ, ਪਲਾ, ਖਾ, ਜੁ, ਕਾਹਦਾ, ਬਹੁਤਾ, ਆਦਿ ਹਨ।

2. **ਸਥਾਨ ਅਤੇ ਕਾਰਜ ਦਾ ਆਧਾਰ** : ਸ਼ਬਦ ਸ਼੍ਰੇਣੀਆਂ ਦੀ ਸਥਾਪਨਾ ਸ਼ਬਦਾਂ ਦੇ ਵਾਕ-ਬਣਤਰ ਵਿਚ ਕਿਸੇ ਨਿਸ਼ਚਤ ਥਾਂ ਤੇ ਵਰਤੇ ਜਾਣ ਦੇ ਆਧਾਰ ਤੇ ਵੀ ਕੀਤੀ ਜਾਂਦੀ ਹੈ। ਵੱਖ-ਵੱਖ ਸ਼ਬਦਾਂ ਦੇ ਵੱਖ-ਵੱਖ ਸਥਾਨਾਂ ਤੇ ਵਰਤੇ ਜਾਣ ਦਾ ਵਿਸ਼ੇਸ਼ ਅਧਿਕਾਰ ਹੀ ਉਨ੍ਹਾਂ ਦਾ ਕਾਰਜ ਹੁੰਦਾ ਹੈ। ਇਸ ਆਧਾਰ ਤੇ ਪੰਜਾਬੀ ਸ਼ਬਦਾਵਲੀ ਨੂੰ ਮੁੱਖ ਤੌਰ ਤੇ ਤਿੰਨ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

2.1. **ਨਾਂਵ ਮਾਤਰ (Nominal)** : ਉਹ ਸਾਰੇ ਸ਼ਬਦਾਂ ਨੂੰ ਵਾਕ ਵਿਚ ਕਿਰਿਆ ਤੇ ਕਰਤਾ ਜਾਂ ਕਰਮਾਂ ਵਜੋਂ ਵਿਚਰਦੇ ਹਨ, ਸ਼ਬਦਾਂ ਦੀ ਨਾਂਵ ਸ਼ਬਦ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ ਜਿਵੇਂ :

(ੳ) ਮੁੰਡਾ ਦੌੜਦਾ ਹੈ

(ਅ) ਮੁੰਡੇ[1] ਨੇ ਕੁੱਤੇ[2] ਨੂੰ ਮਾਰਿਆ

(ੲ) ਮੁੰਡੇ[1] ਨੇ ਕੁੱਤੇ[2] ਨੂੰ ਸੋਟੀ ਨਾਲ ਮਾਰਿਆ।

(ਸ) ਉਸ[1] ਨੇ ਸ਼ਾਮ[2] ਨੂੰ ਕਿਤਾਬ ਦਿੱਤੀ।

(ਹ) ਗਰੀਬ[1] ਨੂੰ ਨਾ ਮਾਰੋ।

(ਕ) ਨੱਚਣਾ[1] ਗੈਰ-ਕਾਨੂੰਨੀ ਹੈ।

ਉਪਰੋਕਤ ਉਦਾਹਰਨਾਂ ਵਿਚ ਸ਼ਬਦ (1) ਸਾਰੇ ਵਾਕਾਂ ਵਿਚ ਕਿਰਿਆ ਦੇ ਕਰਤਾ ਵਜੋਂ ਕਾਰਜ ਕਰਦੇ ਹਨ। (ੳ) ਤੋਂ (ੲ) ਤੱਕ ਦੇ ਵਾਕਾਂ ਵਿਚ ਮੁੰਡਾ ਸ਼ਬਦ ਨਾਂਵ ਹੈ, (ਸ) ਵਿਚ ਉਹ ਪੜਨਾਵ ਸ਼ਬਦ ਹੈ ਜੋ ਨਾਂਵ ਦੀ ਥਾਂ ਕਾਰਜ ਕਰ ਰਿਹਾ ਹੈ (ਹ) ਵਿਚ ਗਰੀਬ ਸ਼ਬਦ ਨਾਂਵ ਵਜੋਂ ਅਤੇ ਕਿਰਿਆ ਦੇ ਕਰਤਾ ਵਜੋਂ ਕਾਰਜ ਕਰਦਾ ਹੈ, ਭਾਵੇਂ ਸ਼ਬਦ ਸ਼੍ਰੇਣੀ ਦੇ ਪੱਧਰ ਤੇ ਇਹ ਸ਼ਬਦ ਸ਼੍ਰੇਣੀ ਦਾ ਮੈਂਬਰ ਹੈ। ਇਸੇ ਤਰ੍ਹਾਂ ਨੱਚਣਾ ਸ਼ਬਦ ਮੂਲ ਰੂਪ ਵਿਚ ਕਿਰਿਆ ਸ਼ਬਦ ਸ਼੍ਰੇਣੀ ਦਾ ਮੈਂਬਰ ਹੈ ਪਰ ਵਾਕ (ਕ) ਇਹ ਇਹ ਕਿਰਿਆ ਦੇ ਕਰਤਾ ਵਜੋਂ ਵਿਚਰਦਾ ਹੈ। ਸ਼ਬਦ (2) ਵਾਕ ਵਿਚ ਕਿਰਿਆ ਦੇ ਅਪ੍ਰਧਾਨ ਕਰਮ ਵਜੋਂ ਵਿਚਰਦੇ ਹਨ ਅਤੇ ਸ਼ਬਦ (3) ਪ੍ਰਧਾਨ ਕਰਮ ਵਜੋਂ। ਸੋ ਜੋ ਸ਼ਬਦ ਕਿਰਿਆ ਤੇ ਕਰਮ ਹੋਣ ਦਾ ਕਾਰਜ ਅਦਾ ਕਰ ਰਹੇ ਹੋਣਗੇ ਉਨ੍ਹਾਂ ਨੂੰ ਨਾਂਵ ਮਾਤਰ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।

2.2. **ਵਿਸ਼ੇਸ਼ਣ ਮਾਤਰ** :- ਪੰਜਾਬੀ ਵਾਕ ਬਣਤਰ ਵਿਚ ਨਾਂਵ ਸ਼ਬਦਾਂ ਦੀ ਵਿਸ਼ੇਸ਼ਤਾ ਦਾ ਕਾਰਜ ਕਰਨ ਵਾਲੇ ਸ਼ਬਦਾਂ ਨੂੰ ਵਿਸ਼ੇਸ਼ਣ ਮਾਤਰ ਜਾਂ ਵਿਸ਼ੇਸ਼ਕ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦਾ ਸਥਾਨ ਮੁੱਖ ਰੂਪ ਵਿਚ ਨਾਂਵ ਦੇ ਪਹਿਲੇ ਹੀ ਬੱਝਿਆ ਹੋਇਆ ਹੈ। ਜਿਵੇਂ :

(ੳ) **ਬੱਚਾ** ਡਿੱਗ ਪਿਆ।

(ਅ) **ਲੰਮਾ ਬੱਚਾ** ਡਿੱਗ ਪਿਆ।

(ੲ) **ਦੌੜਦਾ ਬੱਚਾ** ਡਿੱਗ ਪਿਆ।

(ਸ) **ਪਟਕੇ ਵਾਲਾ ਬੱਚਾ** ਡਿੱਗ ਪਿਆ।

(ਹ) **ਨਰਸਰੀ ਦਾ ਬੱਚਾ** ਡਿੱਗ ਪਿਆ।

ਉਪਰੋਕਤ (ੳ) ਸਾਧਾਰਨ ਬਿਆਨੀਆਂ ਵਾਕ ਪਰੰਤੂ 'ਅ' ਤੋਂ ਲੈ ਕੇ 'ਹ' ਤਕ ਇਸ ਬੱਚੇ ਦੀ ਵਿਸ਼ੇਸ਼ਤਾ ਦਾ ਕਾਰਜ ਇਕ ਵਿਸ਼ੇਸ਼ਣ, ਕਿਰਿਆ ਤੇ ਸੰਬੰਧਕੀ ਵਾਕੰਸ਼ ਪ੍ਰਗਟ ਕਰ ਰਹੇ ਹਨ ਕਿਉਂਕਿ ਇਹ ਸਥਾਨ ਵਿਸ਼ੇਸ਼ਣਾਂ ਲਈ ਬੱਝਾ ਹੈ ਇਸ ਲਈ ਇਸ ਸਥਾਨ ਤੇ ਵਰਤੇ ਜਾਣ ਵਾਲੇ ਕਿਰਿਆ ਰੂਪ, ਸੰਬੰਧਕੀ ਰੂਪ, ਪੜਨਾਂਵੀ ਰੂਪ ਨਾਂਵ-ਵਾਕੰਸ਼ੀ ਰੂਪ ਵਿਸ਼ੇਸ਼ਣ ਮਾਤਰ ਸ਼ਬਦਾਂ ਦੀ ਸ਼੍ਰੇਣੀ ਵਿਚ ਹੀ ਆਉਂਦੇ ਹਨ।

3. **ਕਿਰਿਆ ਮਾਤਰ** : ਪੰਜਾਬੀ ਵਾਕ ਬਣਤਰ ਵਿਚ ਕਿਰਿਆ ਦਾ ਸਥਾਨ ਅੰਤਮ ਹੁੰਦਾ ਹੈ ਅਤੇ ਕਾਰਜ ਦੇ ਪੱਧਰ ਤੇ ਕਿਰਿਆ ਨੂੰ ਵਿਧੇ ਦੇ ਅੰਗ ਵਜੋਂ ਜਾਣਿਆ ਜਾਂਦਾ ਹੈ ਜਿਵੇਂ :

(ੳ) ਬੱਚਾ ਦੌੜਿਆ

(ਅ) ਬੱਚਾ ਦੌੜ ਰਿਹਾ ਹੈ

(ੲ) ਬੱਚਾ ਦੌੜ ਰਿਹਾ ਏ

(ਸ) ਬੱਚੇ ਦੌੜ ਰਹੇ ਨੇ

(ਹ) ਉਹ ਕੀ ਕਰਦੇ ਨੇ

ਉਪਰੋਕਤ ਉਦਾਹਰਨਾਂ ਵਿਚ ਵਾਕ ਦਾ ਅੰਤਮ ਸਥਾਨ ਮੁਖ ਕਿਰਿਆ ਜਾਂ ਸਹਾਇਕ ਕਿਰਿਆ ਨੂੰ ਪ੍ਰਾਪਤ ਹੈ ਪਰੰਤੂ ਵਾਕ ਨੰ: (ੲ), (ਸ) ਅਤੇ (ਹ) ਵਿਚ ਇਹ ਸਥਾਨ /ਏ/ ਅਤੇ ਨੇ ਨੂੰ ਪ੍ਰਾਪਤ ਹੈ ਜੋ ਕਿ ਕਿਸੇ ਹੋਰ ਸ਼ਬਦ ਸ਼੍ਰੇਣੀ ਦੇ ਅੰਗ ਹੋਣ ਦਾ ਭੁਲੇਖਾ ਵੀ ਸਿਰਜਦੇ ਹਨ। ਪਰੰਤੂ ਕਿਉਂਕਿ ਇਨ੍ਹਾਂ ਸ਼ਬਦਾਂ ਦਾ ਕਾਰਜ ਸਹਾਇਕ ਕਿਰਿਆ ਵਾਲਾ ਹੀ ਹੈ ਸੋ ਇਨ੍ਹਾਂ ਸ਼ਬਦਾਂ ਨੂੰ ਕਿਰਿਆ ਮਾਤਰ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।

## ਪ੍ਰਸ਼ਨ

1. ਭਾਵੰਸ਼ ਬਾਰੇ ਸੰਖੇਪ ਜਾਣਕਾਰੀ ਦਿਉ।
2. ਪੰਜਾਬੀ ਬਾਰੇ ਪ੍ਰਮੁੱਖ ਭਾਵੰਸ਼ਾਂ ਸੰਬੰਧੀ ਜਾਣਕਾਰੀ ਦਿਓ।
3. ਪੰਜਾਬੀ ਦੇ ਲਿੰਗ ਵਚਨ ਸੰਬੰਧ ਭਾਵੰਸ਼ ਦਾ ਵੇਰਵਾ ਦਿਉ।
4. ਪੰਜਾਬੀ ਦੇ ਕਿਰਿਆ ਰੂਪਾਂ ਵਿਚ ਵਰਤੇ ਜਾਣ ਵਾਲੇ ਪ੍ਰਮੁੱਖ ਭਾਵੰਸ਼ਾਂ ਦਾ ਵਿਵਰਣ ਦਿਉ।
5. ਹੇਠ ਲਿਖਿਆਂ ਉਤੇ ਨੋਟ ਲਿਖੋ :

ਪੰਜਾਬੀ ਦੇ ਨਿਖੇਧਾਤਮਕ ਭਾਵੰਸ਼ ਨਾਂਵ ਦੇ ਸੰਬੰਧਕੀ ਰੂਪਾਂ ਵਾਲੇ ਭਾਵੰਸ਼, ਪ੍ਰੇਰਨਾਰਥਕ ਭਾਵੰਸ਼ ਇਸਤਰੀ ਲਿੰਗ ਭਾਵ ਬੋਧਕ ਭਾਵੰਸ਼।

6. ਵਿਆਕਰਨਕ ਵਰਗ ਤੋਂ ਕੀ ਭਾਵ ਹੈ।
7. ਵਿਆਕਰਨਕ ਲਿੰਗ ਤੋਂ ਕੀ ਭਾਵ ਹੈ।
8. ਵਚਨ ਤੋਂ ਕੀ ਭਾਵ ਹੈ।
9. ਕਾਰਕ ਦਾ ਕੀ ਕਾਰਜ ਹੈ।
10. ਵਾਚ ਕਿਸ ਨੂੰ ਕਹਿੰਦੇ ਹਨ।
11. ਅਕਰਤਮਤਾ ਤੇ ਸਕਰਮਤਾ ਤੋਂ ਕੀ ਭਾਵ ਹੈ।
12. ਲਿੰਗ ਵਾਕ ਵਿਚ ਕੀ ਕਾਰਜ ਕਰਦਾ ਹੈ।
13. ਕਾਰਕ ਕਿਰਿਆ ਤੇ ਕੀ ਪ੍ਰਭਾਵ ਪਾਉਂਦਾ ਹੈ।
14. ਨਿਕਟ ਅੰਗ ਵਿਸ਼ਲੇਸ਼ਣ ਤੋਂ ਕੀ ਭਾਵ ਹੈ?
15. ਸ਼ਬਦ ਅਤੇ ਵਾਕੰਸ਼ ਵਿਚਲਾ ਅੰਤਰ ਦੱਸੋ।
16. ਵਿਸ਼ੇਸ਼ਣ ਅਤੇ ਕਿਰਿਆ ਵਿਸ਼ੇਸ਼ਣ ਵਿਚ ਕੀ ਅੰਤਰ ਹੈ।
17. ਧਾਤੂ ਕੀ ਹੈ। ਉਦਾਹਰਣ ਦੇ ਕੇ ਸਪੱਸ਼ਟ ਕਰੋ।
18. ਵਿਕਾਰੀ ਸ਼ਬਦ ਕਿਸ ਨੂੰ ਆਖਦੇ ਹਨ ?
19. ਅਵਿਕਾਰੀ ਸ਼ਬਦ ਕਿਸ ਨੂੰ ਆਖਦੇ ਹਨ ?
20. ਵਧੇਤਰ ਕੀ ਹੁੰਦੇ ਹਨ ? ਕਿਸਮਾਂ ਦੱਸੋ ?

## ਸਹਾਇਕ ਪੁਸਤਕਾਂ

1. ਪੰਜਾਬੀ ਭਾਸ਼ਾ ਦਾ ਇਤਿਹਾਸ — ਲੇਖਕ : ਡਾ. ਵੀ.ਬੀ. ਅਰੁਣ
   ਪ੍ਰਕਾਸ਼ਕ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ।
2. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ — ਲੇਖਕ : ਡਾ. ਪ੍ਰੇਮ ਪ੍ਰਕਾਸ਼ ਸਿੰਘ
   (ਪਹਿਲਾ ਐਡੀਸ਼ਨ) ਪ੍ਰਕਾਸ਼ਕ -ਲਾਹੌਰ ਬੁਕ ਸ਼ਾਪ ਲੁਧਿਆਣਾ।
3. ਭਾਸ਼ਾ ਤੇ ਭਾਸ਼ਾ ਵਿਗਿਆਨ — ਲੇਖਕ : ਡਾ. ਹਰਕੀਰਤ ਸਿੰਘ
4. ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ। — ਲੇਖਕ : ਡਾ. ਹਰਕੀਰਤ ਸਿੰਘ ਤੇ ਉੱਜਲ ਸਿੰਘ
   ਪ੍ਰਕਾਸ਼ਕ ਬਾਹਰੀ ਪਬਲੀਕੇਸ਼ਨਜ਼, ਦਿੱਲੀ।
5. ਨਵੀਨ ਭਾਸ਼ਾ ਵਿਗਿਆਨ — ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ
   ਪੈਪਸੂ ਬੁਕ ਡਿਪੋ, ਪਟਿਆਲਾ।

ਪਾਠ ਨੰਬਰ : 2.3

## ਵਿਆਕਰਨਕ ਇਕਾਈਆਂ : ਵਾਕ, ਉਪਵਾਕ ਅਤੇ ਵਾਕੰਸ਼

ਸ਼ਬਦ 'ਇਕਾਈਂ' ਦਾ ਸਿੱਧਾ-ਸਾਦਾ ਅਰਥ ਹੈ : ਇਕ ਹੋਂਦ। ਦੂਜੇ ਸ਼ਬਦਾਂ ਵਿਚ ਇੰਜ ਕਿਹਾ ਜਾ ਸਕਦਾ ਹੈ ਕਿ ਉਹ ਹੋਂਦ ਜੋ ਆਪਣੇ ਆਪ ਵਿਚ ਸੁਤੰਤਰ ਹੋਵੇ ਅਤੇ ਵੱਖਰੇ ਮੁਹਾਂਦਰੇ ਦੀ ਮਾਲਕ ਹੋਵੇ ਨੂੰ ਇਕਾਈ ਮੰਨਿਆ ਜਾਂਦਾ ਹੈ, ਕਿਸੇ ਵੱਡੀ ਹੋਂਦ ਦਾ ਅੰਗ ਹੋਣ ਦੀ ਸਥਿਤੀ ਵਿਚ ਵੀ ਇਕ ਇਕਾਈ ਦਾ ਮੁਹਾਂਦਰਾ ਪਛਾਣਨ ਯੋਗ ਬਣਿਆ ਰਹਿੰਦਾ ਹੈ। ਭਾਸ਼ਾ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਜਿਹੜੀ ਭਾਸ਼ਾਈ ਇਕਾਈ ਕਿਸੇ ਵਿਆਕਰਨਕ ਨਿਯਮ ਨੂੰ ਪ੍ਰਗਟ ਕਰਨ ਦਾ ਕਾਰਜ ਕਰਦੀ ਹੈ ਉਸ ਨੂੰ ਵਿਆਕਰਨਕ ਇਕਾਈ ਕਿਹਾ ਜਾਂਦਾ ਹੈ। ਮੁੱਖ ਰੂਪ ਵਿਚ ਭਾਸ਼ਾ ਦੀਆਂ ਪ੍ਰਮੁੱਖ ਇਕਾਈਆਂ ਤਿੰਨ ਹਨ – ਵਾਕ, ਸ਼ਬਦ ਅਤੇ ਧੁਨੀ। ਇਨ੍ਹਾਂ ਵਿਚੋਂ 'ਧੁਨੀ' ਵਿਆਕਰਨਕ ਇਕਾਈ ਨਹੀਂ। ਵਾਕ ਅਤੇ ਸ਼ਬਦ ਆਪਣੇ ਆਪ ਵਿਚ ਇਕ ਤੋਂ ਵੱਧ ਵਿਆਕਰਨਕ ਇਕਾਈਆਂ ਦਾ ਸੁਮੇਲ ਹਨ। ਮਿਸਾਲ ਵਜੋਂ ਵਾਕ ਦੀ ਬਣਤਰ ਵਿਚ 'ਉਪਵਾਕ' ਅਤੇ 'ਵਾਕੰਸ਼' ਪ੍ਰਮੁੱਖ ਇਕਾਈਆਂ ਹਨ ਅਤੇ ਸ਼ਬਦਾਂ ਦੀ ਬਣਤਰ ਵਿਚ ਭਾਵੰਸ਼ (ਸੁਤੰਤਰ ਤੇ ਬੱਝਵੇਂ) ਪ੍ਰਮੁੱਖ ਇਕਾਈਆਂ ਹਨ। ਇੰਝ ਭਾਸ਼ਾ ਦੀਆਂ ਵਿਆਕਰਨਕ ਇਕਾਈਆਂ ਇਹ ਬਣਦੀਆਂ ਹਨ :

1. ਵਾਕ
2. ਉਪਵਾਕ
3. ਵਾਕੰਸ਼
4. ਸ਼ਬਦ
5. ਭਾਵੰਸ਼

ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

### ਵਾਕ

ਪਰਿਭਾਸ਼ਾ : ਵਾਕ, ਭਾਸ਼ਾ ਦੀ ਪਰਤੱਖ ਤੇ ਪਛਾਣਨਯੋਗ ਇਕਾਈ ਹੈ ਪਰੰਤੂ ਜਦੋਂ ਇਸ ਪਛਾਣ ਨੂੰ ਇਕ ਪਰਿਭਾਸ਼ਾ ਵਿਚ ਬੰਨ੍ਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਆਕਰਨਕਾਰਾਂ ਤੇ ਭਾਸ਼ਾ ਵਿਗਿਆਨੀਆਂ ਨੇ ਵੱਖਰੇ-ਵੱਖਰੇ ਦ੍ਰਿਸ਼ਟੀਕੋਣਾਂ ਤੋਂ ਵਾਕ ਨੂੰ ਪਰਿਭਾਸ਼ਤ ਕੀਤਾ ਹੈ। ਉਨ੍ਹਾਂ ਦੀਆਂ ਪਰਿਭਾਸ਼ਾਵਾਂ ਵਿਚੋਂ ਕੁਝ ਕੁ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਅਰਥਾਂ ਦੇ ਆਧਾਰ ਤੇ ਵਾਕ ਦੀ ਪਰਿਭਾਸ਼ਾ ਦੇਣ ਵਾਲੇ ਵਿਦਵਾਨਾਂ ਦਾ ਵਿਚਾਰ ਹੈ ਕਿ 'ਪੂਰੇ ਬੋਲ ਨੂੰ ਵਾਕ ਕਿਹਾ ਜਾਂਦਾ ਹੈ ਜਾਂ "ਪੂਰਾ ਬੋਲ ਜੋ ਕਿਸੇ ਹੋਰ ਬੋਲ ਦੀ ਸਹਾਇਤਾ ਬਿਨਾਂ ਪੂਰੇ ਅਰਥ ਦੇਵੇ, ਵਾਕ ਹੈ।" ਇਨ੍ਹਾਂ ਪਰਿਭਾਸ਼ਾਵਾਂ ਵਿਚ 'ਪੂਰੇ' ਦੀ ਸੀਮਾ ਨਿਰਧਾਰਤ ਕਰਨੀ ਬੜੀ ਔਖੀ ਹੈ। ਧੁਨੀ ਵਿਉਂਤ ਦੇ ਪੱਖੋਂ ਵਾਕ ਦੀ ਪਰਿਭਾਸ਼ਾ ਇੰਜ ਦਿੱਤੀ ਜਾਂਦੀ ਹੈ "ਦੋ ਪੂਰਨ ਠਹਿਰਾਵਾਂ ਦੇ ਵਿਚਾਲੇ ਆਏ ਤੇ ਇਕ ਤਾਣ-ਜੁਗਤ ਨਾਲ ਸੰਬੰਧਿਤ ਬੋਲ ਨੂੰ ਵਾਕ ਕਿਹਾ ਜਾਂਦਾ ਹੈ।' ਇਹ ਪਰਿਭਾਸ਼ਾ ਵੀ ਪੂਰਨ ਨਹੀਂ ਹਨ। ਪਹਿਲਾਂ ਤਾਂ ਪੂਰਨ ਠਹਿਰਾਉ ਦੀ ਸੀਮਾ ਨਿਸ਼ਚਿਤ ਕਰਨੀ ਬੜੀ ਔਖੀ ਹੈ। ਦੂਜੀ ਗੱਲ 'ਤਾਣ ਜੁਗਤ' ਬੜੇ ਸੂਖਮ ਸੁਭਾਅ ਦੀ ਵਸਤੂ ਹੈ। ਵੈਸੇ ਵੀ ਔਰਥੋਗ੍ਰਾਫੀ ਦੇ ਪੱਧਰ ਤਕ ਤਾਂ ਠੀਕ ਹੈ, ਪਰ ਬੋਲ ਚਾਲ ਦੇ ਪੱਧਰ ਤੇ ਇਸ ਪਰਿਭਾਸ਼ਾ ਨਾਲ 'ਵਾਕ' ਨਾਂ ਦੀ ਇਕਾਈ ਨੂੰ ਪਰਿਭਾਸ਼ਤ ਨਹੀ ਕੀਤਾ ਜਾ ਸਕਦਾ। ਵੈਸੇ ਵੀ ਜੇ ਲਿਖਤ ਵਿਚ ਮੁਹਾਰਤ ਹਾਸਲ ਕਰਨ ਪਿੱਛੋਂ ਡੰਡੀ ਜਾਂ ਕੌਮਾ ਲਗਾਉਣਾ ਸਿਖ ਲਿਆ ਜਾਵੇ ਤੇ ਇਹ ਕਹੀਏ ਕਿ 'ਵਾਕ' ਦਾ ਪਤਾ ਲਗ ਗਿਆ ਹੈ ਤਾਂ ਇਹ ਵੀ ਠੀਕ ਨਹੀਂ ਹੋਵੇਗਾ। ਲਿਖਤ ਪੱਧਰ ਤੇ ਆਏ ਵਾਕ ਬੋਲਾਂ ਵਿਚ ਵਖਰੀ ਤਰ੍ਹਾਂ ਵਰਤੇ ਜਾਂਦੇ ਹਨ। ਬੋਲਾਂ ਵਿਚ ਤਾਂ ਉਚਾਰ ਹੁੰਦੇ ਹਨ ਅਤੇ ਜ਼ਰੂਰੀ ਨਹੀਂ ਕਿ ਇਹ ਉਚਾਰ ਵਾਕਾਂ ਦੇ ਬਰਾਬਰ ਦੀਆਂ ਇਕਾਈਆਂ ਹੋਣ। ਇਕ ਹੋਰ ਪਰਿਭਾਸ਼ਾ ਅਨੁਸਾਰ, ''ਵਾਕਾਂ, ਸ਼ਬਦਾਂ ਦੀ ਬਣੀ ਇਕ ਅਜਿਹੀ ਵੱਡੀ ਇਕਾਈ ਹੈ ਜਿਸ ਨਾਲ ਇਕ ਮੁਕੰਮਲ ਵਿਚਾਰ ਪ੍ਰਗਟ ਕੀਤਾ ਗਿਆ ਹੁੰਦਾ ਹੈ।"

'ਮੁਕੰਮਲ ਵਿਚਾਰ' ਦਾ ਸੰਕਲਪ ਇਕ ਵਿਗਿਆਨਕ ਮਿਆਰ ਨਹੀਂ ਬਣ ਸਕਦਾ ਕਿਉਂਕਿ ਇਸ ਦੀ ਕੋਈ ਨਿਸ਼ਚਿਤ ਵਿਆਖਿਆ ਨਹੀਂ ਕੀਤੀ ਜਾ ਸਕਦੀ।

''ਸੁਣਿਓ, ਗੱਲ ਸੁਣਿਓ, ਤੁਸੀਂ ਮੇਰੀ ਗੱਲ ਸੁਣਿਓ, ਮੈਂ ਕਿਹਾ ਧਿਆਨ ਦਿਓ, ਬੜਾ ਜ਼ਰੂਰੀ ਐ, ਤੁਸੀਂ ਮੇਰੀ ਗੱਲ ਸੁਣਿਓ।" ਇਹ ਸਾਰੀਆਂ ਇਕਾਈਆਂ ਆਪਣੇ ਆਪ ਵਿਚ 'ਮੁਕੰਮਲ ਵਿਚਾਰ' ਦੀ ਧਾਰਨਾ ਅਤੇ ਇਨ੍ਹਾਂ ਵਿਚਲੇ ਵਖਰੇਵਿਆਂ ਦਾ ਵਰਣਨ ਨਹੀਂ ਕਰ ਸਕਦੀਆਂ। ਹੋਰ ਵੀ ਅਜਿਹੀਆਂ ਅਨੇਕਾਂ ਉਦਾਹਰਨਾਂ ਮਿਲ ਜਾਂਦੀਆਂ ਹਨ ਜਿਥੇ 'ਮੁਕੰਮਲ ਵਿਚਾਰ' ਦੀ ਸੀਮਾ ਨਿਸ਼ਚਿਤ ਕਰਨੀ ਔਖੀ ਹੋ ਜਾਂਦੀ ਹੈ।

ਅਜਿਹੀਆਂ ਪਰਿਭਾਸ਼ਾਵਾਂ ਤੋਂ ਵਾਕ ਦੇ ਦੋ ਲੱਛਣ ਪ੍ਰਗਟ ਹੁੰਦੇ ਹਨ। (ੳ) ਸ਼ਬਦ/ਸ਼ਬਦ ਸਮੂਹ (ਅ) ਸੁਤੰਤਰ ਭਾਸ਼ਾਈ ਇਕਾਈ।

ਸੰਸਕ੍ਰਿਤ ਵਿਆਕਰਨਕਾਰਾਂ ਨੇ ਵਾਕ ਨੂੰ ਪਰਿਭਾਸ਼ਤ ਕਰਨ ਲਈ ਵਾਕ ਦੇ ਲੋੜੀਂਦੇ ਤੱਤਾਂ ਉਤੇ ਜ਼ੋਰ ਦਿੱਤਾ ਹੈ। ਜਿਵੇਂ ਵਿਸ਼ਵਨਾਥ ਨੇ ਆਪਣੇ ਗਰੰਥ 'ਸਾਹਿਤਯ ਦਰਪਣ' ਵਿਚ ਵਾਕ ਦੇ ਪੰਜ ਮੁੱਖ ਤੱਤਾਂ ਦਾ ਜ਼ਿਕਰ ਕੀਤਾ ਹੈ। ਇਹ ਮੁੱਖ ਤੱਤ ਇਸ ਪ੍ਰਕਾਰ ਹਨ : 1. ਸਾਰਥਕਤਾ 2. ਯੋਗਤਾ 3. ਅਕਾਖਿਆ 4. ਨੇੜਤਾ 5. ਅਨਵੈ। ਉਸ ਅਨੁਸਾਰ ਕਿਸੇ ਵੀ ਸੰਪੂਰਨ ਵਾਕ ਵਿਚ ਇਹ ਤੱਤ ਮੌਜੂਦ ਹਨ ਅਤੇ ਇਨ੍ਹਾਂ ਦੀ ਪੂਰਤ ਨਾਲ ਹੀ ਕੋਈ ਵਾਕ ਸਾਰਥਕ ਹੋ ਸਕਦਾ ਹੈ।

ਪਰੰਪਰਾਈ ਵਿਆਕਰਨਾਂ ਵਿਚ 'ਉਦੇਸ਼' ਅਤੇ ਵਿਧੇਅ' ਦੇ ਹਵਾਲੇ ਨਾਲ ਵੀ ਵਾਕ ਦੀ ਪਰਿਭਾਸ਼ਾ ਦਿੱਤੀ ਜਾਂਦੀ ਹੈ। ਵਾਕ 'ਸ਼ਬਦ' ਦਾ ਉਹ ਸਮੂਹ ਹੈ ਜਿਸ ਵਿਚ ਇਕ 'ਉਦੇਸ਼' ਅਤੇ ਇਕ ਵਿਧੇਅ' ਹੁੰਦਾ ਹੈ। 'ਉਦੇਸ਼' ਅਤੇ 'ਵਿਧੇਅ' ਮਦਾਂ ਦੀਆਂ ਜਿਹੜੀਆਂ ਪਰਿਭਾਸ਼ਾਵਾਂ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਨੂੰ ਵਾਕ ਵਿਚ ਇਕਾਈਆਂ ਦੇ ਅਰਥਾਂ ਨਾਲ ਜੋੜ ਦਿੱਤਾ ਜਾਂਦਾ ਹੈ। ਜੋ ਕੁੱਝ ਕਿਹਾ ਜਾਵੇ ਉਹ 'ਵਿਧੇਅ' ਹੁੰਦਾ ਹੈ ਅਤੇ ਜਿਸ ਬਾਰੇ ਕਿਹਾ ਜਾਵੇ ਉਸ ਨੂੰ ਉਦੇਸ਼ ਕਹਿੰਦੇ ਹਨ। 'ਉਦੇਸ਼' ਤੇ 'ਵਿਧੇਅ' ਦੀ ਪਛਾਣ ਲਈ ਕਿਰਿਆ ਨਾਲ 'ਕੌਣ' ਜਾਂ 'ਕਿਸਨੇ' ਪ੍ਰਸ਼ਨ ਸੂਚਕ ਲਗਾ ਕੇ ਪ੍ਰਸ਼ਨ ਸੂਚਕ ਵਾਕ ਬਣਾ ਲਿਆ ਜਾਂਦਾ ਹੈ ਅਤੇ ਜੋ ਜਵਾਬ ਆਵੇ ਉਹ ਉਸ ਦਾ 'ਉਦੇਸ਼' ਹੁੰਦਾ ਹੈ। ਜੇ 'ਕੀ' ਪ੍ਰਸ਼ਨ ਸੂਚਕ ਲਗਾ ਕੇ ਵਾਕ ਬਣਾਇਆ ਜਾਵੇ ਤਾਂ ਜਵਾਬ ਵਿਚ ਆਉਣ ਵਾਲਾ ਸ਼ਬਦ ਸਮੂਹ 'ਵਿਧੇਅ' ਹੁੰਦਾ ਹੈ। ਇਹ ਪਰਿਭਾਸ਼ਾ ਵੀ ਵਾਕ ਨੂੰ ਪਰਿਭਾਸ਼ਤ ਕਰਨ ਦੀ ਥਾਂ ਵਾਕਾਂ ਦੀ ਘੁੰਮਣ ਘੇਰੀ ਵਿਚ ਹੀ ਫਸਾ ਦੇਂਦੀ ਹੈ।

ਪੱਛਮ ਵਿਚ ਵੀ ਵਿਆਕਰਨਕਾਰਾਂ ਨੇ ਆਪੋ ਆਪਣੇ ਦ੍ਰਿਸ਼ਟੀਗੋਚਰ ਤੋਂ ਵਾਕ ਨੂੰ ਪਰਿਭਾਸ਼ਿਤ ਕੀਤਾ ਹੈ।

ਮੀਲੀਅਟ ਅਨੁਸਾਰ, ''ਵਾਕ ਸ਼ਬਦਾਂ ਦਾ ਸਮੂਹ ਹੈ ਜਿਹੜਾ ਵਿਆਕਰਨਕ ਨਿਯਮਾਂ ਅਨੁਸਾਰ ਜੁੜਿਆ ਹੁੰਦਾ ਹੈ ਅਤੇ ਵਿਆਕਰਨਕ ਤੌਰ 'ਤੇ ਹੋਰ ਕਿਸੇ ਵੱਡੇ ਸਮੂਹ ਦੇ ਅਧੀਨ ਨਹੀਂ ਹੁੰਦਾ ਅਤੇ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ।" ਆਟੋ ਜੈਸਪਰਸਨ (Auto Jaspersen) ਅਨੁਸਾਰ, ''ਵਾਕ ਇਕ ਸਪੂੰਰਨ ਤੇ ਸਵੈ-ਅਧੀਨ ਮਨੁੱਖੀ ਉਚਾਰ ਹੈ, ਇਸ ਦੀ ਸੰਪੂਰਨਤਾ ਅਤੇ ਸਵੈ-ਅਧੀਨਤਾ ਇਸ ਦੇ ਇਕਲੇ ਤੌਰ ਤੇ ਹੋਂਦ ਵਿਚ ਆਉਣ ਤੋਂ ਅਤੇ ਇਕਲੇ ਤੌਰ ਤੇ ਉਚਾਰੇ ਜਾਣ ਦੀ ਯੋਗਤਾ ਤੋਂ ਪ੍ਰਗਟ ਹੁੰਦੀ ਹੈ।" ਬਲੂਮਫੀਲਡ (Bloomfield) ਨੇ ਵਾਕ ਨੂੰ ਪਰਿਭਾਸ਼ਿਤ ਕਰਦਿਆਂ ਹੋਇਆ ਕਿਹਾ ਹੈ, ''ਵਾਕ ਇਕ ਸੁਤੰਤਰ ਭਾਸ਼ਾਈ ਇਕਾਈ ਹੈ ਜਿਹੜੀ ਆਪਣੀ ਵਿਆਕਰਨਕ ਵਿਸ਼ੇਸ਼ਤਾ ਕਾਰਨ ਕਿਸੇ ਹੋਰ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦਾ।" ਇਨ੍ਹਾਂ ਤਿੰਨਾਂ ਭਾਸ਼ਾ ਵਿਗਿਆਨੀਆਂ ਦੇ ਮੱਤ ਨੂੰ ਜੇਕਰ ਇਕੱਠਾ ਵਿਚਾਰਿਆ ਜਾਵੇ ਤਾਂ ਕੁੱਝ ਨੁਕਤੇ ਜ਼ਰੂਰ ਨਿਕਲ ਆਉਂਦੇ ਹਨ ਜਿਨ੍ਹਾਂ ਨਾਲ ਵਾਕ ਦੇ ਨਕਸ਼ਾਂ ਨੂੰ ਸਿਝਿਆ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਅਨੁਸਾਰ 'ਵਾਕ' ਇਕ ਸਵੈ-ਅਧੀਨ ਉਪ ਵਾਕ ਹੈ ਜੋ ਕਿਸੇ ਵੱਡੀ ਇਕਾਈ ਦੇ ਅਧੀਨ ਨਹੀਂ ਹੁੰਦਾ। ਮੀਲੀਅਟ ਵਾਕ ਨੂੰ ਵਿਆਕਰਨਕ ਨਿਯਮਾਂ ਵਿਚ ਬੱਝੇ ਹੋਏ ਸ਼ਬਦ ਕਹਿੰਦਾ ਹੈ ਅਤੇ ਬਲੂਮਫੀਲਡ ਵੀ ਵਿਆਕਰਨਕ ਵਿਸ਼ੇਸ਼ਤਾ ਨੂੰ ਵਾਕ ਦੀ ਪਹਿਚਾਣ ਮੰਨਦਾ ਹੈ।

ਫਰੈਂਕ ਪਾਮਰ (Frank Parmer) ਨੇ ਵਾਕ ਬਾਰੇ ਵਿਚਾਰ ਪ੍ਰਗਟਾਉਂਦਿਆਂ ਹੋਇਆ ਕਿਹਾ ਹੈ, ''ਵਾਕ ਦੀ ਪਰਿਭਾਸ਼ਾ ਅਸਲ ਵਿਚ ਉਸ ਦੀ ਅੰਦਰੂਨੀ ਬਣਤਰ ਅਨੁਸਾਰ ਹੀ ਹੋਣੀ ਚਾਹੀਦੀ ਹੈ। ਵਾਕ ਕੁਝ ਖਾਸ ਤੱਤਾਂ ਤੇ ਖਾਸ ਤਰਤੀਬ ਵਿਚ ਜੁੜੇ ਹੋਣ ਨਾਲ ਹੋਂਦ ਵਿਚ ਆਉਂਦਾ ਹੈ। ਇਹ ਤੱਤ ਸ਼ਬਦ ਜਾਂ ਸ਼ਬਦਾਂ ਦੇ ਹਿੱਸੇ ਹੋ ਸਕਦੇ ਹਨ।" ਅੰਦਰੂਨੀ ਬਣਤਰ ਨੂੰ ਆਧਾਰ ਬਣਾ ਕੇ ਰੂਪਾਂਤਰੀ ਤੇ ਸਿਰਜਨਾਤਮਕ ਵਿਆਕਰਨ ਵਿਚ ਨਾਂਵ-ਵਾਂਕੰਸ਼ ਤੇ ਕਿਰਿਆ ਵਾਂਕੰਸ਼ ਦੇ ਮੇਲ ਤੋਂ ਬਣੀ ਇਕਾਈ ਨੂੰ ਪੂਰਨ ਵਾਕ ਦਾ ਨਾਮ ਦਿੱਤਾ ਜਾਂਦਾ ਹੈ। ਜਿਥੇ ਕਿਤੇ ਇਨ੍ਹਾਂ ਦੋਹਾਂ ਵਿਚੋਂ ਕੇਵਲ ਇਕ ਹੀ

ਮੌਜੂਦ ਹੋਵੇਗਾ ਉਸ ਨੂੰ ਅਪੂਰਨ ਵਾਕ ਕਿਹਾ ਜਾਂਦਾ ਹੈ। ਬਣਤਰ ਦੇ ਆਧਾਰ ਤੇ ਵਾਕ ਦੀ ਪਰਿਭਾਸ਼ਾ ਇੰਜ ਕੀਤੀ ਜਾਂਦੀ ਹੈ:

''ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼ ਲਈ ਵਿਆਕਰਨਕ ਇਕਾਈ ਜੋ ਕਿਸੇ ਹੋਰ ਵਿਆਕਰਨਕ ਇਕਾਈ ਦਾ ਅੰਗ ਨਾ ਹੋਵੇ, ਵਾਕ ਹੁੰਦੀ ਹੈ।"

ਹਰ ਭਾਸ਼ਾ ਦੀ ਆਪਣੀ ਜੁਗਤ ਹੁੰਦੀ ਹੈ ਅਤੇ ਇਸੇ ਜੁਗਤ ਅਧੀਨ ਉਸ ਭਾਸ਼ਾ ਦੇ ਵਾਕਾਂ ਦਾ ਢਾਂਚਾ ਹੁੰਦਾ ਹੈ। ਪੰਜਾਬੀ ਭਾਸ਼ਾ ਵਿਚ ਇਕ ਨਾਂਵ-ਵਾਕੰਸ਼ ਤੇ ਇਕ ਕਿਰਿਆ ਵਾਕੰਸ਼ ਦੇ ਮੇਲ ਤੋਂ ਬਣੀ ਇਕਾਈ ਨੂੰ ਸਾਧਾਰਨ ਵਾਕ ਤੇ ਦੋਹਾਂ ਵਿਚੋਂ ਇਕ ਦੀ ਮੌਜੂਦਗੀ ਵਾਲੇ ਵਾਕਾਂ ਨੂੰ ਅਪੂਰਨ ਵਾਕ ਅਤੇ ਇਕ ਤੋਂ ਵਧੇਰੇ ਕਿਰਿਆ ਵਾਕੰਸ਼ ਵਾਲੇ ਵਾਕਾਂ ਨੂੰ ਗੈਰ ਸਾਧਾਰਨ ਵਾਕ ਕਿਹਾ ਜਾਂਦਾ ਹੈ।

**ਵਾਕ : ਵਰਗੀਕਰਨ** :- ਵਾਕ ਦੀ ਅੰਦਰੂਨੀ ਬਣਤਰ ਦੇ ਆਧਾਰ ਤੇ ਵਾਕਾਂ ਨੂੰ ਦੋ ਹਿੱਸਿਆ ਵਿਚ ਵੰਡਿਆ ਜਾ ਸਕਦਾ ਹੈ : ਪੂਰਨ ਵਾਕ-ਅਪੂਰਨ ਵਾਕ।

**1. ਅਪੂਰਨ ਵਾਕ** :- ਪੰਜਾਬੀ ਭਾਸ਼ਾ ਵਿਚ ਬੋਲਚਾਲ ਦੇ ਪੱਧਰ ਤੇ ਅਨੇਕਾਂ ਅਜਿਹੇ ਵਾਕ ਮਿਲਦੇ ਹਨ ਜਿਨ੍ਹਾਂ ਨੂੰ ਵਿਆਕਰਨ ਨੇਮਾਂ ਦੀ ਪੱਧਰ ਤੇ ਪੂਰਨ ਵਾਕ ਨਹੀਂ ਮੰਨਿਆ ਜਾ ਸਕਦਾ ਪਰੰਤੂ ਕਾਰਜ ਦੇ ਪੱਧਰ ਤੇ ਉਹ ਵਾਕ ਦੀਆਂ ਸਾਰੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਪੰਜਾਬੀ ਭਾਸ਼ਾ ਵਿਚ ਅਪੂਰਨ ਵਾਕਾਂ ਦੀਆਂ ਤਿੰਨ ਅਵਸਥਾਵਾਂ ਦ੍ਰਿਸ਼ਟੀਗੋਚਰ ਹੋਈਆਂ ਹਨ।

(ੳ) ਉਹ ਅਪੂਰਨ ਵਾਕ ਜਿਨ੍ਹਾਂ ਨੂੰ ਵਕਤਾ ਕਿਸੇ ਕਾਰਨ ਕਰਕੇ ਅਧੂਰਾ ਹੀ ਛੱਡ ਦੇਵੇ ਜਾਂ ਉਸ ਨੂੰ ਕੋਈ ਵਿਚਕਾਰੋਂ ਹੀ ਟੋਕ ਦੇਵੇ। ਇਸ ਕਿਸਮ ਦੇ ਵਾਕ ਨਾ ਕੇਵਲ ਵਿਆਕਰਨ ਪੱਧਰ ਤੋਂ ਹੀ, ਸਗੋਂ ਅਰਥ ਦੀ ਦ੍ਰਿਸ਼ਟੀ ਤੋਂ ਵੀ ਅਧੂਰੇ ਹੀ ਹੁੰਦੇ ਹਨ। ਇਨ੍ਹਾਂ ਵਾਕਾਂ ਦੀ ਅੱਗੇ ਕੋਈ ਵਿਆਖਿਆ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਕਿਸਮ ਦੇ ਵਾਕਾਂ ਵਿਚ ਬਣਤਰ ਪੱਖੋਂ ਅਸੀਮ ਸੰਭਾਵਨਾਵਾਂ ਹੁੰਦੀਆਂ ਹਨ। ਕੋਈ ਵਕਤਾ ਕਿਸੇ ਬਿੰਦੂ ਤੇ ਆ ਕੇ ਵਾਕ ਨੂੰ ਛੱਡਦਾ ਹੈ ਜਾਂ ਕਿਸੇ ਵਲੋਂ ਉਸ ਨੂੰ ਕਿਸੇ ਬਿੰਦੂ ਤੇ ਟੋਕਿਆ ਗਿਆ ਹੁੰਦਾ ਹੈ ਇਸ ਦੀ ਕੋਈ ਨਿਸ਼ਚਿਤ ਸੀਮਾ ਨਹੀਂ। ਇਸ ਲਈ ਇਨ੍ਹਾਂ ਵਾਕਾਂ ਦੀ ਸੰਰਚਨਾ ਇਕ ਗੱਲ ਤੇ ਹੀ ਨਿਰਭਰ ਕਰਦੀ ਹੈ।

(ਅ) ਦੂਜੀ ਕਿਸਮ ਦੇ ਅਪੂਰਨ ਵਾਕ ਉਹ ਹਨ, ਜਿਨ੍ਹਾਂ ਨੂੰ ਕੇਵਲ ਉਚਾਰੇ ਗਏ ਵਾਕਾਂ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ ਜਿਵੇਂ ਪੰਜਾਬੀ ਦੇ ਕਈ ਪ੍ਰਸ਼ਨਵਾਚਕ ਵਾਕਾਂ ਦਾ ਉੱਤਰ 'ਹਾਂ' ਜਾਂ 'ਨਾਂਹ' ਵਿਚ ਦਿੱਤਾ ਗਿਆ ਹੁੰਦਾ ਹੈ ਜੋ ਕਿ ਅਰਥ ਦੀ ਦ੍ਰਿਸ਼ਟੀ ਤੋਂ ਪੂਰਨ ਵਾਕ ਵਜੋਂ ਕਾਰਜ ਕਰਦੇ ਹਨ ਪਰੰਤੂ ਵਿਆਕਰਨਕ ਪੱਧਰ ਤੇ ਇਨ੍ਹਾਂ ਨੂੰ ਪੂਰਨ ਵਾਕ ਨਹੀਂ ਮੰਨਿਆ ਜਾਂਦਾ ਭਾਵੇਂ ਇਸ ਕਿਸਮ ਦੇ ਵਾਕ ਬੋਲਚਾਲ ਦਾ ਇਕ ਅਹਿਮ ਹਿੱਸਾ ਹੁੰਦੇ ਹਨ, ਜਿਵੇਂ - ਤੂੰ ਦਿੱਲੀ ਜਾ ਰਿਹਾ ਹੈ ? ਵਾਕ ਦਾ 'ਹਾਂ/ਨਾਂ' ਵਿਚ ਉੱਤਰ ਦਿੱਤਾ ਜਾ ਸਕਦਾ ਹੈ। 'ਹਾਂ/ਨਾਂ' ਨੂੰ ਜੇਕਰ ਪਹਿਲੇ ਵਾਕ ਨਾਲੋਂ ਤੋੜ ਕੇ ਵੇਖਿਆ ਜਾਵੇ ਤਾਂ ਇਹ ਆਪਣੇ ਆਪ ਵਿਚ ਕੁਝ ਵਿਅਕਤ ਕਰਨ ਦੇ ਸਮਰੱਥ ਨਹੀਂ ਭਾਵੇਂ ਹਾਂ/ਨਾਂ, ਸੂਚਕ ਸ਼ਬਦ ਹੀ ਹਨ ਪਰ ਜਦੋਂ ਇਸ ਨੂੰ ਪਹਿਲੇ ਵਾਕ ਦੇ ਸੰਦਰਭ ਵਿਚ ਰਖਕੇ ਵੇਖਦੇ ਹਾਂ ਤਾਂ ਇਹ ਪੂਰਨ ਵਾਕ ਦਾ ਅਰਥ ਦਿੰਦੇ ਹਨ।

(ੲ) ਉਪਰੋਕਤ ਦੋਹਾਂ ਕਿਸਮਾਂ ਤੋਂ ਇਲਾਵਾ ਕੁਝ ਅਪੂਰਨ ਵਾਕ ਉਹ ਹਨ ਜਿਨ੍ਹਾਂ ਨੂੰ ਪੂਰਾ ਉਚਾਰਨ ਦੀ ਬਜਾਏ ਵਾਕ ਦੇ ਇਕ ਅੰਸ਼ ਰਾਹੀਂ ਪੂਰੇ ਵਾਕ ਦਾ ਕਾਰਜ ਲਿਆ ਜਾਂਦਾ ਹੈ। ਅਜਿਹੇ ਅਪੂਰਨ ਵਾਕ ਕੇਵਲ ਇਕ ਨਾਂਵ ਵਾਕੰਸ਼ ਵਿਸ਼ਲੇਸ਼ਣ ਜਾਂ ਪ੍ਰਸ਼ਨਵਾਚਕ ਸ਼ਬਦ ਤੇ ਆਧਾਰਿਤ ਹੋ ਸਕਦੇ ਹਨ। ਜਿਵੇਂ :

1. ਇਸ ਕੰਮ ਦੀ ਫੀਸ ਕਿੰਨੀ ਹੈ ?
   'ਕੁਝ ਵੀ ਨਾ'
2. ਉਸ ਨੇ ਆਪਣਾ ਕੀ ਨਾਂ ਦੱਸਿਆ ਸੀ ?
   'ਸ਼ੈਲਿੰਦਰ'

ਉਪਰੋਕਤ ਉਦਾਹਰਣਾਂ ਵਿਚ 'ਕੁਝ ਵੀ ਨਾ' ਅਤੇ ਸ਼ੈਲਿੰਦਰ ਅਪੂਰਨ ਵਾਕਾਂ ਵਜੋਂ ਵਰਤੇ ਗਏ ਹਨ।

**2. ਪੂਰਨ ਵਾਕ** : ਬਣਤਰ ਦੇ ਆਧਾਰ ਤੇ ਤਿੰਨ ਤਰ੍ਹਾਂ ਦੇ ਪੂਰਨ ਵਾਕ ਪਛਾਣੇ ਗਏ ਹਨ।

**(ੳ) ਸਾਧਾਰਨ ਵਾਕ** :- ਸਾਧਾਰਨ ਵਾਕ ਦੀ ਬਣਤਰ ਵਿਚ ਇਕ ਨਾਂਵ/ਨਾਂਵ-ਵਾਕੰਸ਼ ਤੇ ਇਕ ਕਿਰਿਆ/ਕਿਰਿਆ ਵਾਕੰਸ਼ ਦਾ ਹੋਣਾ ਜ਼ਰੂਰੀ ਹੈ। ਇਕ ਸਾਧਾਰਨ ਵਾਕ ਦੀ ਬਣਤਰ ਦੀ ਇਕ ਸੁਤੰਤਰ ਉਪਵਾਕ ਦੇ ਬਰਾਬਰ ਹੁੰਦੀ ਹੈ। ਸਾਧਾਰਨ ਵਾਕਾਂ ਨੂੰ ਸਮਝਣ ਲਈ ਇਨ੍ਹਾਂ ਵਾਕੰਸ਼ਾਂ ਦੇ ਆਪਸ ਵਿਚ ਜੁੜਨ ਦੀ ਪ੍ਰਕਿਰਿਆ ਨੂੰ ਸਮਝਣਾ ਜ਼ਰੂਰੀ ਹੈ। ਇਨ੍ਹਾਂ ਵਾਕੰਸ਼ਾਂ ਦੇ ਆਪਸੀ ਸੰਬੰਧਾਂ ਦੇ ਆਧਾਰ ਤੇ ਸਾਧਾਰਨ ਵਾਕਾਂ ਦੇ ਕੁਝ ਨਿਸ਼ਚਿਤ ਪੈਟਰਨ ਵੇਖੇ ਜਾ ਸਕਦੇ ਹਨ ਜੋ ਇਸ ਪ੍ਰਕਾਰ ਹਨ :

**1. ਕਰਤਾ + ਅਕਰਮਕ ਕਿਰਿਆ** : ਇਸ ਤਰ੍ਹਾਂ ਦੇ ਵਾਕਾਂ ਵਿਚ ਨਾਂਵ/ਨਾਂਵ ਵਾਕੰਸ਼ ਹੁੰਦਾ ਹੈ ਜੋ ਵਾਕ ਵਿਚ ਕਰਤਾ ਦਾ ਕਾਰਜ ਕਰਦਾ ਹੈ। ਇਨ੍ਹਾਂ ਵਾਕਾਂ ਦੀ ਬਣਤਰ ਵਿਚ ਵਿਚਰਨ ਵਾਲੀ ਕਿਰਿਆ ਅਕਰਮਕ ਹੁੰਦੀ ਹੈ। ਹੇਠਾਂ ਦਿੱਤੇ ਵਾਕਾਂ ਵਿਚ 'ਹੱਸਿਆਂ' 'ਸੌ ਰਿਹਾ ਹੈ' ਅਕਰਮਕ ਕਿਰਿਆਵਾਂ ਹਨ।

1. ਉਹ ਉੱਚੀ ਉੱਚੀ **ਹੱਸਿਆ**।
2. ਬੱਚਾ **ਸੌਂ** ਰਿਹਾ ਹੈ।

**2. ਕਰਤਾ + ਕਰਤਾਪੂਰਕ + ਕਿਰਿਆ** : ਇਸ ਵਰਗ ਦੇ ਵਾਕਾਂ ਵਿਚ ਦੋ ਨਾਂਵ ਜਾਂ ਪੜਨਾਵ ਸ਼ਬਦ ਸ਼੍ਰੇਣੀ ਤੇ ਸ਼ਬਦ ਵਿਚਰ ਰਹੇ ਹੁੰਦੇ ਹਨ। ਦੂਜੇ ਨੰਬਰ ਤੇ ਆਉਣ ਵਾਲੇ ਨਾਂਵ ਜਾਂ ਪੜਨਾਂਵ ਸ਼ਬਦ ਪਹਿਲੇ ਨਾਂਵ ਜਾਂ ਪੜਨਾਂਵ ਦੇ ਪੂਰਕ ਵਜੋਂ ਵਿਚਰਦੇ ਹਨ, ਜਿਵੇਂ :-

1. ਬੱਚਾ ਸੋਹਣਾ ਹੈ।
2. ਉਹ ਡਾਕਟਰ ਹੈ।
3. ਮੇਰਾ ਭਰਾ ਵਕੀਲ ਹੈ।

**3. ਕਰਤਾ + ਕਰਮ + ਸਕਰਮਕ ਕਿਰਿਆ** : ਸਾਧਾਰਨ ਵਾਕਾਂ ਦੇ ਇਸ ਵਰਗ ਵਿਚ ਕਰਤਾ ਤੋਂ ਪਿਛੋਂ ਕਰਮ ਨਾਂਵ-ਵਾਕੰਸ਼ ਆਉਂਦਾ ਹੈ ਅਤੇ ਇਨ੍ਹਾਂ ਵਿਚ ਵਿਚਰਨ ਵਾਲੀ ਕਿਰਿਆ ਸਕਰਮਕ ਹੁੰਦੀ ਹੈ। ਕਰਮ-ਨਾਂਵ ਵਾਕੰਸ਼ ਦੋ ਪ੍ਰਕਾਰ ਦੇ ਹੋ ਸਕਦੇ ਹਨ। ਪਹਿਲੀ ਪ੍ਰਕਾਰ ਦੇ ਕਰਮ ਦਾ ਸਰੂਪ ਘਟਨਾ ਨੂੰ ਸਹਿਣ ਵਾਲਾ ਹੁੰਦਾ ਹੈ ਜਿਸ ਦੇ ਅੰਤ ਵਿਚ ਸੰਬੰਧਕ ਆਉਂਦਾ ਹੈ। ਦੂਜੀ ਪ੍ਰਕਾਰ ਦੇ ਕਰਮ ਨਾਂਵ-ਵਾਕੰਸ਼ ਵਸਤੂ ਪੂਰਕ ਹੁੰਦੇ ਹਨ। ਜਿਵੇ ` :

1. ਰਾਮ ਨੇ ਅੰਬ ਚੂਪਿਆ।
2. ਮੁੰਡੇ ਨੇ ਸੱਪ ਨੂੰ ਮਾਰਿਆ।
3. ਮੁੰਡਾ ਕੁੜੀ ਨੂੰ ਮਾਰਦਾ ਹੈ।

**4. ਕਰਤਾ + ਕਰਮ + ਕਰਮਪੂਰਕ + ਕਿਰਿਆ** : ਅਜਿਹੀ ਬਣਤਰ ਵਾਲੇ ਵਾਕਾਂ ਵਿਚ ਤਿੰਨ ਨਾਂਵ ਹੁੰਦੇ ਹਨ। ਇਨ੍ਹਾਂ ਵਿਚ ਆਮ ਤੌਰ ਤੇ ਕਰਮ ਨਾਂਵ-ਵਾਕੰਸ਼ 'ਨੂੰ' ਸੰਬੰਧਕ ਲਗਦਾ ਹੈ। ਆਮ ਤੌਰ ਤੇ ਤਰਤੀਬ ਉਪਰੋਕਤ ਵਾਲੀ ਹੀ ਹੁੰਦੀ ਹੈ। ਪਰੰਤੂ ਵਿਸ਼ੇਸ਼ ਪ੍ਰਭਾਵ ਉਲੀਕਣ ਲਈ ਤਰਤੀਬ ਬਦਲ ਵੀ ਜਾਂਦੀ ਹੈ, ਜਿਵੇਂ :

1. ਕੁੜੀ ਨੇ ਨੌਕਰ ਨੂੰ ਮੂਰਖ ਬਣਾਇਆ।
2. ਉਸ ਨੇ ਮੈਨੂੰ ਆਪਣੀ ਫੋਟੋ ਭੇਜੀ।

**5. ਕਰਤਾ + ਅਪ੍ਰਧਾਨ ਕਰਮ + ਪ੍ਰਧਾਨ ਕਰਮ + ਕਿਰਿਆ** : ਪੰਜਾਬੀ ਭਾਸ਼ਾ ਦੇ ਸਾਧਾਰਨ ਵਾਕਾਂ ਵਿਚੋਂ ਇਹ ਕਿਸਮ ਇਸ ਪ੍ਰਕਾਰ ਦੀ ਹੈ ਜਿਸ ਨੂੰ ਵੱਡੀ ਬਣਤਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਾਧਾਰਨ ਪਰਿਸਥਿਤੀਆਂ ਵਿਚ ਕਰਤਾ ਨਾਂਵ-ਵਾਕੰਸ਼ ਦਾ ਪਹਿਲਾ ਸਥਾਨ ਹੁੰਦਾ ਹੈ। ਕਿਰਿਆ ਦਾ ਮੇਲ ਸਬੰਧਕ ਰਹਿਤ ਨਾਂਵ-ਵਾਕੰਸ਼ ਨਾਲ ਹੁੰਦਾ ਹੈ, ਜਿਵੇਂ :

1. ਮੁੰਡੇ ਨੇ ਸੱਪ ਨੂੰ ਸੋਟੀ ਨਾਲ ਮਾਰਿਆ।
2. ਉਸ ਨੇ ਰਾਮ ਨੂੰ ਕਿਤਾਬ ਦੁਆਈ।

**6. ਕਰਤਾ + ਵਿਸ਼ੇਸ਼ਣ + ਕਿਰਿਆ** : ਪੰਜਾਬੀ ਭਾਸ਼ਾ ਦੀ ਵਾਕ ਬਣਤਰ ਵਿਚ ਵਿਸ਼ੇਸ਼ਣ ਦਾ ਸਥਾਨ ਨਾਵਾਂ ਤੋਂ ਪਹਿਲਾਂ ਹੁੰਦਾ ਹੈ, ਪਰੰਤੂ ਇਸ ਵਾਕ ਵਰਗ ਦੇ ਵਾਕਾਂ ਵਿਚ ਵਿਸ਼ੇਸ਼ਣ ਸ਼ਬਦ ਵਾਕੰਸ਼ ਵਜੋਂ ਕਾਰਜ ਕਰਦੇ ਹਨ ਅਤੇ ਨਾਂਵ ਤੋਂ ਮਗਰੋਂ ਵਿਚਰਕੇ ਨਾਂਵ ਦੀ ਵਿਸ਼ੇਸ਼ਤਾ ਪ੍ਰਗਟਾਉਂਦੇ ਹਨ ਜਿਵੇਂ :-

1. ਕੁੜੀ ਕਾਲੀ ਹੈ।
2. ਮੁੰਡਾ ਮੂਰਖ ਹੈ।

7. **ਕਰਤਾ + ਕਿਰਿਆ + ਵਿਸ਼ੇਸ਼ਣ + ਕਿਰਿਆ** : ਇਸ ਕਿਸਮ ਦੇ ਵਾਕਾਂ ਵਿਚ ਨਾਂਵ ਦੇ ਨਾਲ ਕਿਰਿਆ ਵਿਸ਼ੇਸ਼ਣ ਦਾ ਪ੍ਰਯੋਗ ਹੁੰਦਾ ਹੈ। ਜਿਵੇ :

1. ਉਹ ਪਿੰਡੋਂ ਆਇਆ।
2. ਮੁੰਡਾ ਹੇਠਾਂ ਹੈ।

**ਸੰਯੁਕਤ ਵਾਕ** : ਜਿਨ੍ਹਾਂ ਵਾਂਕਾਂ ਦੀ ਬਣਤਰ ਵਿਚ ਦੋ ਜਾਂ ਦੋਂ ਤੋਂ ਵੱਧ ਸੁਤੰਤਰ ਉਪਵਾਕ ਆਉਣ ਉਨ੍ਹਾਂ ਵਾਕਾਂ ਨੂੰ ਸੰਯੁਕਤ ਵਾਕਾਂ ਦਾ ਨਾਂ ਦਿੱਤਾ ਜਾਂਦਾ ਹੈ। ਇਨ੍ਹਾਂ ਉਪਵਾਕਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਇਕੱਲੇ ਤੌਰ ਤੇ ਵਿਚਾਰ ਕਰ ਸਕਣ ਦੀ ਸਮਰਥਾ ਰੱਖਦੇ ਹਨ। ਇਨ੍ਹਾਂ ਦੋ ਜਾਂ ਦੋ ਤੋਂ ਵਧੇਰੇ ਮੁੱਖ ਉਪਵਾਕਾਂ ਨੂੰ ਕਈ ਵਾਰ ਕੌਮੇ (,) ਨਾਲ ਜਾਂ ਫਿਰ ਤੇ, ਅਤੇ, ਪਰ, ਪਰ ਫੇਰ ਵੀ, ਆਦਿ ਯੋਜਕਾਂ ਨਾਲ ਜੋੜਿਆ ਜਾਂਦਾ ਹੈ। ਸੰਯੁਕਤ ਵਾਕਾਂ ਦੀ ਬਣਤਰ ਦੇ ਕੁਝ ਸੀਮਤ ਪੈਟਰਨ ਹੇਠ ਲਿਖੇ ਅਨੁਸਾਰ ਹਨ :

(i) ਮੁੱਖ ਉਪਵਾਕ + ਮੁਖ ਉਪਵਾਕ
- (ੳ) ਉਹ ਸੁੱਤਾ ਰਿਹਾ, ਮੈਂ ਪੜ੍ਹਦਾ ਰਿਹਾ।
- (ਅ) ਉਹ ਬੋਲਦੀ ਗਈ, ਮੈਂ ਲਿਖਦਾ ਗਿਆ।।

(ii) ਮੁੱਖ ਉਪਵਾਕ + ਤੇ + ਮੁੱਖ ਉਪਵਾਕ
- (ੳ) ਮੁੰਡਾ ਲਿਖਦਾ ਰਿਹਾ ਤੇ ਕੁੜੀ ਪੜ੍ਹਦੀ ਰਹੀ।
- (ਅ) ਮੀਂਹ ਵਸਦਾ ਰਿਹਾ ਤੇ ਕੋਠਾ ਚੋਂਦਾ ਰਿਹਾ।

(iii) ਮੁੱਖ ਉਪਵਾਕ + ਪਰ + ਮੁੱਖ ਉਪਵਾਕ
- (ੳ) ਮੈਂ ਉਸ ਨੂੰ ਖੱਤ ਲਿਖਿਆ ਪਰ ਉਸ ਨੂੰ ਨਾ ਮਿਲਿਆ।
- (ਅ) ਉਹ ਘਰ ਚਲਾ ਗਿਆ ਪਰ ਮੈਂ ਨਾ ਗਿਆ।

ਸੰਯੁਕਤ ਵਾਕਾਂ ਦੀ ਬਣਤਰ ਵਿਚ ਯੋਜਕਾਂ ਦਾ ਸਥਾਨ ਕਦੀ ਵੀ ਪਹਿਲਾਂ ਨਹੀਂ ਹੋ ਸਕਦਾ। ਹਮੇਸ਼ਾਂ ਇਕ ਮੁੱਖ ਉਪਵਾਕ ਪਹਿਲਾਂ ਆਉਂਦਾ ਹੈ ਅਤੇ ਯੋਜਕ ਤੋਂ ਪਿਛੋਂ ਦੂਜਾ ਉਪਵਾਕ ਆਉਂਦਾ ਹੈ।

**ਮਿਸ਼ਰਤ ਵਾਕ** : ਜਿਸ ਵਾਕ ਵਿਚ ਘਟੋ ਘੱਟ ਇਕ ਮੁੱਖ ਉਪਵਾਕ ਹੋਵੇ ਅਤੇ ਇਕ ਜਾਂ ਇਕ ਤੋਂ ਵਧੀਕ ਅਧੀਨ ਉਪਵਾਕ ਹੋਣ ਤਾਂ ਉਸ ਨੂੰ ਮਿਸ਼ਰਤ ਵਾਕ ਕਿਹਾ ਜਾਂਦਾ ਹੈ। ਅਧੀਨ ਉਪਵਾਕ ਦੀ ਪਛਾਣ ਅਧੀਨ ਯੋਜਕਾਂ ਰਾਹੀਂ ਕੀਤੀ ਜਾਂਦੀ ਹੈ। ਅਧੀਨ ਉਪਵਾਕਾਂ ਦੀ ਸ਼ੁਰੂਆਤ **'ਕਿ, ਜੋ, ਜਿਵੇਂ, ਜੇ, ਜਿਹੜੇ, ਜਿਨ੍ਹਾਂ'** ਆਦਿ ਯੋਜਕਾਂ ਨਾਲ ਹੁੰਦੀ ਹੈ। ਮਿਸ਼ਰਤ ਵਾਕਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ :

(i) ਉਹ ਮਿਸ਼ਰਤ ਵਾਕ ਜਿਨ੍ਹਾਂ ਨਾਲ ਯੋਜਕ ਲੱਗਦੇ ਹਨ :
- (ੳ) ਮੈਂ ਸੋਚ ਰਿਹਾ ਸਾਂ ਕਿ ਤੁਹਾਨੂੰ ਚਿੱਠੀ ਲਿਖਾਂ।
- (ਅ) ਤੁਸੀਂ ਬੜੇ ਖੁਸ਼ ਹੁੰਦੇ ਜੇ ਉਦੋਂ ਮੇਰਾ ਖਤ ਤੁਹਾਨੂੰ ਮਿਲ ਜਾਂਦਾ।

(ii) ਉਹ ਮਿਸ਼ਰਤ ਵਾਕ ਜਿਨ੍ਹਾਂ ਵਿਚ ਅਧੀਨ ਉਪਵਾਕਾਂ ਦੀ ਕਿਰਿਆ ਅਪੂਰਨ ਹੁੰਦੀ ਹੈ :-
- (ੳ) ਉਹ ਪਾਣੀ ਪੀ ਕੇ ਚਲੀ ਗਈ।
- (ਅ) ਅੰਦਰ ਵੜਦਿਆਂ ਹੀ ਚੁੰਨੀ ਲਾਹ ਦਿੱਤੀ।

(iii) ਮਿਸ਼ਰਤ ਵਾਕ ਜਿਨ੍ਹਾਂ ਵਿਚ ਅਧੀਨ ਉਪਵਾਕ ਨਾਲ ਕੋਈ ਯੋਜਕ ਵੀ ਲੱਗਦਾ ਹੈ, ਅਤੇ ਕਿਰਿਆ ਵੀ ਅਪੂਰਨ ਹੁੰਦੀ ਹੈ:-
- (ੳ) ਪ੍ਰਿੰਸੀਪਲ ਸਾਰੇ ਬੱਚਿਆਂ ਨੂੰ ਤੋਰ ਕੇ ਮੈਨੂੰ ਰਸੋਈ ਵਿਚ ਲੈ ਗਈ ਜਿੱਥੇ ਕੁੜੀਆਂ ਨੇ ਮੇਰੇ ਲਈ ਰੋਟੀ ਬਣਾਈ ਹੋਈ ਸੀ।

**ਕਾਰਜ ਆਧਾਰਤ ਵਰਗੀਕਰਨ :-**

ਭਾਸ਼ਾ ਵੱਖ-ਵੱਖ ਸਥਿਤੀਆਂ ਵਿਚ ਵੱਖ-ਵੱਖ ਕਾਰਜ ਨਿਭਾਉਂਦੀ ਹੈ। ਉਸੇ ਆਧਾਰ ਤੇ ਵਾਕਾਂ ਦੇ ਤਿੰਨ ਕਾਰਜ ਨਿਰਧਾਰਤ ਕੀਤੇ ਜਾਂਦੇ ਹਨ :

(ੳ) ਬਿਆਨੀਆ ਵਾਕ (ਅ) ਹੁਕਮੀ ਵਾਕ (ੲ) ਪ੍ਰਸ਼ਨਵਾਚਕ ਵਾਕ

**(ੳ) ਬਿਆਨੀਆ ਵਾਕ** : ਬਿਆਨੀਆ ਵਾਕ ਵਿਚ ਕਿਸ ਤੱਥ ਜਾਂ ਸਚਾਈ ਨੂੰ ਬਿਆਨ ਕੀਤਾ ਗਿਆ ਹੁੰਦਾ ਹੈ, ਕਿਸੇ ਚੀਜ਼ ਦਾ ਵਰਣਨ ਕੀਤਾ ਗਿਆ ਹੁੰਦਾ ਹੈ ਜਾਂ ਕਿਸੇ ਘਟਨਾ ਦੀ ਜਾਣਕਾਰੀ ਦਿੱਤੀ ਗਈ ਹੁੰਦੀ ਹੈ। ਬਣਤਰ ਦੀ ਪੱਧਰ ਉਤੇ ਇਹ ਵਾਕ ਸਾਧਾਰਨ ਤੋਂ ਇਲਾਵਾ ਸੰਯੁਕਤ ਅਤੇ ਮਿਸ਼ਰਤ ਹੀ ਹੁੰਦੇ ਹਨ। ਇਨ੍ਹਾਂ ਵਾਕਾਂ ਵਿਚ 'ਹਾਂ' ਜਾਂ 'ਨਾਂਹ' ਵਾਚਕ ਦੋਵੇਂ ਰੂਪ ਮਿਲਦੇ ਹਨ। ਬਿਆਨੀਆਂ ਵਾਕ ਵਰਤਮਾਨ, ਭੂਤ ਅਤੇ ਭਵਿੱਖ ਕਾਲ ਵਿਚੋਂ ਕਿਸੇ ਇਕ ਵਿਚ ਵਿਚਰ ਰਿਹਾ ਹੁੰਦਾ ਹੈ। ਇਸ ਤਰ੍ਹਾਂ ਤਿੰਨੇ ਹੀ ਪੁਰਖਾਂ ਬਾਰੇ ਬਿਆਨੀਆਂ ਵਾਕ ਹੋ ਸਕਦੇ ਹਨ ਜਿਵੇਂ :

1. ਵਿਦਿਆਰਥੀ ਪੜ੍ਹ ਰਹੇ ਹਨ। 2. ਬੱਚੇ ਖੇਡ ਰਹੇ ਹਨ। 3. ਕੁੜੀਆਂ ਨੇ ਬਹੁਤ ਸੋਹਣਾ ਗਿੱਧਾ ਪਾਇਆ।

**(ਅ) ਹੁਕਮੀ ਵਾਕ** : ਕਾਰਜੀ ਪੱਧਰ ਤੇ ਹੁਕਮੀ ਵਾਕ ਵਾਕਾਂ ਦੀ ਇਕ ਹੋਰ ਕਿਸਮ ਹੈ। ਹੁਕਮੀ ਵਾਕਾਂ ਵਿਚ ਕਿਸੇ ਨੂੰ ਬੇਨਤੀ ਕੀਤੀ ਗਈ ਜਾਂ ਫਿਰ ਹੁਕਮ ਦਿੱਤਾ। ਸ਼ਬਦ ਹੁਕਮ ਆਪਣੇ ਕੋਸ਼ੀ ਅਰਥਾਂ ਵਿਚ ਨਹੀਂ ਰੱਖਿਆ ਗਿਆ। ਇਨ੍ਹਾਂ ਅਰਥਾਂ ਵਿਚ 'ਹੁਕਮ' ਤੋਂ ਭਾਵ ਹੈ ਕਿਸੇ ਵਿਅਕਤੀ ਦੁਆਰਾ ਪੂਰੇ ਰੋਹਬ ਜਾਂ ਦਬ-ਦਬਾ ਨਾਲ ਕਿਸੇ ਦੂਜੇ ਵਿਅਕਤੀ ਨੂੰ ਕੋਈ ਕੰਮ ਕਰਨ ਦਾ ਉਦੇਸ਼ ਦਿੱਤੇ ਜਾਣਾ, ਪਰ ਇਥੇ ਇਹ ਸ਼ਬਦ ਅਰਥਾਂ ਵਿਚ ਲਿਆ ਗਿਆ ਹੈ ਜਿਸ ਅਨੁਸਾਰ ਇਸ ਦਾ ਅਰਥ ਹੈ, ਇਕ ਵਿਅਕਤੀ ਦੁਆਰਾ ਦੂਜੇ ਵਿਅਕਤੀ ਨੂੰ ਕੁੱਝ ਕਰਨ ਲਈ ਕਿਹਾ ਜਾਣਾ। ਇਹ ਕਿਹਾ ਜਾਣਾ ਹੁਕਮ ਵੀ ਹੋ ਸਕਦਾ ਹੈ ਅਤੇ ਬੇਨਤੀ ਵੀ। ਇਨ੍ਹਾਂ ਵਾਕਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ - ਆਗਿਆ ਵਾਚਕ ਤੇ ਬੇਨਤੀ ਸੂਚਕ। ਉਂਜ ਕਈ ਵਾਰ ਬਣਤਰ ਦੇ ਪੱਧਰ ਤੇ ਹੁਕਮ ਤੇ ਬੇਨਤੀ ਵਾਚਕਾਂ ਦੀ ਭਿੰਨਤਾ ਨਜ਼ਰ ਨਹੀਂ ਆਉਂਦੀ। ਵਕਤਾ ਦਾ ਦੂਜੇ ਵਿਅਕਤੀ ਨਾਲ ਰਿਸ਼ਤਾ ਅਤੇ ਉਚਾਰਨ ਦਾ ਲਹਿਜਾ ਹੀ ਉਨ੍ਹਾਂ ਵਿਚ ਭਿੰਨਤਾ ਲਿਆਉਂਦਾ ਹੈ ਜਿਵੇਂ :

1. ਪਾਣੀ ਪਿਆਓ 2. ਕ੍ਰਿਪਾ ਕਰਕੇ ਪਾਣੀ ਪਿਆਓ।

ਉਪਰੋਕਤ ਵੇਰਵੇ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਿਸ ਵਾਕ ਰਾਹੀਂ ਕੋਈ ਬੁਲਾਰਾ ਸਰੋਤੇ ਨੂੰ ਕੁਝ ਕਰਨ ਲਈ ਹੁਕਮ ਦੇਵੇ ਜਾਂ ਬੇਨਤੀ ਕਰੇ, ਉਸ ਨੂੰ ਹੁਕਮੀ ਵਾਕ ਆਖਦੇ ਹਨ।

**(ੲ)ਪ੍ਰਸ਼ਨ ਵਾਚਕ ਵਾਕ** : ਜਿਸ ਵਾਕ ਵਿਚ ਇਕ ਬੁਲਾਰਾ ਕਿਸੇ ਸਰੋਤੇ ਕੋਲੋਂ ਕਿਸੇ ਕਿਸਮ ਦੀ ਕੋਈ ਪੁੱਛ ਕਰੇ ਉਸ ਵਾਕ ਨੂੰ ਪ੍ਰਸ਼ਨਵਾਚਕ ਵਾਕ ਕਿਹਾ ਜਾਂਦਾ ਹੈ। ਪ੍ਰਸ਼ਨਵਾਚਕ ਵਾਕ ਦੀ ਬਣਤਰ ਦੇ ਦੋ ਪ੍ਰਮੁੱਖ ਤੱਤ - ਪ੍ਰਸ਼ਨਾਵਾਚੀ ਸ਼ਬਦ ਤੇ ਪ੍ਰਸ਼ਨਵਾਚੀ ਉਚਾਰਨ ਲਹਿਜਾ-ਹੁੰਦੇ ਹਨ।

**(ਸ)ਪ੍ਰਸ਼ਨਾਵਾਚੀ ਸ਼ਬਦ** : ਹਰ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਹੁੰਦੇ ਹਨ ਜੋ ਕਿਸੇ ਪੁੱਛ ਪੜਤਾਲ ਦੇ ਸੰਬੰਧ ਵਿਚ ਵਰਤੇ ਜਾਂਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਵਾਕ ਦਾ ਉਚਾਰਨ ਅਤੇ ਭਾਵ ਪ੍ਰਸ਼ਨ ਸੂਚਕ ਜਾਂ ਸਵਾਲੀਆ ਹੋ ਜਾਂਦਾ ਹੈ ਜਿਵੇਂ :

1. ਕੀ ਤੁਸੀਂ ਬੀਮਾਰ ਹੋ ? 2. ਇਹ ਕਿਸ ਦੀ ਸ਼ਰਾਰਤ ਹੈ ? 3. ਤੁਸੀਂ ਕਿਧਰੋਂ ਆਏ ਹੋ ?

**(ਹ)ਪ੍ਰਸ਼ਨਵਾਚੀ ਲਹਿਜਾ** : ਕੁਝ ਵਾਕ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਪ੍ਰਸ਼ਨ ਸੂਚਕ ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਹੁੰਦੀ, ਜਿਸ ਕਾਰਨ ਉਨ੍ਹਾਂ ਦੀ ਬਣਤਰ ਬਿਆਨੀਆਂ ਵਾਕ ਵਾਲੀ ਹੁੰਦੀ ਹੈ ਪਰ ਉਨ੍ਹਾਂ ਨੂੰ ਪ੍ਰਸ਼ਨਵਾਚੀ ਸੁਰ ਵਿਚ ਉਚਾਰਨ ਨਾਲ ਉਹ ਵਾਕ ਪ੍ਰਸ਼ਨ ਵਾਚਕ ਬਣ ਜਾਂਦੇ ਹਨ। ਅਜਿਹੇ ਵਾਕਾਂ ਦੇ ਅੰਤ ਵਿਚ ਵੀ ਪ੍ਰਸ਼ਨ ਸੂਚਕ ਸ਼ਬਦ ਵਾਲੇ ਵਾਕਾਂ ਵਾਂਗ ਪ੍ਰਸ਼ਨ ਚਿੰਨ ? ਦੀ ਵਰਤੋਂ ਕੀਤੀ ਜਾਂਦੀ ਹੈ :

1. ਤੁਸੀਂ ਡਾਕਟਰ ਹੋ ?
2. ਉਸ ਦਾ ਵੱਡਾ ਭਰਾ ਬੀਮਾਰ ਹੈ ?
3. ਉਹ ਕਲ੍ਹ ਆਵੇਗਾ ?

**7. ਮੇਲ ਅਤੇ ਅਧਿਕਾਰ**

**A. ਮੇਲ :** ਵਾਕ ਵਿਚਲੇ ਸਾਰੇ ਸ਼ਬਦ ਜਿਸ ਸਮਤਾ ਦੇ ਨਿਯਮ ਤੋਂ ਪ੍ਰਭਾਵਤ ਹੁੰਦੇ ਹਨ, ਉਸ ਨੂੰ ਮੇਲ ਆਖਿਆ ਜਾਂਦਾ ਹੈ।

1. ਲਿੰਗ ਵਚਨ ਦੇ ਆਧਾਰ ਹੇਠ ਲਿਖੀਆਂ ਵਿਆਕਰਨ ਇਕਾਈਆਂ ਵਿਚ ਮੇਲ ਸਥਾਪਤ ਹੁੰਦਾ ਹੈ। ਨਾਂਵ ਅਤੇ ਵਿਸ਼ੇਸ਼ਣ ਜਿਹਨਾਂ ਦੇ ਇਕ ਵਚਨ ਪੁਲਿੰਗ ਦੇ ਪਿਛੇ/ਆ/ਲਗਿਆ ਹੋਵੇ।

(ੳ) ਕਾਲਾ ਘੋੜਾ ਚਰਦਾ ਹੈ।

(ਅ) ਕਾਲੇ ਘੋੜੇ ਚਰਦੇ ਹਨ।

(ੲ) ਕਾਲੀ ਘੋੜੀ ਚਰਦੀ ਹੈ।

(ਸ) ਕਾਲੀਆਂ ਘੋੜੀਆਂ ਚਰਦੀਆਂ ਹਨ।

(ੳ) ਵਿਚ ਵਿਸ਼ੇਸ਼ਣ, ਨਾਂਵ ਅਤੇ ਸਬੰਧ ਕਾਰਕ ਦਾ ਸਬੰਧਕ/ਦਾ/ਆ ਅੰਕਤ ਹਨ।

(ਅ) ਵਿਚ ਵਿਸ਼ੇਸ਼ਣ, ਨਾਂਵ ਅਤੇ ਸਬੰਧ ਕਾਰਕ ਦਾ ਸਬੰਧਕ/ਏ/ਅੰਕਤ ਹਨ।

(ੲ) ਵਿਚ ਵਿਸ਼ੇਸ਼ਣ, ਨਾਂਵ ਅਤੇ ਸਬੰਧ ਕਾਰਕ ਦਾ ਸਬੰਧਕ/ਈ/ਅੰਕਤ ਹਨ।

(ਸ) ਵਿਚ ਵਿਸ਼ੇਸ਼ਣ, ਨਾਂਵ ਅਤੇ ਸਬੰਧ ਕਾਰਕ ਦਾ ਸਬੰਧਕ/ਈਆਂ/ਅੰਕਤ ਹਨ।

ਇਸ ਤਰ੍ਹਾਂ ਇਹ ਇਥੇ ਵਚਨ ਅਨੁਸਾਰ ਮੇਲ ਵਿਚ ਹਨ ਜਿਨ੍ਹਾਂ ਨਾਂਵਾਂ ਦਾ ਵਿਸ਼ੇਸ਼ਣ ਦਾ ਇਕ ਵਚਨ ਪੁਲਿੰਗ/ਆ/ਅੰਤਕ ਨਹੀਂ ਉਹਨਾਂ ਵਿਚ ਮੇਲ ਨਹੀਂ ਹੁੰਦਾ।

ਲਾਲ ਤਰਬੂਜ ਪਿਆ ਹੈ।

ਲਾਲ ਤਰਬੂਜ ਪਏ ਹਨ।

ਇਥੇ ਲਾਲ ਤਰਬੂਜ ਦੇ ਇਕ ਵਚਨ ਅਤੇ ਬਹੁ-ਵਚਨ ਰੂਪ ਇਕੋ ਜਿਹੇ ਹਨ। ਲਿੰਗ ਦੇ ਆਧਾਰ ਤੇ ਵੀ ਅਜਿਹੇ ਵਿਸ਼ੇਸ਼ਣ ਦਾ ਰੂਪ ਨਹੀਂ ਬਦਲਦਾ।

ਲਾਲ ਸਾਫਾ।

ਲਾਲ ਚੁੰਨੀ।

2. ਇੱਛਾ-ਬੋਧਕ ਅਤੇ ਆਗਿਆ ਬੋਧਕ ਕਿਰਿਆਵਾਂ ਨੂੰ ਛੱਡ ਕੇ ਬਾਕੀ ਕਿਰਿਆਵਾਂ ਦੇ ਰੂਪ ਵੀ ਲਿੰਗ ਵਚਨ ਅਨੁਸਾਰ-ਮੇਲ ਵਿਚ ਹੁੰਦੇ ਹਨ। ਜਦੋਂ ਨਾਂਵ ਜਾਂ ਵਿਸ਼ੇਸ਼ਣ ਵਚਨ ਦਾ ਸੰਕੇਤ ਨਾ ਦੇਵੇ ਤਾਂ ਕਿਰਿਆ ਦਾ ਰੂਪ ਇਹ ਸੰਕੇਤ ਕਰਦਾ ਹੈ।

ਪਿਆ ਹੈ, ਪਏ ਹਨ। ਤੋਂ ਵਚਨ ਦਾ ਸੰਕੇਤ ਕਿਰਿਆ ਤੋਂ ਮਿਲਦਾ ਹੈ।

(ੳ) ਕਿਰਿਆ ਦੇ ਆਗਿਆ ਬੋਧਕ ਰੂਪ ਵਿਚ ਸਿਰਫ ਵਚਨ ਦੀ ਸਮਤਾ ਹੁੰਦੀ ਹੈ। ਲਿੰਗ ਦੀ ਸਮਤਾ ਨਹੀਂ ਹੁੰਦੀ।

ਪੁੱਤਰ ਜਾ

ਬੀਬਾ ਜਾ

ਪੁਲਿੰਗ ਅਤੇ ਇਸਤਰੀ ਲਿੰਗ ਲਈ ਇਕੋ ਕਿਰਿਆ ਵਰਤੀ ਗਈ ਹੈ।

(ਅ) ਇੱਛਾ ਬੋਧਕ ਕਿਰਿਆ ਦਾ ਮੇਲ ਪੁਰਖ ਨਾਲ ਹੁੰਦਾ ਹੈ ਇਸਦੇ ਰੂਪ ਤੋਂ ਵੀ ਲਿੰਗ ਦਾ ਸੰਕੇਤ ਨਹੀਂ ਮਿਲਦਾ।

ਜਾਵਾਂ (ਪਹਿਲਾ ਪੁਰਖ, ਇਕ ਵਚਨ)

ਜਾਈਏ (ਪਹਿਲਾ ਪੁਰਖ, ਬਹੁ-ਵਚਨ)

ਜਾਵੇਂ (ਦੂਜਾ ਪੁਰਖ, ਬਹੁ-ਵਚਨ)

ਜਾਓ (ਦੂਜਾ ਪੁਰਖ, ਬਹੁ-ਵਚਨ)

ਜਾਏ (ਤੀਜਾ ਪੁਰਖ, ਇਕ ਵਚਨ)

ਜਾਣ (ਤੀਜਾ ਪੁਰਖ, ਬਹੁ-ਵਚਨ)

ਇਹ ਕਿਰਿਆ ਰੂਪ ਪੁਲਿੰਗ ਅਤੇ ਇਸਤਰੀ ਲਿੰਗ ਦੋਹਾਂ ਲਈ ਵਰਤੇ ਜਾਂਦੇ ਹਨ।

(ਏ) ਜਿਹੜੀਆਂ ਕਿਰਿਆਵਾਂ ਕਿਰਦੰਤਾਂ ਤੋਂ ਬਣੀਆਂ ਹਨ, ਉਹਨਾਂ ਦੇ ਰੂਪ ਲਿੰਗ ਵਚਨ ਅਨੁਸਾਰ ਬਦਲਦੇ ਹਨ ਭਾਵ ਕਿਰਿਆ ਦਾ ਲਿੰਗ ਵਚਨ ਨਾਲ ਮੇਲ ਸਥਾਪਤ ਹੁੰਦਾ ਹੈ।

(ਸ) ਜਿਹੜੀਆਂ ਕਿਰਿਆਵਾਂ ਮੂਲ ਧਾਤੂ ਤੋਂ ਬਣੀਆਂ ਹਨ ਉਹਨਾਂ ਦਾ ਰੂਪ ਪੁਰਖ ਨਾਲ ਮੇਲ ਸਥਾਪਤ ਕਰੇਗਾ।

(ਹ) ਭਵਿੱਖਤ ਦੇ ਰੂਪ ਭਾਵੇਂ ਮੂਲ ਧਾਤੂ ਤੋਂ ਬਣਦੇ ਹਨ ਪਰ (ਗਾ, ਗੇ ਗੀ, ਗੀਆਂ) ਨੂੰ ਕਿਰਦੰਤ ਮੰਨਿਆ ਗਿਆ ਹੈ ਇਸ ਲਈ ਭਵਿੱਖਤ ਦੇ ਕਿਰਿਆ ਰੂਪਾਂ ਦਾ ਪਹਿਲਾ ਹਿੱਸਾ ਪੁਰਖ ਅਨੁਸਾਰ ਬਦਲਦਾ ਹੈ ਅਤੇ ਅੰਤਲਾ ਹਿੱਸਾ (ਗਾ, ਗੇ ਗੀ, ਗੀਆਂ) ਲਿੰਗ ਵਚਨ ਅਨੁਸਾਰ ਮੇਲ ਸਥਾਪਤ ਕਰਦਾ ਹੈ।

ਉਹ ਪੜ੍ਹੇਗਾ ਉਹ ਪੜ੍ਹੇਗੀ।

ਉਹ ਪੜ੍ਹਨਗੇ ਉਹ ਪੜ੍ਹਨਗੀਆਂ।

(ਕ) ਸਕਰਮਕ ਕਿਰਿਆਵਾਂ ਦੇ ਸਧਾਰਨ ਭੂਤ ਕਾਲ ਵਾਲੇ ਵਾਕਾਂ ਵਿਚ ਕਿਰਿਆ ਦਾ ਲਿੰਗ ਵਚਨ ਕਰਮ ਨਾਲ ਮੇਲ ਸਥਾਪਤ ਕਰਦਾ ਹੈ।

ਮੁੰਡੇ ਨੇ ਸੋਢਾ ਪੀਤਾ।

ਮੁੰਡੇ ਨੇ ਸੋਢੇ ਪੀਤੇ।

ਇਕ ਛੋਟਾ ਹੈ ਸਕਰਮਕ ਕਿਰਿਆ ਦੇ ਸਧਾਰਨ ਭੂਤ ਕਾਲ ਵਾਲੇ ਵਾਕਾਂ ਦੀਆਂ ਕੁਝ ਬਣਤਰਾਂ ਅਜਿਹੀਆਂ ਵੀ ਹਨ ਜਿਸ ਵਿਚ ਕਿਰਿਆ ਦਾ ਮੇਲ ਕਰਤਾ ਨਾਲ ਸਥਾਪਤ ਹੁੰਦਾ ਹੈ।

ਮੁੰਡੇ ਨੇ ਕੁੜੀ ਨੂੰ ਦੁਖੀ ਕੀਤਾ।

ਕੁੜੀ ਨੇ ਮੁੰਡੇ ਨੂੰ ਦੁਖੀ ਕੀਤਾ।

ਮੁੰਡਿਆਂ ਨੇ ਕੁੜੀਆਂ ਨੂੰ ਦੁਖੀ ਕੀਤਾ।

ਕੁੜੀਆਂ ਨੇ ਮੁੰਡਿਆਂ ਨੂੰ ਦੁਖੀ ਕੀਤਾ।

ਕਰਤਾ ਤੇ ਕਰਮ ਹਰ ਵਾਕ ਵਿਚ ਬਦਲ ਗਏ ਹਨ। ਕਿਰਿਆ ਦਾ ਰੂਪ ਸਥਿਰ ਰਿਹਾ ਹੈ।

**B. ਅਧਿਕਾਰ :** ਕਾਰਕ ਦੇ ਸਬੰਧਕ ਪ੍ਰਭਾਵ ਨੂੰ ਅਧਿਕਾਰ ਆਖਿਆ ਜਾਂਦਾ ਹੈ। ਅਧਿਕਾਰ ਸਬੰਧੀ ਨਿਯਮਾਂ ਵਿਚ ਇਕਸਾਰਤਾ ਨਹੀਂ। ਪਰ ਹੇਠ ਲਿਖੇ ਨੁਕਤੇ ਅਧਿਕਾਰ ਸਬੰਧੀ ਜਾਣਕਾਰੀ ਲਈ ਲਾਹੇਵੰਦ ਹਨ।

(ੳ) ਪੁਲਿੰਗ ਨਾਂਵ ਇਕ ਵਚਨ ਹੋਣ, ਅਤੇ ਅੰਤ/ਅ/ਨਾਲ ਹੁੰਦਾ ਹੋਵੇ ਉਹਨਾਂ ਨਾਂਵਾਂ ਦਾ ਰੂਪ ਸਬੰਧਕ ਦੇ ਅਧਿਕਾਰ ਵਿਚ/-ਏ/ਅੰਤਕ ਹੋ ਜਾਂਦਾ ਹੈ।

ਮੁੰਡਾ - ਮੁੰਡੇ

ਮੁੰਡੇ ਨੂੰ

ਕਿਸੇ ਵੀ ਨਾਂਵ ਜਾਂ ਪੜਨਾਂਵ ਦੇ ਸਬੰਧਕੀ ਰੂਪ ਨੂੰ ਤਿਰਛਾ ਰੂਪ ਕਿਹਾ ਜਾਂਦਾ ਹੈ।

(ਅ) ਜਿਹੜੇ ਪੁਲਿੰਗ ਨਾਂਵਾਂ ਦਾ ਇਕ ਵਚਨ/ਅ/ਅੰਤਕ ਨਹੀਂ ਉਨ੍ਹਾਂ ਦੀ ਸਥਿਤੀ ਵੱਖਰੀ ਹੈ।

ਵੱਛਰੂ ਪਾਣੀ ਪੀਂਦਾ ਹੈ।

ਵੱਛਰੂ ਨੇ ਪਾਣੀ ਪੀਤਾ।

ਵੱਛਰੂ ਪਾਣੀ ਪੀਂਦੇ ਹਨ।

ਵੱਛਰੂਆਂ ਨੇ ਪਾਣੀ ਪੀਤਾ।

ਇਥੇ 'ਵਛਰੂਆਂ' ਸਬੰਧਕ ਦੇ ਅਧਿਕਾਰ ਵਿਚ ਆ ਕੇ ਹੀ ਬਣਿਆ ਹੈ।

(ੲ) /-ਈ/ ਅੰਤਕ ਇਸਤਰੀ ਲਿੰਗ ਨਾਂਵਾਂ ਤੇ ਸਬੰਧਕ ਦੇ ਅਧਿਕਾਰ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

ਕੁੜੀ ਰੋਟੀ ਖਾਂਦੀ ਹੈ।

ਕੁੜੀ ਨੇ ਰੋਟੀ ਖਾਧੀ।

ਕੁੜੀਆਂ ਰੋਟੀ ਖਾਂਦੀਆਂ ਹਨ।

ਕੁੜੀਆਂ ਨੇ ਰੋਟੀ ਖਾਦੀ।

(ਸ) ਵਿਸ਼ੇਸ਼ਣਾਂ ਤੋਂ ਵੀ ਨਾਂਵ ਵਾਂਗ ਹੀ ਸਬੰਧਕਾਂ ਦੇ ਅਧਿਕਾਰ ਦਾ ਪ੍ਰਭਾਵ ਪੈਂਦਾ ਹੈ।

(ਹ) ਪੜਨਾਂਵਾਂ ਦੇ ਰੂਪ ਵੀ ਸਬੰਧਕਾਂ ਦੇ ਅਧਿਕਾਰ ਕਰਕੇ ਪ੍ਰਭਾਵਿਤ ਹੁੰਦੇ ਹਨ।

| ਸਿੱਧਾ ਰੂਪ | ਤਿਰਛਾ ਰੂਪ |
|---|---|
| ਮੈਂ | ਮੈਥੋਂ, ਮੇਰਾ |
| ਅਸੀ | ਤੇਰਾ, ਮੈਥੋਂ, ਤੈਨੂੰ |

ਇਸ ਤਰ੍ਹਾਂ ਮੇਲ ਅਤੇ ਅਧਿਕਾਰ ਪੰਜਾਬੀ ਵਾਕ ਵਿਚ ਵਿਸ਼ੇਸ਼ ਰੋਲ ਅਦਾ ਕਰਦੇ ਹਨ। ਮੇਲ ਅਤੇ ਅਧਿਕਾਰ ਤੋਂ ਬਿਨਾਂ ਵਾਕ ਸ਼ੁੱਧ ਨਹੀਂ ਉਚਾਰਿਆ ਜਾ ਸਕਦਾ।

**8. ਅੰਤਰ ਕੇਂਦਰਤ ਅਤੇ ਬਾਹਰ ਕੇਂਦਰਤ ਬਣਤਰ**

**(ੳ) ਅੰਤਰ ਕੇਂਦਰਤ ਬਣਤਰ :** ਜਦੋਂ ਕਿਸੇ ਸ਼ਬਦ ਸਮੂਹ ਦਾ ਵਿਆਕਰਨਕ ਉਦੇਸ਼ ਉਸ ਸ਼ਬਦ ਸਮੂਹ ਦੇ ਮੁੱਖ ਸ਼ਬਦ ਨਾਲ ਮੇਲ ਖਾਂਦਾ ਹੋਵੇ, ਅਜਿਹੀ ਬਣਤਰ ਅੰਤਰ ਕੇਂਦਰਤ ਬਣਤਰ ਅਖਵਾਉਂਦੀ ਹੈ।

1. ਟੱਬਰ ਦੇ ਸਾਰੇ ਜੀਅ ਟੁੱਟੇ ਭੱਜੇ ਛੱਪਰ ਵਿਚ ਰਹਿੰਦੇ ਹਨ।
2. ਜਮਾਤ ਦੇ ਸਾਰੇ ਵਿਦਿਆਰਥੀ ਚਾਰ ਕੋਹ ਪੈਂਡਾ ਚਲਕੇ ਆਉਂਦੇ ਹਨ।
3. ਮਦਾਰੀ, ਸਪੇਰੇ, ਹਲਵਾਈ ਅਤੇ ਸਾਧ ਸਭ ਮੇਲੇ ਦੀਆਂ ਰੋਣਕਾਂ ਵਧਾ ਰਹੇ ਹਨ।
4. ਕੜਕਦੀ ਦੁਪਹਿਰ ਵਿਚ ਗਾਂਵਾਂ, ਮੱਝਾਂ, ਪੰਛੀ ਤੇ ਪਰਿੰਦੇ ਸਭ ਪਿਆਸੇ ਸਨ।

ਉਕਤ ਬਣਤਰਾਂ ਵਿਚ (1) ਟੱਬਰ ਦੇ ਸਾਰੇ ਜੀਅ ਵਿਚ ਟੱਬਰ ਅਤੇ ਸਾਰੇ ਜੀਆਂ ਦਾ ਇਕੋ ਵਿਆਕਰਨਕ ਉਦੇਸ਼ ਹੈ। (2) ਜਮਾਤ ਵਿਚ ਜਮਾਤ ਅਤੇ ਸਾਰੇ ਵਿਦਿਆਰਥੀਆਂ ਦਾ ਇਕੋ, ਵਿਆਕਰਨਕ ਉਦੇਸ਼ ਹੈ। ਚਾਰ ਕੋਹ ਅਤੇ ਪੈਂਡਾ ਦਾ ਇਕੋ ਉਦੇਸ਼ ਹੈ। (3) ਮੇਲੇ ਵਿਚ ਮਦਾਰੀ, ਸਪੇਰੇ, ਹਲਵਾਈ ਅਤੇ ਸਾਧ ਦਾ ਇਕੋ ਵਿਆਕਰਨਕ ਉਦੇਸ਼ ਹੈ। ਮੇਲੇ ਅਤੇ ਰੌਣਕਾਂ ਦਾ ਇਕ ਵਿਆਕਰਨਕ ਉਦੇਸ਼ ਹੈ। (4) ਵਿਚ ਗਾਂਵਾਂ, ਮੱਝਾਂ, ਪੰਛੀ ਅਤੇ ਪਰਿੰਦੇ ਦਾ ਇਕੋ ਵਿਆਕਰਨਕ ਉਦੇਸ਼ ਹੈ। ਇਸ ਲਈ ਬਣਤਰਾਂ ਅੰਤਰ ਕੇਂਦਰਤ ਹਨ।

ਉਕਤ ਉਦਾਹਰਣਾਂ ਵਿਚ ਟੱਬਰ ਦੇ ਸਾਰੇ ਜੀਅ ਦਾ ਇਕੋ ਉਦੇਸ਼ ਮੰਨਣ ਤੋਂ ਭਾਵ ਇਹ ਹੈ ਕਿ ਇਹ ਵਾਕਾਂਸ਼ ਇਕੋ ਨਾਂਵ/ਪੜਨਾਂਵ ਦਾ ਕੰਮ ਕਰਦਾ ਹੈ। ਇਸ ਨੂੰ ਇਕ ਸ਼ਬਦ ਨਾਲ ਬਦਲਿਆ ਜਾ ਸਕਦਾ ਹੈ।

**(ਅ) ਬਾਹਰ ਕੇਂਦਰਤ ਬਣਤਰ :** ਜਿਸ ਵਾਕਾਂਸ਼ ਦਾ ਵਿਆਕਰਨ ਕਾਰਜ ਉਸ ਵਾਕਾਂਸ਼ ਦੇ ਇਕ ਸ਼ਬਦ ਵਾਲਾ ਨਾ ਹੋਵੇ ਉਸ ਬਣਤਰ ਨੂੰ ਬਾਹਰ ਕੇਂਦਰਤ ਬਣਤਰ ਆਖਿਆ ਜਾਂਦਾ ਹੈ। ਸਿੱਧੇ ਸ਼ਬਦਾਂ ਵਿਚ ਜਿਹੜੀ ਬਣਤਰ ਅੰਤਰ ਕੇਂਦਰਤ ਨਹੀਂ, ਉਹ ਬਾਹਰ ਕੇਂਦਰਤ ਹੈ।

1. ਮੇਰੀ ਬਾਰੀ ਹੈ।
2. ਸੱਪ ਡਿੱਠਾ।
3. ਤੁਹਾਥੋਂ ਪਹਿਲਾਂ ਆਇਆ ਹਾਂ।
4. ਨਾ ਮੂੰਹ ਨਾ ਮੱਥਾ।

ਉਕਤ ਬਣਤਰਾਂ ਬਾਹਰ ਕੇਂਦਰਤ ਹਨ। (1) ਵਿਚ ਮੇਰੀ ਅਤੇ ਬਾਰੀ ਦਾ ਵਿਆਕਰਨਕ ਉਦੇਸ਼ ਇਕ ਨਹੀਂ। (2) ਸੱਪ ਦਾ ਕੋਈ ਡਿੱਠਾ ਨਾਲ ਸਾਂਝਾ ਵਿਆਕਰਨਕ ਉਦੇਸ਼ ਨਹੀਂ। (3) ਵਿਚ ਤੁਹਾਥੋਂ ਅਤੇ ਪਹਿਲਾਂ ਦਾ ਕੋਈ ਸਾਂਝਾ ਵਿਆਕਰਨਕ ਉਦੇਸ਼ ਨਹੀਂ। (4) ਮੂੰਹ ਅਤੇ ਮੱਥੇ ਦਾ ਕੋਈ ਸਾਂਝਾ ਵਿਆਕਰਨਕ ਉਦੇਸ਼ ਨਹੀਂ। ਇਸ ਲਈ ਇਹਨਾਂ ਬਣਤਰਾਂ ਨੂੰ ਬਾਹਰ ਕੇਂਦਰਤ ਬਣਤਰਾਂ ਆਖਿਆ ਜਾਂਦਾ ਹੈ।

ਬਾਹਰ ਕੇਂਦਰਤ ਬਣਤਰ ਵਾਲਾ ਸ਼ਬਦ ਸਮੂਹ ਮੁੱਖ ਸ਼ਬਦ ਦਾ ਕਾਰਜ ਨਹੀਂ ਕਰਦਾ। (3) ਵਿਚ ਨਾ ਹੀ ਤੁਹਾਡੇ ਅਤੇ ਨਾ ਹੀ ਪਹਿਲਾਂ ਵਾਕ ਸੰਪੂਰਨ ਕਰਦਾ ਹੈ।

(ੲ) ਭਾਸ਼ਾਈ ਬਣਤਰ ਦੀ ਵੰਡ ਇਕ ਹੋਰ ਪੱਖ ਤੋਂ ਵੀ ਕੀਤੀ ਜਾਂਦੀ ਹੈ। ਇਸ ਵੰਡ ਅਨੁਸਾਰ ਭਾਸ਼ਾਈ ਬਣਤਰਾਂ ਤਿੰਨ ਪ੍ਰਕਾਰ ਦੀਆਂ ਹਨ।

**(ੳ) ਸਾਵੀਂ ਬਣਤਰ (Coordinate) :** ਇਸ ਬਣਤਰ ਵਿਚ ਆਉਣ ਵਾਲੇ ਸਾਰੇ ਨਾਂਵ ਇਕ ਹੀ ਵਿਆਕਰਨਕ ਕਾਰਜ ਕਰਦੇ ਹਨ।

**ਉਦਾਹਰਣ :**

1. ਕਪੜੇ, ਅਖਬਾਰਾਂ ਤੇ ਹੋਰ ਭਾਂਡਾ ਟੀਂਡਾ ਕਮਰੇ ਵਿਚ ਖਿਲਰਿਆ ਪਿਆ ਹੈ।
2. ਠਾਣੇਦਾਰ ਨੇ ਚੋਰਾਂ, ਡਾਕੂਆਂ, ਕਾਤਲਾਂ, ਜੇਬ ਕਤਰਿਆਂ ਤੇ ਦਸ ਨੰਬਰੀਆਂ ਨੂੰ ਇਕੋ ਕਮਰੇ ਵਿਚ ਡੱਕਿਆ ਹੋਇਆ ਹੈ।

ਉਕਤ ਵਾਕ (1) ਵਿਚ ਕਪੜੇ, ਅਖਬਾਰ ਅਤੇ ਭਾਂਡਾ ਟੀਂਡਾ ਇਕ ਹੀ ਨਾਂਵ ਦਾ ਵਿਆਕਰਨ ਕਾਰਜ ਕਰਦਾ ਹੈ।

**(ਅ) ਅਧੀਨ ਬਣਤਰ :** ਜਿਸ ਬਣਤਰ ਦਾ ਇਕ ਅੰਸ਼ ਦੂਸਰੀ ਬਣਤਰ ਦੇ ਅਧੀਨ ਹੋਵੇ, ਉਸ ਨੂੰ ਅਧੀਨ ਬਣਤਰ ਆਖਦੇ ਹਨ।

1. ਲਾਲ ਘੋੜਾ
2. ਨੀਲਾ ਸੂਟ
3. ਠੰਢਾ ਪਾਣੀ
4. ਗਰਮ ਦੁੱਧ


ਉਕਤ ਬਣਤਰਾਂ (1) ਦਾ ਲਾਲ (2) ਦਾ ਨੀਲਾ (3) ਦਾ ਠੰਡਾ (4) ਦਾ ਗਰਮ ਕਰਮਵਾਰ ਘੋੜਾ, ਸੂਟ, ਪਾਣੀ ਅਤੇ ਦੁੱਧ ਦੇ ਅਧੀਨ ਹੈ।

**(ੲ) ਜੁੜਵੀਂ ਬਣਤਰ :** ਜਿਹੜੀ ਬਣਤਰ ਵਿਚ ਕੋਈ ਅੰਗ ਨਾ ਤਾਂ ਦੂਜੇ ਤੇ ਆਧਾਰਤ ਹੋਵੇ ਨਾ ਹੀ ਬਰਾਬਰ ਹੋਵੇ ਜੁੜਵੀਂ ਬਣਤਰ ਅਖਵਾਉਂਦੀ ਹੈ। ਛੱਤ ਉਤੇ, ਪੱਛਮ ਵੱਲ, ਬੈਂਚ ਕੋਲ ਆਦਿ ਜੁੜਵੀਆਂ ਬਣਤਰਾਂ ਹਨ।


**ਨਿਕਟ ਅੰਗ :** ਨਿਕਟ ਅੰਗ ਵਿਸ਼ਲੇਸ਼ਣ ਵਾਕ ਵਿਸ਼ਲੇਸ਼ਣ ਦੀ ਇਕ ਵਿਧੀ ਹੈ। ਇਹ ਵਿਧੀ ਸਭ ਤੋਂ ਪਹਿਲਾਂ ਬਲੂਮਫੀਲਡ ਨਾਂ ਦੇ ਭਾਸ਼ਾ ਵਿਗਿਆਨੀ ਨੇ ਵਰਤੀ ਸੀ। ਇਸ ਵਿਧੀ ਦੀ ਵਰਤੋਂ ਸਦਕਾ ਸ਼ਬਦ ਜਾਂ ਸ਼ਬਦ ਸਮੂਹ ਅੰਤਮ ਅੰਸ਼ ਵਜੋਂ ਪ੍ਰਾਪਤ ਹੁੰਦੇ ਹਨ। ਬਲੂਮਫੀਲਡ ਅਨੁਸਾਰ ਵਾਕ ਇਕ ਸ਼ਬਦਾਂ ਦੀ ਲੜੀ ਨਹੀਂ ਹੁੰਦਾ। ਇਸ ਵਿੱਚ ਕੁੱਝ ਅੰਸ਼ ਇਕ ਦੂਸਰੇ ਦੇ ਨੇੜੇ ਹੁੰਦੇ ਹਨ। ਨਿਕਟ ਅੰਸ਼ਾਂ ਦੀਆਂ ਤਹਿਆਂ ਹੁੰਦੀਆਂ ਹਨ। ਹਰ ਹੇਠਲੀ ਤਹਿ ਉਪਰਲੀ ਤਹਿ ਦਾ ਹਿੱਸਾ ਹੁੰਦੀ ਹੈ। ਇਹਨਾਂ ਤਹਿਆਂ ਨੂੰ ਬਰੈਕਟਾਂ ਵਿਚ ਦਰਸਾਇਆ ਜਾਂਦਾ ਹੈ।

ਹਰ ਵਾਕ ਵਿਚ ਸਬੰਧ ਅਨੁਸਾਰ ਨਿਕਟ ਅੰਗ ਦਾ ਨਿਖੇੜਨਾ ਅਤੇ ਬਰੈਕਟਾਂ ਰਾਹੀਂ ਇਹਨਾਂ ਦਾ ਆਪਸੀ ਨਿਕਟ ਸਬੰਧ ਦਸਣਾ ਹੀ ਨਿਕਟ ਅੰਗ ਵਿਸ਼ਲੇਸ਼ਣ ਵਿਧੀ ਹੈ।


**ਉਦਾਹਰਣ : 1**




**ਉਦਾਹਰਣ : 2**



**ਉਦਾਹਰਣ** : 3




ਇਸ ਤਰ੍ਹਾਂ ਵਾਕ ਵਿਆਖਿਆ ਦੀ ਇਸ ਵਿਉਂਤ ਦਾ ਮੰਤਵ ਨਿਕਟ ਅੰਗਾਂ ਨੂੰ ਚੁਣਨਾ ਅਤੇ ਅੱਗੋਂ ਉਹਨਾਂ ਦੀ ਨਿਕਟਤਾ ਲੱਭਦੇ ਜਾਣਾ ਹੈ। ਇਹ ਨਿਕਟਤਾ ਦਰਸਾਉਣ ਲਈ ਉਕਤ ਬਰੈਕਟਾਂ ਵਾਲਾ ਢੰਗ ਵਰਤਿਆ ਜਾ ਸਕਦਾ ਹੈ।

## ਉਪਵਾਕ

**ਪਰਿਭਾਸ਼ਾ** : ਉਪਵਾਕ, ਵਾਕ ਦਾ ਉਹ ਅੰਗ ਹੁੰਦਾ ਹੈ ਜਿਸ ਵਿਚ ਇਕ ਉਦੇਸ਼ ਅਤੇ ਇਕ ਵਿਧੇਅ (ਨਾਵਾਂ ਵਾਕੰਸ਼ + ਕਿਰਿਆ ਵਾਕੰਸ਼ ਦੇ ਤੱਤ ਮੌਜੂਦ ਹੋਣ। ਸਾਧਾਰਨ ਵਾਕ ਦੀ ਬਣਤਰ ਤਾਂ ਇਕ ਉਪਵਾਕ ਦੇ ਬਰਾਬਰ ਹੀ ਹੁੰਦੀ ਹੈ। ਮਿਸ਼ਰਤ ਜਾਂ ਸੰਜੁਗਤ ਵਾਕਾਂ ਦਾ ਰਚਨਾਤਮਕ ਅੰਗ ਉਪਵਾਕ ਹੁੰਦੇ ਹਨ ਜਿਨ੍ਹਾਂ ਨੂੰ ਵੱਖਰੇ ਤੌਰ ਤੇ ਪਛਾਣਿਆ ਜਾ ਸਕਦਾ ਹੈ। ਉਪਵਾਕਾਂ ਦੀ ਜਟਿਲਤਾ ਮਿਸ਼ਰਤ ਵਾਕਾਂ ਵਿਚ ਵੇਖੀ ਜਾ ਸਕਦੀ ਹੈ। ਇਨ੍ਹਾਂ ਵਾਕਾਂ ਵਿਚ ਆਉਣ ਵਾਲੇ ਉਪਵਾਕ ਬਣਤਰ ਕਾਰਜ ਜਾਂ ਅਰਥ ਦੇ ਪੱਖੋਂ ਇਕ ਦੂਜੇ ਤੋਂ ਵੱਖਰੇ ਹੁੰਦੇ ਹਨ। ਕਈ ਉਪਵਾਕ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਅਰਥ ਦੂਜੇ ਉਪਵਾਕ ਤੇ ਆਧਾਰਿਤ ਹੁੰਦਾ ਹੈ।

**ਉਪਵਾਕ ਵਰਗੀਕਰਨ** :– ਮਿਸ਼ਰਤ ਵਾਕਾਂ ਵਿਚ ਇਨ੍ਹਾਂ ਦੀ ਸਥਿਤੀ ਅਤੇ ਕਾਰਜ ਦੇ ਆਧਾਰ ਤੇ ਇਨ੍ਹਾਂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ।

**1. ਮੁੱਖ ਉਪਵਾਕ** :– ਮਿਸ਼ਰਤ ਵਾਕਾਂ ਦੀ ਬਣਤਰ ਵਿਚ ਮੁੱਖ ਉਪਵਾਕ ਉਹ ਉਪਵਾਕ ਹੁੰਦਾ ਹੈ ਜੋ ਮੁੱਖ ਕਿਰਿਆ ਦਾ ਧਾਰਣੀ ਹੋਣ ਸਦਕਾ ਬਣਤਰ ਪੱਖੋਂ ਸੁਤੰਤਰ ਵਾਕ ਹੁੰਦਾ ਹੈ। ਸੁਤੰਤਰ ਕਿਰਿਆ ਦਾ ਧਾਰਣੀ ਹੋਣ ਕਾਰਨ ਇਸ ਨੂੰ ਸੁਤੰਤਰ ਉਪਵਾਕ ਵੀ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਜੋ ਤੱਤ ਸਾਧਾਰਨ ਵਾਕ ਦੇ ਹੁੰਦੇ ਹਨ ਉਹੀ ਤੱਤ ਮੁੱਖ ਉਪਵਾਕ/ਸੁਤੰਤਰ ਉਪਵਾਕ ਦੇ ਹੁੰਦੇ ਹਨ। ਜਦੋਂ ਇਨ੍ਹਾਂ ਦੀ ਵਰਤੋਂ ਸੰਯੁਕਤ ਜਾਂ ਮਿਸ਼ਰਤ ਵਾਕਾਂ ਵਿਚ ਕੀਤੀ ਜਾਂਦੀ ਹੈ ਤਾਂ ਇਨ੍ਹਾਂ ਨੂੰ ਤੋੜਨ ਲਈ ਅਤੇ, ਪਰ, ਜਾਂ, ਤੇ ਆਦਿ ਯੋਜਕ ਵਰਤੇ ਜਾਂਦੇ ਹਨ ਜਾਂ ਫਿਰ ਕੌਮਾ (,) ਲਗਾਇਆ ਜਾਂਦਾ ਹੈ ਜਿਵੇਂ :

1. ਗੱਡੀ ਆਈ
2. ਸਿੱਖ ਟਾਂਗੇ ਵਾਲੇ ਨੇ ਘੋੜੇ ਨੂੰ ਚਾਬਕ **ਮਾਰੀ ਤੇ ਟਾਂਗਾ** ਤੁਰ ਪਿਆ।
3. ਰਾਮ ਨੇ ਸ਼ਾਮ ਨੂੰ ਬਾਣੀਏ ਤੋਂ ਉਧਾਰ ਦੁਆਇਆ ਪਰ ਉਹ ਰਾਹ ਵਿਚ ਹੀ ਜੇਬ ਕਟਵਾ ਗਿਆ।

ਉਪਰੋਕਤ ਉਦਾਹਰਨਾਂ ਵਿਚ ਨੰਬਰ ਇਕ ਵਾਕ ਸਾਧਾਰਨ ਵਾਕ ਹੈ ਜੋ ਇਕ ਸੁਤੰਤਰ ਉਪਵਾਕ ਵੀ ਹੈ। ਵਾਕ ਨੰਬਰ ਦੋ ਵਿਚ ਦੋ ਉਪਵਾਕ ਹਨ ਜੋ 'ਤੇ' ਯੋਜਕ ਨਾਲ ਜੋੜੇ ਗਏ ਹਨ। ਇਸੇ ਤਰ੍ਹਾਂ ਵਾਕ ਨੰਬਰ ਤਿੰਨ ਵਿਚ ਦੋ ਉਪਵਾਕ ਹਨ ਜੋ 'ਪਰ' ਯੋਜਕ ਨਾਲ ਜੋੜੇ ਗਏ ਹਨ। ਸੁਤੰਤਰ ਉਪਵਾਕ ਸਾਰੀਆਂ ਵਾਕਾਤਮਕ ਬਣਤਰਾਂ ਵਿਚ ਵਿਚਰਦੇ ਹਨ ਪਰ ਇਹ ਕਿਸੇ ਵੀ ਸਥਾਨ ਤੇ ਵਿਚਰ ਸਕਦੇ ਹਨ।

**2. ਅਧੀਨ ਉਪਵਾਕ** : ਅਜਿਹੇ ਉਪਵਾਕ ਜੋ ਸੁਤੰਤਰ ਤੌਰ ਤੇ ਵਿਚਰ ਨਾ ਸਕਣ, ਉਨ੍ਹਾਂ ਨੂੰ ਅਧੀਨ ਉਪਵਾਕ ਕਿਹਾ ਜਾਂਦਾ ਹੈ। 'ਅਧੀਨ ਉਪਵਾਕ' ਸਦਾ 'ਸੁਤੰਤਰ ਉਪਵਾਕ' ਨਾਲ ਮਿਲ ਕੇ ਹੀ ਵਰਤੇ ਜਾਂਦੇ ਹਨ ਜਾਂ ਫਿਰ ਇਨ੍ਹਾਂ ਨੂੰ ਕਿਸੇ ਦੂਸਰੇ ਅਧੀਨ ਉਪਵਾਕ ਨਾਲ ਮਿਲ ਕੇ ਵਰਤਿਆ ਜਾਂਦਾ ਹੈ। ਅਧੀਨ ਉਪਵਾਕ ਦੇ ਸ਼ੁਰੂ ਵਿਚ ਕਿ, ਜੇ, ਜਿਵੇਂ, ਜੋ ਆਦਿ ਯੋਜਕ ਵਰਤੇ ਜਾਂਦੇ ਹਨ। ਇਹ ਯੋਜਕ ਹੀ ਇਨ੍ਹਾਂ ਦੀ ਪਛਾਣ ਦਾ ਚਿੰਨ੍ਹ ਹਨ। ਪੰਜਾਬੀ ਵਾਕਾਂ ਵਿਚ ਉਪਵਾਕਾਂ ਦੀ ਤਰਤੀਬ ਕੋਈ ਬੱਝੀ ਜਾਂ ਪੱਕੀ ਨਹੀਂ ਹੈ। ਆਮ ਤੌਰ ਤੇ ਅਧੀਨ ਉਪਵਾਕ, ਸੁਤੰਤਰ ਉਪਵਾਕ ਤੋਂ ਪਹਿਲਾਂ ਆਉਂਦਾ ਹੈ ਪਰ 'ਕਿ' ਯੋਜਕ ਨਾਲ ਸ਼ੁਰੂ ਹੋਣ ਵਾਲੇ ਅਧੀਨ ਉਪਵਾਕ ਸੁਤੰਤਰ ਉਪਵਾਕਾਂ ਦੇ

ਬਾਅਦ ਵਿਚ ਆਉਂਦੇ ਹਨ, ਜਿਵੇਂ :

1. ਬੱਚਾ ਰੋਂਦਾ ਹੈ **ਕਿਉਂਕਿ ਉਹ ਭੁੱਖਾ** ਹੈ।

2. ਉਸ ਨੇ **ਦੱਸਿਆ ਕਿ ਗੱਡੀ ਲੇਟ** ਹੈ।

3. ਮੇਰਾ ਭਰਾ ਆਇਆ ਹੈ **ਜਿਹੜਾ ਦਿੱਲੀ ਰਹਿੰਦਾ** ਹੈ।

4. ਬੱਦਲ ਇਸ ਤਰ੍ਹਾਂ ਕੜਕ ਰਹੇ ਸਨ **ਜਿਵੇਂ ਮੀਂਹ ਪੈਣ ਵਾਲਾ ਹੋਵੇ।**

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਅਧੀਨ ਉਪਵਾਕ ਵਜੋਂ ਵਰਤੇ ਗਏ ਹਨ।

**ਅਧੀਨ ਉਪਵਾਕ :- ਵਰਗੀਕਰਨ** : I. ਕਾਰਜ ਪੱਖੋਂ ਅਧੀਨ ਉਪਵਾਕਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ:-

**(ੳ) ਨਾਂਵ ਉਪਵਾਕ** : ਜੇ ਕਿਸੇ ਹੋਰ ਉਪਵਾਕ ਵਿਚਲੇ ਕਿਸੇ ਸ਼ਬਦ ਦੇ ਸੰਬੰਧ ਵਿਚ ਨਾਂਵ ਦਾ ਕਾਰਜ ਨਿਭਾਵੇ ਉਸ ਨੂੰ ਨਾਂਵ ਉਪਵਾਕ ਕਿਹਾ ਜਾਂਦਾ ਹੈ : ਜਿਵੇਂ :

(1) **ਇਹ ਸੱਚ ਹੈ ਕਿ** ਉਹ ਮਰ ਗਿਆ।

(2) **ਬੱਚਿਆਂ ਨੇ ਦੱਸਿਆ ਕਿ** ਕੱਲ ਸਕੂਲ ਬੰਦ ਹੈ।

**(ਅ) ਵਿਸ਼ੇਸ਼ਣੀ ਉਪਵਾਕ** : ਜੋ ਕਿਸੇ ਹੋਰ ਉਪਵਾਕ ਵਿਚਲੇ ਸ਼ਬਦ ਦੇ ਸੰਬੰਧ ਵਿਚ ਵਿਸ਼ੇਸ਼ਣ ਦਾ ਕਾਰਜ ਨਿਭਾਵੇ ਉਸ ਨੂੰ ਵਿਸ਼ੇਸ਼ਣੀ ਵਾਕੰਸ਼ ਕਿਹਾ ਜਾਂਦਾ ਹੈ, ਜਿਵੇਂ :

1. ਜਿਸ ਘਰ ਵਿਚ **ਉਹ ਰਹਿੰਦਾ ਸੀ,** ਉਹ ਢੱਠ ਗਿਆ ਹੈ।

2. ਉਹ ਕੁੜੀ **ਜਿਹੜੀ ਕਲ੍ਹ ਆਈ ਸੀ,** ਮੇਰੀ ਭੈਣ ਹੈ।

**(ੲ) ਕਿਰਿਆ ਵਿਸ਼ੇਸ਼ਣ ਉਪਵਾਕ :-** ਜੋ ਕਿਸੇ ਹੋਰ ਉਪਵਾਕ ਵਿਚਲੇ ਕਿਸੇ ਸ਼ਬਦ ਦੇ ਸੰਬੰਧ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਨਿਭਾਵੇ ਉਸ ਨੂੰ ਕਿਰਿਆ ਵਿਸ਼ੇਸ਼ਣੀ ਵਾਕੰਸ਼ ਕਿਹਾ ਜਾਂਦਾ ਹੈ। ਜਿਵੇਂ :

1. **ਡਾਕਟਰ ਦੇ ਪਹੁੰਚਣ ਤੋਂ ਪਹਿਲਾਂ ਹੀ** ਮਰੀਜ਼ ਮਰ ਗਿਆ।

2. ਇਸ ਨੂੰ ਪੰਜਾਬ ਆਖਦੇ ਹਨ **ਕਿਉਂਕਿ ਇਸ ਵਿਚ ਪੰਜ ਦਰਿਆ ਵਹਿੰਦੇ ਹਨ**

II. ਬਣਤਰ ਪੱਖੋਂ ਅਧੀਨ ਉਪਵਾਕਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

**(ਅ) ਅਧੀਨ ਯੋਜਕ ਨਾਲ ਆਰੰਭ ਹੋਣ ਵਾਲੇ :-** ਪੰਜਾਬੀ ਭਾਸ਼ਾ ਦੀ ਵਾਕ-ਬਣਤਰ ਵਿਚ ਵਿਚਰਦੇ ਅਧੀਨ ਉਪਵਾਕਾਂ ਦੀ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਇਨ੍ਹਾਂ ਨਾਲ ਅਧੀਨ ਯੋਜਕ (ਕਿ, ਜਿਵੇਂ ਜਦੋਂ, ਜਿਹੜੇ, ਜਿੰਨੇ ਆਦਿ) ਲਗਦੇ ਹਨ। ਜਿਵੇਂ :-

1. ਮੈਂ ਬੜੀ ਖੁਸ਼ ਹੁੰਦੀ ਜੇ ਤੁਸੀਂ **ਮੇਰੇ ਘਰ** ਆ ਜਾਂਦੇ।

2. ਉਸ ਨੇ ਪ੍ਰਣ ਕਰ ਲਿਆ ਹੈ **ਕਿ ਉਹ ਚੋਰੀ ਨਹੀਂ** ਕਰੇਗਾ।

**(ਅ) ਅਪੂਰਨ ਕਿਰਿਆ ਵਾਲੇ :-** ਇਸ ਕਿਸਮ ਦੇ ਉਪਵਾਕ ਇਸ ਕਰਕੇ ਅਧੀਨ ਹੁੰਦੇ ਹਨ ਕਿਉਂਕਿ ਇਨ੍ਹਾਂ ਦੀ ਕਿਰਿਆ ਪੂਰਨ ਨਾ ਹੋ ਕੇ ਅਪੂਰਨ ਹੁੰਦੀ ਹੈ। ਅਪੂਰਨ ਕਿਰਿਆ ਉਸ ਨੂੰ ਆਖਦੇ ਹਨ ਜਿਸ ਦਾ ਵਾਕ ਵਿਚ ਲਿੰਗ ਵਚਨ ਤੇ ਪੁਰਖ ਦੀ ਪੱਧਰ ਤੇ ਕੋਈ ਮੇਲ ਨਾ ਹੁੰਦਾ ਹੋਵੇ, ਜਿਵੇਂ :

(1) ਉਹ ਪਾਣੀ ਦੇ ਕੇ ਚਲੀ ਗਈ।

(2) ਘਰ **ਵੜਦਿਆਂ ਹੀ** ਮੈਂ ਪਾਣੀ ਪੀਤਾ।

**(ੲ) ਅਪੂਰਨ ਕਿਰਿਆ ਦੇ ਅਧੀਨ ਯੋਜਕ** : ਅਜਿਹੀ ਕਿਸਮ ਦੇ ਉਪਵਾਕਾਂ ਵਿਚ ਉਪਰੋਕਤ ਦੋਹਾਂ ਕਿਸਮਾਂ ਦੇ ਪਛਾਣ ਚਿੰਨ੍ਹ ਇਕੱਠੇ ਵਿਚਰਦੇ ਹਨ ਜਿਵੇਂ :-

(1) ਜੇ ਵਕਤ ਮਿਲਿਆ ਤਾਂ ਮੈਂ ਬਜ਼ਾਰ ਜਾਵਾਂਗਾ।

(2) ਜੋ ਕਰੇਗਾ ਸੋ ਭਰੇਗਾ।

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਵਾਕ ਵਿਚ ਜਿਥੇ ਮੁਖ ਉਪਵਾਕ ਨੂੰ ਸਾਧਾਰਨ ਵਾਕ ਦੇ ਬਰਾਬਰ ਖੜ੍ਹਾ ਕੀਤਾ ਜਾ ਸਕਦਾ ਹੈ ਉਥੇ ਅਧੀਨ ਉਪਵਾਕ ਸੁਤੰਤਰ ਰੂਪ ਖੜ੍ਹੇ ਹੋਣ ਦੀ ਸਮਰੱਥਾ ਨਹੀਂ ਰੱਖਦੇ।

## ਵਾਕੰਸ਼

**ਪਰਿਭਾਸ਼ਾ** : ਪੰਜਾਬੀ ਭਾਸ਼ਾ ਦੇ ਵਾਕਾਂ ਦੀ ਰਚਨਾਤਮਕ ਬਣਤਰ ਦਾ ਅੰਗ ਵਾਕੰਸ਼ ਹੁੰਦੇ ਹਨ। ਵਾਕੰਸ਼ ਦਾ ਸ਼ਬਦੀ ਅਰਥ ਹੈ 'ਵਾਕ ਦਾ ਅੰਸ਼' ਅਰਥਾਤ ਵਾਕ ਦਾ ਹਿੱਸਾ। ਵਾਕ ਦੇ ਪ੍ਰਤੱਖ ਹਿੱਸੇ ਤਾਂ 'ਸ਼ਬਦ' ਹੁੰਦੇ ਹਨ ਸ਼ਬਦਾਂ ਦੇ ਅੰਸ਼ 'ਭਾਵੰਸ਼' ਅਤੇ 'ਭਾਵੰਸ਼ਾਂ' ਦੇ ਅੰਸ਼ 'ਧੁਨੀਆਂ' ਹੁੰਦੀਆਂ ਹਨ। ਇੰਜ ਧੁਨੀਆਂ, ਭਾਵੰਸ਼ ਤੇ ਸ਼ਬਦ ਵਾਕ ਦੇ ਅੰਸ਼ ਬਣ ਜਾਂਦੇ ਹਨ। ਕਿਸੇ ਵਿਆਕਰਨਕ ਵਰਗ ਦੀ ਪੱਧਰ ਦੇ ਅੰਸ਼ ਨੂੰ ਹੀ ਵਾਕੰਸ਼ ਮੰਨਿਆ ਜਾਂਦਾ ਹੈ। ਸਾਧਾਰਨ ਵਾਕ ਦੀ ਬਣਤਰ ਵਿਚ ਦੋ ਵਾਕੰਸ਼/ਨਾਂਵ ਵਾਕੰਸ਼ ਅਤੇ ਕਿਰਿਆ ਵਾਕੰਸ਼ ਜ਼ਰੂਰੀ ਹੁੰਦੇ ਹਨ। ਵਾਕ ਵਿਚ ਵਾਕੰਸ਼ਾਂ ਦੀ ਗਿਣਤੀ ਦੋ ਤੋਂ ਵੱਧ ਵੀ ਹੋ ਸਕਦੀ ਹੈ। ਵਾਕੰਸ਼ ਇਕ ਜਾਂ ਇਕ ਤੋਂ ਵੱਧ ਸ਼ਬਦਾਂ ਦਾ ਧਾਰਨੀ ਵੀ ਹੋ ਸਕਦਾ ਹੈ। ਵਾਕੰਸ਼ ਦੀ ਬਣਤਰ ਤੇ ਇਸ ਦੇ ਕਾਰਜ ਨੂੰ ਧਿਆਨ ਵਿਚ ਰੱਖਦੇ ਹੋਇਆਂ ਇਸ ਨੂੰ ਪਰਿਭਾਸ਼ਤ ਕੀਤਾ ਜਾਂਦਾ ਹੈ : ਵਾਕੰਸ਼ ਇਕ ਜਾਂ ਵਧੇਰੇ ਸ਼ਬਦਾਂ ਦਾ ਅਜਿਹਾ ਸਮੂਹ ਹੁੰਦਾ ਹੈ, ਜਿਸ ਦਾ ਇਕ ਸ਼ਬਦ ਜਾਂ ਸ਼ਬਦ ਸਮੂਹ ਦੇ ਤੌਰ ਤੇ ਵਾਕ ਵਿਚ ਇਕ ਰਚਨਾਤਮਕ ਕਾਰਜ ਹੋਵੇ। ਵਿਆਕਰਨਕਾਰਾਂ ਅਨੁਸਾਰ ਵਾਕ ਦੇ ਦੋ ਹਿੱਸੇ - ਉਦੇਸ਼ ਤੇ ਵਿਧੇਅ-ਮੰਨੇ ਜਾਂਦੇ ਹਨ। ਵਾਕੰਸ਼ ਉਨ੍ਹਾਂ ਦਾ ਹੀ ਬਦਲਿਆ ਨਾਮ ਹੈ। 'ਵਾਕੰਸ਼' ਉਦੇਸ਼ ਜਾਂ ਵਿਧੇਅ ਹੀ ਹੁੰਦਾ ਹੈ। ਵਾਕ ਵਿਚ ਜਿਹੜਾ ਵਾਕੰਸ਼ ਉਦੇਸ਼ ਦਾ ਕਾਰਜ ਕਰਦਾ ਹੈ ਉਸ ਨੂੰ ਨਾਂਵ ਵਾਕੰਸ਼ ਤੇ ਜਿਹੜਾ ਵਿਧੇਅ ਦਾ ਕਾਰਜ ਕਰਦਾ ਹੈ ਉਸ ਨੂੰ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ, ਜਿਵੇਂ :-

1. ਮੁੰਡਾ ਹੱਸਿਆ।
2. ਕਾਲਾ ਮੁੰਡਾ ਹੱਸਿਆ।
3. ਬਹੁਤ ਕਾਲਾ ਮੁੰਡਾ ਹੱਸਿਆ।
4. ਮੁੰਡਾ ਹੱਸ ਪਿਆ।
5. ਮੁੰਡਾ ਹੱਸਦਾ ਰਹਿੰਦਾ ਸੀ।
6. ਬਹੁਤ ਕਾਲਾ ਮੁੰਡਾ ਹੱਸਦਾ ਰਹਿੰਦਾ ਹੁੰਦਾ ਸੀ।

ਵਾਕ ਨੰਬਰ (1) ਵਿਚ ਦੋ ਸ਼ਬਦ - ਮੁੰਡਾ (ਨਾਂਵ) ਹੱਸਿਆ (ਕਿਰਿਆ) ਆਏ ਹਨ, ਇਸ ਲਈ ਇਹ ਦੋਵੇ ਨਾਂਵ ਵਾਕੰਸ਼ ਤੇ ਕਿਰਿਆ ਵਾਕੰਸ਼ ਹਨ। ਉਦਾਹਰਨ ਨੰ. ਦੋ ਤੇ ਤਿੰਨ ਵਿਚ 'ਹੱਸਿਆ' ਸ਼ਬਦ ਤੋਂ ਪਹਿਲਾ ਕ੍ਰਮਵਾਰ ਦੋ ਤੇ ਤਿੰਨ ਸ਼ਬਦ ਆਏ ਹਨ ਜੋ ਕਿ ਨਾਂਵ ਵਰਗਾ ਕਾਰਜ ਹੀ ਨਿਭਾਉਂਦੇ ਹਨ, ਇਸ ਲਈ ਇਹ ਨਾਂਵ ਵਾਕੰਸ਼ ਦਾ ਅੰਗ ਹੀ ਹਨ। ਵਾਕ ਨੰਬਰ 4 ਤੋਂ 6 ਤਕ ਦੇ ਵਾਕਾਂ ਵਿਚ 'ਮੁੰਡਾ' ਸ਼ਬਦ ਤੋਂ ਅਗਲੇਰੇ ਸ਼ਬਦਾਂ ਦੀ ਗਿਣਤੀ ਕਿਰਿਆ ਵਰਗ ਦਾ ਕਾਰਜ ਹੀ ਨਿਭਾਉਂਦੀ ਹੈ। ਇਹ ਸ਼ਬਦ ਸਮੂਹ ਕਿਰਿਆ ਵਾਕੰਸ਼ ਹਨ।

### ਵਾਕੰਸ਼ : ਵਰਗੀਕਰਣ

ਭਾਸ਼ਾ ਦੇ ਸ਼ਬਦ ਦੀਆਂ ਜਿੰਨੀਆਂ ਪ੍ਰਮੁੱਖ ਸ੍ਰੇਣੀਆਂ ਹਨ, ਉਨ੍ਹਾਂ ਮੁਤਾਬਕ ਹੀ ਵਾਕਾਂ ਵਿਚ ਵਾਕੰਸ਼ਾਂ ਦੀ ਹੋਂਦ ਹੁੰਦੀ ਹੈ। ਵਾਕੰਸ਼, ਇਨ੍ਹਾਂ ਸ਼ਬਦਾਂ ਦੁਆਲੇ ਬਣੀਆਂ ਬਣਤਰਾਂ ਹੀ ਤਾਂ ਹੁੰਦੇ ਹਨ। ਭਾਸ਼ਾ ਵਿਚ ਨਾਂਵ/ਪੜਨਾਂਵ, ਵਿਸ਼ੇ ਸ਼ਣ, ਕਿਰਿਆ ਤੇ ਕਿਰਿਆ ਵਿਸ਼ੇਸ਼ਣ ਵਾਕ ਦੀਆਂ ਰਚਨਾਤਮਕ ਇਕਾਈਆਂ ਹਨ। ਇਨ੍ਹਾਂ ਦੇ ਆਧਾਰ ਤੇ ਹੀ ਵਾਕੰਸ਼ਾਂ ਦੇ ਵਰਗ ਸਾਹਮਣੇ ਆਉਂਦੇ ਹਨ।

(ੳ) ਨਾਂਵ - ਵਾਕੰਸ਼
(ਅ) ਕਿਰਿਆ - ਵਾਕੰਸ਼
(ੲ) ਵਿਸ਼ੇਸ਼ਣ - ਵਾਕੰਸ਼
(ਸ) ਕਿਰਿਆ ਵਿਸ਼ੇਸ਼ਣ - ਵਾਕੰਸ਼
(ਹ) ਸੰਬੋਧਕੀ-ਵਾਕੰਸ਼

ਉਪਰੋਕਤ ਪੰਜਾਂ ਵਰਗਾਂ ਵਿਚ ਦੋ ਵਰਗ ਹੀ ਪ੍ਰਮੁੱਖ ਹਨ ਵਿਸ਼ੇਸ਼ਣ-ਵਾਕੰਸ਼ ਨਾਂਵ ਵਾਕੰਸ਼ ਦਾ ਹਿੱਸਾ ਬਣ ਜਾਂਦੇ ਹਨ ਕਿਉਂਕਿ ਕਾਰਜ ਪੱਖੋਂ ਵਿਸ਼ੇਸ਼ਣ ਵਰਗ ਦੇ ਸ਼ਬਦ ਨਾਂਵ ਦੀ ਵਿਸ਼ੇਸ਼ਤਾ ਦਾ ਕਾਰਜ ਹੀ ਅਦਾ ਕਰਦੇ ਹਨ। ਸੋ

ਇਸ ਵਰਗ ਦੇ ਵਾਕੰਸ਼, ਨਾਂਵ-ਵਾਕੰਸ਼ ਦਾ ਅੰਗ ਬਣ ਜਾਂਦੇ ਹਨ। ਕੇਵਲ ਪੂਰਕ ਵਾਕਾਂ ਵਾਲੀ ਬਣਤਰ ਵਿਚ ਵਿਸ਼ੇਸ਼ਣੀ ਵਾਕੰਸ਼ ਵੱਖਰੀ ਹੋਂਦ ਰੱਖਦੇ ਹਨ। ਇਸ ਤਰ੍ਹਾਂ ਕਿਰਿਆ ਵਿਸ਼ੇਸ਼ਣੀ ਵਾਕੰਸ਼ਾਂ ਦਾ ਸੰਬੰਧ ਕਿਰਿਆ ਦੀ ਵਿਸ਼ੇਸ਼ਤਾ ਦਾ ਪ੍ਰਗਟਾਵਾ ਕਰਦਾ ਹੈ। ਇਹ ਆਮ ਤੌਰ ਤੇ ਕਿਰਿਆ ਤੋਂ ਪਹਿਲਾਂ ਆਉਂਦੇ ਹਨ ਅਤੇ ਇਹ ਕਿਰਿਆ ਵਾਕੰਸ਼ ਦਾ ਅੰਗ ਹੁੰਦੇ ਹਨ।

## ਨਾਂਵ ਵਾਕੰਸ਼

**ਪਰਿਭਾਸ਼ਾ** :- ਉਸ ਵਿਆਕਰਨਕ ਇਕਾਈ ਨੂੰ ਨਾਂਵ ਵਾਕੰਸ਼ ਕਿਹਾ ਜਾਂਦਾ ਹੈ ਜੋ ਵਾਕ ਵਿਚ ਨਾਂਵ ਦਾ ਕਾਰਜ ਨਿਭਾਉਂਦੀ ਹੈ ਜਾਂ ਜੋ ਨਾਂਵ ਦੇ ਸਥਾਨ ਤੇ ਵਰਤੀ ਜਾਂਦੀ ਹੈ। ਇਕ ਨਾਂਵ-ਵਾਕੰਸ਼ ਵਿਚ ਇਕ ਨਾਂਵ ਅਤੇ ਉਸ ਨਾਲ ਸੰਬੰਧਿਤ ਅੱਗੇ ਪਿੱਛੇ ਜੁੜਨ ਵਾਲੇ ਸਾਰੇ ਸ਼ਬਦ ਅਤੇ ਸ਼ਬਦ ਸਮੂਹ ਆ ਜਾਂਦੇ ਹਨ। ਭਾਵ ਕਿ ਨਾਂਵ-ਵਾਕੰਸ਼ ਇਕ ਸ਼ਬਦੀ ਵੀ ਹੋ ਸਕਦਾ ਹੈ ਅਤੇ ਇਕ ਤੋਂ ਵੱਧ ਸ਼ਬਦਾਂ ਦਾ ਵੀ। ਇਸ ਸੰਬੰਧ ਵਿਹ ਹੇਠਲੇ ਵਾਕ ਵੇਖੇ ਜਾ ਸਕਦੇ ਹਨ ਜਿਵੇਂ :

(i) **ਮੁੰਡੇ** ਆਏ।

(ii) **ਸਾਰੇ ਮੁੰਡੇ** ਆਏ।

(iii) **ਸਾਡੇ ਕਾਲਜ ਦੇ ਸਾਰੇ ਮੁੰਡੇ** ਆਏ।

(iv) **ਸਾਡੇ ਕਾਲਜ ਦੇ ਮੁੰਡਿਆਂ ਨੇ ਮੈਚ** ਜਿੱਤ ਲਿਆ।

(v) **ਸਾਡੇ ਸਕੂਲ ਦੇ ਵੱਡੇ ਭੈਣ ਜੀ ਨੇ** ਇਨਾਮ ਵੰਡੇ।

(vi) **ਮੇਰੀ ਕਲਾਸ ਦੇ ਕੇਵਲ ਦੋ ਵਿਦਿਆਰਥੀ ਹੀ** ਮੈਰਿਟ ਵਿਚ ਸਨ।

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਨਾਂਵ-ਵਾਕੰਸ਼ ਹਨ। ਪਹਿਲੇ ਵਾਕ ਵਿਚ ਕੇਵਲ ਇਕ ਸ਼ਬਦ ਦਾ ਹੀ ਨਾਂਵ-ਵਾਕੰਸ਼ ਹੈ ਪਰੰਤੂ (vi) ਵਾਕ ਵਿਚ ਕਈ ਸ਼ਬਦਾਂ ਨੇ ਮਿਲ ਕੇ ਨਾਂਵ-ਵਾਕੰਸ਼ ਬਣਾਇਆ ਹੈ।

**ਨਾਂਵ-ਵਾਕੰਸ਼ : ਪਛਾਣ** : ਪੰਜਾਬੀ ਭਾਸ਼ਾ ਦੇ ਸਾਧਾਰਨ ਵਾਕਾਂ ਵਿਚ ਨਾਂਵ-ਵਾਕੰਸ਼ਾਂ ਦੀ ਪਛਾਣ ਰੂਪ ਅਤੇ ਕਾਰਜ ਦੇ ਆਧਾਰ ਉੱਤੇ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ :

### (ੳ) ਰੂਪ ਦੇ ਆਧਾਰ ਤੇ ਨਾਂਵ-ਵਾਕੰਸ਼ ਦੀ ਪਛਾਣ

ਪੰਜਾਬੀ ਵਾਕਾਂ ਵਿਚ ਨਾਂਵ-ਵਾਕੰਸ਼ਾਂ ਦੀ ਪਛਾਣ ਰੂਪ ਦੇ ਆਧਾਰ ਤੇ ਤਿੰਨ ਤਰ੍ਹਾਂ ਕੀਤੀ ਜਾ ਸਕਦੀ ਹੈ - ਮੁੱਖ ਸ਼ਬਦ ਰਾਹੀਂ, ਸਥਾਨ ਰਾਹੀਂ ਅਤੇ ਸੰਬੰਧਕਾਂ ਰਾਹੀਂ।

**(i) ਮੁੱਖ ਸ਼ਬਦ ਰਾਹੀਂ** :- ਸਾਧਾਰਨ ਬਿਆਨੀਆਂ ਵਾਕਾਂ ਵਿਚ ਉਸ 'ਸ਼ਬਦ ਸਮੂਹ' ਨੂੰ ਨਾਂਵ-ਵਾਕੰਸ਼ ਕਿਹਾ ਜਾਂਦਾ ਹੈ ਜਿਸ ਦਾ ਮੁੱਖ ਮੰਤਵ ਨਾਂਵ ਹੋਵੇ। ਮੁੱਖ ਸ਼ਬਦ ਨੂੰ ਨਾਂਵ-ਵਾਕੰਸ਼ ਦੇ ਸਥਾਨ ਤੇ ਵਰਤਣ ਨਾਲ ਵਾਕ ਦੀ ਬਣਤਰ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਜਿਵੇਂ :

1. (ੳ) **ਐਮ. ਏ. ਦੇ ਸਾਰੇ ਵਿਦਿਆਰਥੀ** ਪੜ੍ਹ ਰਹੇ ਹਨ।

   (ਅ) **ਵਿਦਿਆਰਥੀ** ਪੜ੍ਹ ਰਹੇ ਹਨ।

2. (ੳ) **ਲਾਲ ਕਮੀਜ਼ ਤੇ ਕਾਲੀ ਪੱਗ ਵਾਲ ਮੁੰਡਾ** ਖੇਡਦਾ ਹੈ।

   (ਅ) **ਮੁੰਡਾ** ਖੇਡਦਾ ਹੈ।

ਉਪਰੋਕਤ ਉਦਾਹਰਨਾਂ ਵਿਚ (ੳ) ਵਾਕਾਂ ਦੇ ਨਾਂਵ-ਵਾਕੰਸ਼ ਵਿਚ 'ਵਿਦਿਆਰਥੀ' ਅਤੇ 'ਮੁੰਡਾ' ਮੁਖ ਸ਼ਬਦ ਵਜੋਂ ਵਿਸਥਾਰ ਸਹਿਤ ਵਰਤੇ ਗਏ ਹਨ। ਪਰ (ਅ) ਵਾਕਾਂ ਵਿਚ ਕੇਵਲ ਮੁਖ ਸ਼ਬਦਾਂ ਨੂੰ ਹੀ ਨਾਂਵ-ਵਾਕੰਸ਼ ਵਰਤਿਆ ਹੈ। ਇਸ ਨਾਲ ਵਾਕਾਂ ਦੀ ਬਣਤਰ ਵਿਚ ਕੋਈ ਪਰਿਵਰਤਨ ਨਹੀਂ ਆਇਆ। ਇਥੋਂ ਸਪਸ਼ਟ ਹੁੰਦਾ ਹੈ ਕਿ (ੳ) ਵਾਕਾਂ ਵਿਚਲੇ ਜਿਹੜੇ ਸ਼ਬਦ (ਅ) ਵਾਕਾਂ ਵਿਚ ਸ਼ਾਮਿਲ ਨਹੀਂ ਹੋਏ ਉਹ (ੳ) ਵਾਕਾਂ ਵਿਚ ਆਪਣੇ ਨਾਂਵ-ਵਾਕੰਸ਼ ਦਾ ਹਿੱਸਾ ਹਨ।

**(ii) ਸੰਬੰਧਕਾਂ ਰਾਹੀਂ** : ਇਕ ਨਾਂਵ ਜਾਂ ਪੜਨਾਂਵ ਨਾਲ ਵਰਤੇ ਜਾਣ ਵਾਲੇ ਸ਼ਬਦ ਜੋ ਉਸ ਨਾਂਵ ਜਾਂ ਪੜਨਾਂਵ ਦਾ ਸੰਬੰਧ ਵਾਕ ਦੇ ਕਿਸੇ ਹੋਰ ਸ਼ਬਦ ਨਾਲ ਦਿਸਦੇ ਹਨ, ਉਨ੍ਹਾਂ ਨੂੰ ਸੰਬੰਧਕ ਕਿਹਾ ਜਾਂਦਾ ਹੈ। 'ਨੇ' ਅਤੇ 'ਨੂੰ' ਸੰਬੰਧਕ ਨਾਂਵ-ਵਾਕੰਸ਼ ਦੀ ਪਛਾਣ ਦਾ ਮੁੱਖ ਚਿੰਨ ਮੰਨੇ ਜਾਂਦੇ ਹਨ। 'ਨੇ' ਸੰਬੰਧਕ ਤੋਂ ਪਹਿਲਾਂ ਆਉਣ ਵਾਲਾ ਸ਼ਬਦ ਸਮੂਹ ਨਾਂਵ-ਵਾਕੰਸ਼ ਹੁੰਦਾ ਹੈ। ਜਿਵੇਂ :-

(ੳ) **ਮੁੰਡੇ ਨੇ ਰੋਟੀ ਖਾਧੀ।**

(ਅ) **ਰਾਮ ਨੇ ਸ਼ਾਮ ਨੂੰ ਕਿਤਾਬ ਦਿੱਤੀ।**

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਅੰਕਿਤ ਹਿੱਸੇ ਨਾਂਵ-ਵਾਕੰਸ਼ ਵਜੋਂ ਵਰਤੇ ਹਨ।

**(iii) ਸਥਾਨ ਮੁਖੀ ਪਛਾਣ** : ਸਧਾਰਨ ਬਿਆਨੀਆਂ ਵਾਕਾਂ ਵਿਚ ਸ਼ਬਦਾਂ ਦੇ ਸਥਾਨ ਤੇ ਵੀ ਨਾਂਵ-ਵਾਕੰਸ਼ ਦੀ ਪਛਾਣ ਕੀਤੀ ਜਾ ਸਕਦੀ ਹੈ। ਆਮ ਤੌਰ ਤੇ ਇਨ੍ਹਾਂ ਵਾਕਾਂ ਵਿਚ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਥਾਨ ਉੱਤੇ ਆਉਣ ਵਾਲੇ ਸਾਰਥਕ ਸ਼ਬਦ ਜਾਂ ਸ਼ਬਦ ਸਮੂਹ ਨੂੰ ਨਾਂਵ ਵਾਕੰਸ਼ ਕਿਹਾ ਜਾਂਦਾ ਹੈ ਜਿਵੇਂ :

(ੳ) **ਮੁੰਡੇ** ਪੜ੍ਹਦੇ ਹਨ

(ਅ) **ਮੁੰਡੇ ਕਿਤਾਬਾਂ** ਪੜ੍ਹਦੇ ਹਨ।

(ੲ) **ਮਾਂ ਨੇ ਬੱਚੇ ਨੂੰ ਰੋਟੀ** ਖੁਆਈ।

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਵਿਚ ਨਾਂਵ-ਵਾਕੰਸ਼ ਹਨ। ਨਾਂਵ ਵਾਕੰਸ਼ ਦੇ ਸਥਾਨ ਵਿਚ ਸ਼ੈਲੀਗਤ ਅਤੇ ਭਾਸ਼ਨੀ ਪ੍ਰਵਚਨਾਂ ਅਨੁਸਾਰ ਤਬਦੀਲੀ ਹੋ ਸਕਦੀ ਹੈ। ਇਸ ਲਈ ਨਾਂਵ ਵਾਕੰਸ਼ ਦੇ ਰੂਪ ਦੇ ਆਧਾਰ ਤੇ ਪਹਿਚਾਣ ਲਈ ਮੁੱਖ ਸ਼ਬਦ ਮੁਕਾਬਲੇ ਵਿਚ ਘੱਟ ਮਹੱਤਾ ਵਾਲਾ ਤਰੀਕਾ ਹੈ।

### (ਅ) ਕਾਰਜ ਦੇ ਆਧਾਰ ਤੇ ਨਾਂਵ-ਵਾਕੰਸ਼ ਦੀ ਪਛਾਣ

ਪੰਜਾਬੀ ਭਾਸ਼ਾ ਦੇ ਸਾਧਾਰਨ ਬਿਆਨੀਆਂ ਵਾਕਾਂ ਵਿਚ ਨਾਂਵ-ਵਾਕੰਸ਼ ਦੀ ਕਾਰਜ ਦੇ ਆਧਾਰ ਤੇ ਪਛਾਣ ਕੀਤੀ ਜਾ ਸਕਦੀ ਹੈ। ਵਾਕਾਂ ਵਿਚ ਨਾਂਵ-ਵਾਕੰਸ਼ ਕਿਰਿਆ ਦੇ ਕਰਤਾ ਤੇ ਕਿਰਿਆ ਦੇ ਕਰਮ ਵਜੋਂ ਕਾਰਜ ਕਰਦਾ ਹੈ। ਇਸ ਆਧਾਰ ਤੇ ਨਾਂਵ ਵਾਕੰਸ਼ ਵੀ ਦੋ ਵਰਗਾਂ ਵਿਚ ਵੰਡੇ ਜਾਂਦੇ ਹਨ :-

**(i) ਕਰਤਾ ਨਾਂਵ-ਵਾਕੰਸ਼** :- ਸਾਧਾਰਨ ਬਿਆਨੀਆਂ ਵਾਕ ਵਿਚ ਜੇ ਇਕ ਨਾਂਵ ਹੋਵੇ ਤਾਂ ਉਹ ਕਰਤਾ ਨਾਂਵ-ਵਾਕੰਸ਼ ਵਜੋਂ ਕਰਦਾ ਹੈ ਜਿਵੇਂ : ਮੁੰਡਾ ਪੜ੍ਹਦਾ ਹੈ ਵਾਕ ਵਿਚ 'ਮੁੰਡਾ' ਕਰਤਾ ਹੈ ਅਤੇ 'ਪੜ੍ਹਦਾ ਹੈ' ਕਿਰਿਆ ਹੈ। ਇਸ ਲਈ 'ਮੁੰਡਾ' ਨਾਂਵ-ਵਾਕੰਸ਼ ਹੈ। ਕਰਤਾ ਦਾ ਕਾਰਜ ਕਰਦੇ ਨਾਂਵ-ਵਾਕੰਸ਼ ਦੀ ਪਛਾਣ ਮੁੱਖ ਕਿਰਿਆ ਨਾਲ 'ਕੌਣ' ਜਾਂ 'ਕਿਸਨੇ' ਲਾ ਕੇ ਜੇ ਪ੍ਰਸ਼ਨਵਾਚਕ' ਵਾਕ ਬਣਾਇਆ ਜਾਵੇ ਤਾਂ ਇਸ ਪ੍ਰਸ਼ਨਵਾਚਕ ਵਾਕ ਦਾ ਜਵਾਬ ਵਾਕ ਦਾ ਕਰਤਾ ਹੋਵੇਗਾ। ਜਿਵੇਂ : 'ਕੁੜੀਆਂ ਨੇ ਗਿੱਧਾ ਪਾਇਆ' ਵਾਕ ਦਾ ਪ੍ਰਸ਼ਨਵਾਚਕ ਵਾਕ ਕਿਸਨੇ ਗਿੱਧਾ ਪਾਇਆ ? ਬਣਦਾ ਹੈ। ਇਸ ਦਾ ਜਵਾਬ ਹੈ 'ਕੁੜੀਆਂ ਨੇ'। ਸੋ 'ਕੁੜੀਆਂ ਨੇ' ਇਸ ਵਾਕ ਵਿਚ ਕਰਤਾ ਦਾ ਕਾਰਜ ਕਰਨ ਵਾਲਾ ਨਾਂਵ-ਵਾਕੰਸ਼ ਹੈ।

**(ii) ਕਰਮ ਨਾਂਵ-ਵਾਕੰਸ਼** :- ਕਰਮ ਨਾਂਵ-ਵਾਕੰਸ਼ ਦੀ ਪਛਾਣ ਕਿਰਿਆ ਨਾਲ ਪ੍ਰਸ਼ਨ ਸੂਚਕ ਸ਼ਬਦ 'ਕੀ' ਲਗਾ ਕੇ ਕੀਤੀ ਜਾਂਦੀ ਹੈ। ਜੋ ਉੱਤਰ ਆਏਗਾ ਉਹ ਕਰਮ ਨਾਂਵ-ਵਾਕੰਸ਼ ਹੋਵੇਗਾ ਜਿਵੇਂ ਮੁੰਡੇ ਨੇ ਸੱਪ ਨੂੰ ਮਾਰਿਆ ਵਿਚਲੀ ਕਿਰਿਆ 'ਮਾਰਿਆ' ਤੋਂ ਪ੍ਰਸ਼ਨ ਬਣਦਾ ਹੈ : 'ਕੀ ਮਾਰਿਆ ?' ਉੱਤਰ ਆਏਗਾ 'ਸੱਪ'। ਇਸ ਦਾ ਭਾਵ ਹੈ ਕਿ 'ਸੱਪ' ਇਸ ਵਾਕ ਵਿਚ ਕਰਮ ਨਾਂਵ-ਵਾਕੰਸ਼ ਹੈ।

### ਨਾਂਵ ਵਾਕੰਸ਼ : ਵਰਗੀਕਰਨ :

ਪੰਜਾਬੀ ਭਾਸ਼ਾ ਦੇ ਸਾਧਾਰਨ ਵਾਕਾਂ ਵਿਚ ਆਉਣ ਵਾਲੇ ਨਾਂਵ-ਵਾਕੰਸ਼ਾਂ ਦਾ ਵਰਗੀਕਰਨ ਦੇ ਆਧਾਰਾਂ ਸ਼ਬਦਾਂ ਦੀ ਗਿਣਤੀ ਅਤੇ ਸੰਬੰਧਕਾਂ ਦੀ ਮੌਜੂਦਗੀ ਤੇ ਕੀਤਾ ਜਾਂਦਾ ਹੈ।

**(ੳ) ਸ਼ਬਦਾਂ ਦੀ ਗਿਣਤੀ** : ਨਾਂਵ-ਵਾਕੰਸ਼ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦੀ ਗਿਣਤੀ ਦੇ ਆਧਾਰ ਤੇ ਨਾਂਵ-ਵਾਕੰਸ਼ਾਂ ਨੂੰ ਇਕ-ਸ਼ਬਦੀ ਨਾਂਵ-ਵਾਕੰਸ਼ ਕਿਹਾ ਜਾਂਦਾ ਹੈ।

**(ਅ) ਇਕ ਸ਼ਬਦੀ ਨਾਂਵ-ਵਾਕੰਸ਼** :- ਉਨ੍ਹਾਂ ਨਾਂਵ-ਵਾਕੰਸ਼ਾਂ ਨੂੰ ਜਿਨ੍ਹਾਂ ਵਿਚੋਂ ਇਕੋ ਇਕ ਸ਼ਬਦ ਹੋਵੇ

ਤੇ ਉਹ ਹੀ ਮੁੱਖ-ਸ਼ਬਦ ਹੋਵੇ, ਇਕ ਸ਼ਬਦੀ ਨਾਂਵ-ਵਾਕੰਸ਼ ਕਿਹਾ ਜਾਂਦਾ ਹੈ ਜਿਵੇਂ :

(i) **ਮੁੰਡਾ** ਖੇਡਦਾ ਹੈ।

(ii) **ਉਹ ਬਾਹਰ** ਖੇਡਦਾ ਹੈ।

ਉਪਰੋਕਤ ਵਾਕਾਂ ਵਿਚ ਗੂੜ੍ਹੇ ਅੰਕਤ ਹਿੱਸੇ ਨਾਂਵ-ਵਾਕੰਸ਼ ਹਨ ਤੇ ਇਹ ਇਕ ਸ਼ਬਦੀ ਨਾਂਵ-ਵਾਕੰਸ਼ ਹਨ।

**(ੳ) ਬਹੁ-ਸ਼ਬਦੀ ਨਾਂਵ-ਵਾਕੰਸ਼** : ਜਿਨ੍ਹਾਂ ਨਾਂਵ-ਵਾਕੰਸ਼ਾਂ ਵਿਚ ਇਕ ਤੋਂ ਵਧੇਰੇ ਸ਼ਬਦ ਹੋਣ ਉਨ੍ਹਾਂ ਨੂੰ ਬਹੁ-ਸ਼ਬਦੀ ਨਾਂਵ-ਵਾਕੰਸ਼ ਕਿਹਾ ਜਾਂਦਾ ਹੈ। ਬਹੁ-ਸ਼ਬਦੀ ਨਾਂਵ-ਵਾਕੰਸ਼ਾਂ ਵਿਚ ਨਾਂਵ/ਪੜਨਾਂਵ ਮੁੱਖ ਸ਼ਬਦ ਹੁੰਦਾ ਹੈ। ਮੁਖ ਸ਼ਬਦ ਨਾਲ ਸੰਬੰਧਕ, ਵਿਸ਼ੇਸ਼ਕ, ਨਾਂਹ ਵਾਚਕ ਸ਼ਬਦ, ਦਬਾਅ ਬੋਧਕ ਸ਼ਬਦ ਵਗੈਰਾ ਆ ਕੇ ਨਾਂਵ-ਵਾਕੰਸ਼ ਨੂੰ ਬਹੁ-ਸ਼ਬਦੀ ਬਣਾ ਦਿੰਦੇ ਹਨ ਜਿਵੇਂ :

(i) **ਐਮ. ਏ. ਦੇ ਵਿਦਿਆਰਥੀ** ਪੜ੍ਹਦੇ ਹਨ

(ii) **ਸਾਡੇ** ਵਿਭਾਗ ਦੇ **ਐਮ.ਏ. ਦੇ ਵਿਦਿਆਰਥੀ** ਪੜ੍ਹਦੇ ਹਨ।

(iii) **ਉਨ੍ਹਾਂ ਦੇ ਮੁੰਡਿਆਂ ਨੇ ਮੈਚ ਜਿੱਤ** ਲਿਆ।

ਉਪਰੋਕਤ ਉਦਾਹਰਨਾਂ ਵਿਚ ਗੂੜੇ ਅੰਕਤ ਹਿੱਸੇ ਨਾਂਵ ਵਾਕੰਸ਼ ਹਨ ਤੇ ਇਹ ਬਹੁ-ਸ਼ਬਦੀ ਨਾਂਵ-ਵਾਕੰਸ਼ ਹਨ।

**(ਅ) ਸੰਬੰਧਕਾਂ ਦੇ ਆਧਾਰ ਤੇ** :- ਨਾਂਵ ਵਾਕੰਸ਼ ਵਿਚ ਸੰਬੰਧਕਾਂ ਦੀ ਮੌਜੂਦਗੀ ਦੇ ਆਧਾਰ ਤੇ ਇਨ੍ਹਾਂ ਨੂੰ ਦੋ ਵਰਗਾਂ ਸੰਬੰਧਕ ਰਹਿਤ ਤੇ ਸੰਬੰਧਕ ਸਹਿਤ ਵਿਚ ਵੰਡਿਆ ਗਿਆ ਹੈ।

**(ਅ$_1$) ਸੰਬੰਧਕ ਰਹਿਤ ਨਾਂਵ-ਵਾਕੰਸ਼** :- ਜਿਨ੍ਹਾਂ ਨਾਂਵ-ਵਾਕੰਸ਼ਾਂ ਵਿਚ ਸੰਬੰਧਕ ਨਾ ਲੱਗਾ ਹੋਵੇ, ਉਨ੍ਹਾਂ ਨੂੰ ਸੰਬੰਧਕ ਰਹਿਤ ਨਾਂਵ ਵਾਕੰਸ਼ ਕਿਹਾ ਜਾਂਦਾ ਹੈ ਜਿਵੇਂ :

(i) **ਬੱਚਾ** ਹੱਸਦਾ ਹੈ।

(ii) **ਕੁੜੀਆਂ ਤੇ ਮੁੰਡੇ** ਖੇਡਦੇ ਹਨ।

ਉਪਰੋਕਤ ਵਾਕਾਂ ਵਿਚ ਗੂੜ੍ਹੇ ਅੰਕਤ ਹਿੱਸੇ ਸੰਬੰਧਕ ਰਹਿਤ ਨਾਂਵ-ਵਾਕੰਸ਼ ਦੀਆਂ ਉਦਾਹਰਨਾਂ ਹਨ।

**(ਅ$_2$) ਸੰਬੰਧਕ ਸਹਿਤ ਨਾਂਵ-ਵਾਕੰਸ਼** :- ਜਿਨ੍ਹਾਂ ਨਾਂਵ-ਵਾਕੰਸ਼ਾਂ ਵਿਚ ਸੰਬੰਧਕ ਲੱਗਾ ਹੋਵੇ, ਉਨ੍ਹਾਂ ਨੂੰ ਸੰਬੰਧਕ ਸਹਿਤ ਨਾਂਵ-ਵਾਕੰਸ਼ ਕਹਿੰਦੇ ਹਨ ਜਿਵੇਂ :

(i) **ਮੁੰਡਿਆਂ ਨੇ ਸੱਪ** ਮਾਰਿਆ।

(ii) **ਮੁੰਡਿਆਂ ਨੇ ਸੱਪ ਨੂੰ ਸੋਟੀ ਨਾਲ** ਮਾਰਿਆ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਅੰਕਤ ਹਿੱਸੇ ਸੰਬੰਧਕ ਸਹਿਤ ਨਾਂਵ-ਵਾਕੰਸ਼ ਦੇ ਉਦਾਹਰਨ ਹਨ।

### ਨਾਂਵ-ਵਾਕੰਸ਼ ਦੀ ਬਣਤਰ

ਨਾਂਵ-ਵਾਕੰਸ਼ ਦੀ ਅੰਦਰੂਨੀ ਬਣਤਰ ਦਾ ਅਧਿਐਨ ਕਰਨ ਲਈ ਇਸ ਨੂੰ ਦੋ ਭਾਗਾਂ - (ੳ) ਨਾਂਵ-ਵਾਕੰਸ਼ ਦੇ ਤੱਤ (ਅ) ਤੱਤਾਂ ਦੀ ਤਰਤੀਬ - ਵਿਚ ਵੰਡਿਅ ਗਿਆ ਹੈ।

**(ੳ) ਨਾਂਵ-ਵਾਕੰਸ਼ ਦੇ ਤੱਤ** : ਬਹੁ-ਸ਼ਬਦੀ ਨਾਂਵ-ਵਾਕੰਸ਼ ਵਿਚ ਆਉਣ ਵਾਲੇ ਤੱਤਾਂ ਨੂੰ ਹੇਠ ਲਿਖੇ ਸੱਤ ਵਰਗਾਂ ਵਿਚ ਸ਼੍ਰੇਣੀ ਬੱਧ ਕੀਤਾ ਜਾਂਦਾ ਹੈ :

(i) ਨਾਂ/ਪੜਨਾਂਵ

(ii) ਵਿਸ਼ੇਸ਼ਕ

(iii) ਸੰਬੰਧਕ

(iv) ਦਬਾਓ-ਬੋਧਕ ਅੰਸ਼


(v) ਨਾਂਹ-ਬੋਧਕ ਅੰਸ਼

(vi) ਆਦਰ-ਬੋਧਕ ਅੰਸ਼

(vii) ਸੰਯੋਜਕ

ਉਪਰੋਕਤ ਸੱਤਾ ਸ਼੍ਰੇਣੀਆਂ ਦੇ ਤੱਤਾਂ ਵਿਚੋਂ ਨਾਂਵ-ਪੜਨਾਂਵ ਹੀ ਨਾਂਵ-ਵਾਕੰਸ਼ ਦਾ ਜ਼ਰੂਰੀ ਤੱਤ ਹੈ ਕਿਉਂਕਿ ਇਨ੍ਹਾਂ ਦੋਵਾਂ ਵਿਚੋਂ ਕੋਈ ਨਾ ਕੋਈ ਤਾਂ ਨਾਂਵ-ਵਾਕੰਸ਼ ਵਿਚ ਜ਼ਰੂਰ ਮੌਜੂਦ ਹੁੰਦਾ ਹੈ। ਇਹ ਹੀ ਨਾਂਵ-ਵਾਕੰਸ਼ ਦਾ ਮੁੱਖ ਸ਼ਬਦ ਹੁੰਦੇ ਹਨ। ਬਾਕੀ ਦੀਆਂ ਸ਼੍ਰੇਣੀਆਂ ਦੇ ਸ਼ਬਦ (ਜਿਨ੍ਹਾਂ ਨੂੰ ਨਾਂਵ-ਵਾਕੰਸ਼ ਦੇ ਤੱਤ ਕਿਹਾ ਜਾਂਦਾ ਹੈ) ਗੈਰ-ਜ਼ਰੂਰੀ ਤੱਤ ਕਹਾਉਂਦੇ ਹਨ ਕਿਉਂਕਿ ਉਨ੍ਹਾਂ ਦਾ ਨਾਂਵ-ਵਾਕੰਸ਼ ਵਿਚ ਆਉਣਾ ਜ਼ਰੂਰੀ ਹੈ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

(1) **ਨਾਂਵ** : ਨਾਂਵ-ਵਾਕੰਸ਼ ਵਿਚ ਵਾਕੰਸ਼ ਦੇ ਅੰਤ ਤੇ ਆਉਣ ਵਾਲਾ ਸ਼ਬਦ/ਤੱਤ 'ਨਾਂਵ' ਹੁੰਦਾ ਹੈ ਜੋ ਕਿ ਨਾਂਵ-ਵਾਕੰਸ਼ ਦਾ ਮੁੱਖ ਸ਼ਬਦ ਹੁੰਦਾ ਹੈ। ਪਰੰਪਰਕ ਤੌਰ ਤੇ ਪੰਜ ਵਰਗਾਂ ਵਿਚ ਵੰਡੇ ਜਾਣ ਵਾਲੇ ਨਾਂਵਾਂ ਵਿਚੋਂ ਕਿਸੇ ਸ਼੍ਰੇਣੀ ਦਾ ਨਾਂਵ ਮੁੱਖ ਸ਼ਬਦ ਹੋ ਸਕਦਾ ਹੈ। ਰੂਪ ਦੇ ਆਧਾਰ ਤੇ ਨਾਂਵ-ਵਾਕੰਸ਼ ਵਿਚ ਵਰਤੇ ਜਾਣ ਵਾਲੇ ਨਾਵਾਂ ਨੂੰ ਹੇਠ ਲਿਖੇ ਅਨੁਸਾਰ ਸ਼੍ਰੇਣੀ ਬੱਧ ਕੀਤਾ ਜਾਂਦਾ ਹੈ।




**(ii)ਪੜਨਾਂਵ** :- ਜਿਹੜਾ ਸ਼ਬਦ ਕਿਸੇ ਨਾਂਵ ਦੀ ਜਗ੍ਹਾ ਵਰਤਿਆ ਜਾਵੇ ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ। ਪੜਨਾਂਵ ਵੀ ਵਾਕੰਸ਼ ਵਿਚ ਮੁੱਖ ਸ਼ਬਦ ਦੀ ਭੂਮਿਕਾ ਨਿਭਾਉਂਦੇ ਹਨ। ਪ੍ਰੋ. ਦੂਨੀ ਚੰਦ ਅਤੇ ਡਾ. ਹਰਕੀਰਤ ਸਿੰਘ ਹੋਰਾਂ ਨੇ ਪੜਨਾਂਵ ਨੂੰ ਛੇ ਸ਼੍ਰੇਣੀਆਂ ਵਿਚ ਵੰਡਿਆ ਹੈ :

- ਪੜਨਾਂਵ
  - ਨਿਸ਼ਚੇਵਾਚਕ ਪੜਨਾਂਵ
  - ਪੁਰਖਵਾਚਕ ਪੜਨਾਂਵ
  - ਅਨਿਸ਼ਚਿਤ ਪੜਨਾਂਵ
  - ਪ੍ਰਸ਼ਨਵਾਚਕ ਪੜਨਾਂਵ
  - ਸਬੰਧਵਾਚਕ ਪੜਨਾਂਵ
  - ਨਿਜਵਾਚਕ ਪੜਨਾਂਵ

**(iii)** **ਵਿਸ਼ੇਸ਼ਕ** :- ਨਾਂਵ ਵਾਕੰਸ਼ ਵਿਚੋਂ 'ਵਿਸ਼ੇਸ਼ਕ' ਉਹ ਤੱਤ ਹੈ ਜੋ 'ਮੁੱਖ ਸ਼ਬਦ' ਨਾਲ ਮਿਲ ਕੇ ਉਸ ਦੇ ਅਰਥਾਂ ਵਿਚ ਵਿਸ਼ੇਸ਼ਤਾ ਲਿਆਉਂਦਾ ਹੈ। 'ਮੁੱਖ ਸ਼ਬਦ' ਤੋਂ ਪਹਿਲਾਂ ਆਉਣ ਵਾਲੇ ਸਭ ਤੱਤਾਂ ਨੂੰ 'ਵਿਸ਼ੇਸ਼ਕ' ਕਿਹਾ ਜਾਂਦਾ ਹੈ। ਕਈ ਵਾਰੀ ਵਿਸ਼ੇਸ਼ਕ 'ਮੁੱਖ ਸ਼ਬਦ' ਤੋਂ ਬਾਅਦ ਵੀ ਵਰਤੇ ਜਾਂਦੇ ਹਨ। ਅਜਿਹਾ ਕੇਵਲ ਪੂਰਕ ਵਾਕਾਂ ਵਿਚ ਹੀ ਹੁੰਦਾ ਹੈ। ਆਮ ਤੌਰ ਤੇ ਵਰਤੇ ਜਾਣ ਵਾਲੇ ਵਿਸ਼ੇਸ਼ਕਾਂ ਨੂੰ ਹੇਠ ਲਿਖੇ ਖਾਕੇ ਵਿਚ ਵੀ ਦਰਸਾਇਆ ਜਾ ਸਕਦਾ ਹੈ :

- ਵਿਸ਼ੇਸ਼ਕ
  - ਅਨਿਸ਼ਚਿਤ
  - ਨਿਸ਼ਚਿਤ
    - ਸੰਖਿਆ ਬੋਧਕ
      - ਅੰਦਾਜ਼ਨ
      - ਕ੍ਰਮ ਬੋਧਕ
      - ਪੂਰਨ ਸੰਖਿਆ ਬੋਧਕ
      - ਅਪੂਰਨ ਸੰਖਿਆ ਬੋਧਕ
      - ਗੁਣ ਬੋਧਕ
    - ਮਿਕਦਾਰ ਬੋਧਕ
    - ਸਮੁਚਤਾ ਬੋਧਕ
    - ਸੰਕੇਤ ਬੋਧਕ
    - ਸੰਬੰਧ ਬੋਧਕ
    - ਗੁਣ ਬੋਧਕ
    - ਵਾਕੰਸ਼ੀ ਵਿਸ਼ੇਸ਼ਕ
      - ਅਪੋਸਟਿਵ ਨਾਂਵ-ਵਾਕੰਸ਼
      - ਵਿਸ਼ੇਸ਼ਣੀ ਨਾਂਵ-ਵਾਕੰਸ਼
      - ਕਿਰਿਆ ਵਿਸ਼ੇਸ਼ਣੀ-ਵਾਕੰਸ਼

**(iv)** **ਸੰਬੰਧਕ** : ਪੰਜਾਬੀ ਵਿਚ 'ਨੇ' ਤੇ 'ਨੂੰ' ਸੰਬੰਧਕ ਨਾਂਵ-ਵਾਕੰਸ਼ ਦੀ ਪਛਾਣ ਦਾ ਆਧਾਰ ਮੰਨੇ ਜਾਂਦੇ ਹਨ। ਜਦੋਂ ਇਕ ਨਾਂਵ-ਵਾਕੰਸ਼ ਵਿਚ ਸੰਬੰਧਕ ਆਵੇ ਤਾਂ ਉਸ ਦੇ ਮੁੱਖ ਸ਼ਬਦ ਦਾ ਸੰਬੰਧਕੀ ਰੂਪ ਹੀ ਆ ਸਕਦਾ ਹੈ ਜਿਵੇਂ :

ਉਸ **ਨੇ ਕੰਮ ਨਹੀਂ** ਕੀਤਾ।

ਮੁੰਡਿਆਂ **ਨੇ ਸੱਪ ਨੂੰ** ਮਾਰਿਆ।

**(v)** **ਦਬਾਅ ਵਾਚਕ ਸ਼ਬਦ** : ਨਾਂਵ-ਵਾਕੰਸ਼ ਵਿਚ ਦਬਾਅ ਵਾਚਕ ਸ਼ਬਦਾਂ ਦਾ ਬਹੁਤ ਮਹੱਤਵ ਹੈ। ਇਸ ਸ਼੍ਰੇਣੀ ਵਿਚ ਉਹ ਸ਼ਬਦ /ਅੰਸ਼ ਆਉਂਦੇ ਹਨ ਜੋ ਕਥਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਵਰਤੇ ਜਾਂਦੇ ਹਨ। ਇਹ ਸ਼ਬਦ, ਜਿਸ ਸ਼ਬਦ ਦੇ ਦਬਾਅ ਪਾਉਣਾ ਹੋਵੇ ਉਸ ਦੇ ਬਾਅਦ ਵਿਚ ਵਰਤੇ ਜਾਂਦੇ ਹਨ। ਦਬਾਅ ਬੋਧਕ ਸ਼ਬਦਾਂ ਨੂੰ ਦੋ ਵਰਗਾਂ - ਇਕਹਿਰੇ ਦਬਾਅ ਵਾਲੇ ਅਤੇ ਦੂਹਰੇ ਦਬਾਅ ਵਾਲੇ ਵਿਚ ਵੰਡਿਆ ਜਾਂਦਾ ਹੈ, ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

ਦਬਾਅ ਵਾਚਕ — ਇਕਹਿਰੇ ਦਬਾਅ ਵਾਚਕ / ਦੂਹਰੇ ਦਬਾਅ ਵਾਚਕ

ਇਕਹਿਰੇ ਦਬਾਅ ਵਾਚਕ ਸ਼ਬਦਾਂ ਦਾ ਇਕ ਹੀ ਭਾਗ ਹੈ ਜੋ ਇਸ ਸ਼ਬਦ ਤੇ ਬਲ ਦੇਣਾ ਹੋਵੇ, ਉਸ ਤੋਂ ਬਾਅਦ ਹੀ ਲਗਦਾ ਹੈ। ਈ, ਹੀ, ਵੀ, ਤੇ, ਤਾਂ, ਹਾਂ, ਸਹੀ, ਭਲਾ ਆਦਿ ਇਕਹਿਰੇ ਦਬਾਅ ਬੋਧਕ ਸ਼ਬਦ ਹਨ। ਜਿਵੇਂ :

1. ਤੁਸੀਂ ਵੀ ਚਾਹ ਪੀਓ।
2. ਇਹ ਤਿੰਨ ਮੁੰਡੇ ਹੀ ਜਾਣਗੇ।

ਉਪਰੋਕਤ ਉਦਾਹਰਨਾਂ ਵਿਚ ਵੀ, ਹੀ ਦਬਾਅ ਬੋਧਕ ਅੰਸ਼ ਵਰਤੇ ਗਏ ਹਨ ਜੋ ਕ੍ਰਮਵਾਰ ਤੁਸੀਂ ਮੁੰਡੇ, ਸ਼ਬਦਾਂ ਤੇ ਦਬਾਅ ਪਾਉਣ ਲਈ ਵਰਤੇ ਗਏ ਹਨ।

ਦੂਹਰੇ ਦਬਾਅ ਬੋਧਕ ਸ਼ਬਦ ਉਨ੍ਹਾਂ ਨੂੰ ਕਿਹਾ ਗਿਆ ਹੈ ਜਿਨ੍ਹਾਂ ਦੇ ਦੋ ਹਿੱਸੇ ਹੁੰਦੇ ਹਨ ਅਤੇ ਇਨ੍ਹਾਂ ਦਾ ਇਕ ਹਿੱਸਾ ਨਾਂਵ ਵਾਕੰਸ਼ ਦੇ ਸ਼ੁਰੂ ਅਤੇ ਦੂਸਰਾ ਹਿੱਸਾ ਨਾਂਵ-ਵਾਕੰਸ਼ ਦੇ ਅਖੀਰ ਵਿਚ ਲਗਦਾ ਹੈ। ਇਨ੍ਹਾਂ ਨੂੰ ਨਾਂਵ-ਵਾਕੰਸ਼ ਦੇ ਸੀਮਾ ਬੋਧਕ ਵੀ ਕਿਹਾ ਜਾਂਦਾ ਹੈ, ਸਿਰਫ ......ਹੀ, ਕੇਵਲ ..........ਹੀ, ਇਸ ਤੋਂ ਇਲਾਵਾ ਵੀ ਆਦਿ, ਜਿਵੇਂ :

1. **ਸਿਰਫ** ਤਿੰਨ ਲੜਕੇ ਹੀ ਜਾਣਗੇ।
2. **ਘੱਟੋ ਘੱਟ** ਤੇਰੇ ਤੋਂ ਤਾਂ ਇਹ ਉਮੀਦ ਨਹੀਂ ਸੀ।
3. **ਇਥੋਂ ਤੱਕ ਕਿ** ਦੱਸ ਮੁੰਡੇ **ਵੀ** ਇਹ ਕੰਮ ਨਹੀਂ ਕਰ ਸਕਦੇ।

ਉਪਰੋਕਤ ਉਦਾਹਰਨਾਂ ਵਿਚ ਗੂੜੇ ਹਿੱਸੇ ਦੂਹਰੇ ਦਬਾਅ ਬੋਧਕ ਨਾਂਵ-ਵਾਕੰਸ਼ ਹਨ।

ਪਹਿਲੀ ਉਦਾਹਰਨ ਵਿਚ ਸਿਰਫ .......ਹੀ, ਦੂਸਰੀ ਵਿਚ ਘੱਟੋ ਘੱਟ ........ਤਾਂ, ਅਤੇ ਤੀਸਰੀ ਉਦਾਹਰਨ ਵਿਚ ਇਥੋਂ ਤੱਕ ਕਿ ....... ਵੀ, ਦੂਹਰੇ ਦਬਾਅ ਵਾਲੇ ਸ਼ਬਦ ਵਰਤੇ ਗਏ ਹਨ। ਉਪਰੋਕਤ ਉਦਾਹਰਨਾਂ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਹ ਨਾਂਵ-ਵਾਕੰਸ਼ ਦੀ ਸੀਮਾ ਨਿਰਧਾਰਤ ਕਰਦੇ ਹਨ। ਇਨ੍ਹਾਂ ਦਾ ਇਕ ਹਿੱਸਾ ਨਾਂਵ-ਵਾਕੰਸ਼ ਦੇ ਸ਼ੁਰੂ ਵਿਚ ਅਤੇ ਦੂਸਰਾ ਹਿੱਸਾ ਬਾਅਦ ਵਿਚ ਆਇਆ ਹੈ।

**(vi) ਨਾਂਹ ਵਾਚਕ ਸ਼ਬਦ** :- ਨਾਂਵ ਵਾਕੰਸ਼ ਵਿਚ 'ਨਾਂ' ਅਤੇ 'ਨਹੀਂ' ਸ਼ਬਦਾਂ ਦੀ ਵਰਤੋਂ ਨਾਂਹ ਵਾਚਕ ਦੇ ਤੌਰ ਤੇ ਹੈ ਜਿਵੇਂ :

1. **ਮੈਂ ਨਹੀਂ** ਉਹ ਬਜ਼ਾਰ ਜਾਵੇਗਾ।
2. **ਨਾ ਉਸਨੇ** ਕਿਤੇ ਇਹ ਦੱਸਿਆ ਸੀ।

ਉਪਰੋਕਤ ਉਦਾਹਰਨਾਂ ਵਿਚ 'ਨਹੀਂ' ਅਤੇ 'ਨਾਂ' ਨਾਹ-ਵਾਕ ਸ਼ਬਦਾਂ ਵਜੋਂ ਵਰਤੇ ਗਏ ਹਨ। ਜੋ ਮੁੱਖ ਸ਼ਬਦ ਤੋਂ ਪਹਿਲਾਂ ਜਾਂ ਪਿਛੋਂ ਕਿਤੇ ਵੀ ਵਰਤੇ ਜਾ ਸਕਦੇ ਹਨ।

**(vii) ਆਦਰ ਬੋਧਕ ਸ਼ਬਦ** :- ਨਾਂਵ-ਵਾਕੰਸ਼ ਵਿਚ ਆਦਰ ਬੋਧਕ ਸ਼ਬਦ ਹੀ ਵਰਤੇ ਜਾਂਦੇ ਹਨ। ਇਨ੍ਹਾਂ ਵਿਚ ਜੀ, ਮਹਾਰਾਜ, ਸਾਹਿਬ, ਹਰੀਂ, ਬੇਗਮ, ਜਨਾਬ ਆਦਿ ਸ਼ਬਦ ਸ਼ਾਮਿਲ ਹਨ, ਜਿਵੇਂ :

1. **ਗੁਰੂ ਜੀ ਘਰ** ਪਰਤੇ।
2. **ਭਾਈ ਹੁਰੀਂ** ਬਹੁਤ ਮਿਹਨਤੀ ਸਨ।
3. **ਪਿਤਾ ਜੀ** ਅਚਨਚੇਤ ਹੀ ਆ ਗਏ।

ਉਪਰੋਕਤ ਉਦਾਹਰਨਾਂ ਵਿਚ ਜੀ, ਹੁਰੀਂ, ਜੀ ਆਦਰ ਬੋਧਕ ਸ਼ਬਦ ਵਰਤੇ ਗਏ ਹਨ।

**(viii) ਸੰਯੋਜਕ** : ਨਾਂਵ-ਵਾਕੰਸ਼ ਵਿਚ ਦੋ ਨਾਵਾਂ, ਦੋ ਪੜਨਾਵਾਂ ਜਾਂ ਨਾਂਵ ਤੇ ਪੜਨਾਂਵ ਨੂੰ ਜੋੜਨ ਵਾਲੇ ਸ਼ਬਦ ਨੂੰ ਸੰਯੋਜਕ ਕਿਹਾ ਜਾਂਦਾ ਹੈ। ਨਾਂਵ-ਵਾਕੰਸ਼ ਵਿਚ 'ਤੇ' ਅਤੇ 'ਜਾਂ' ਸੰਯੋਜਕ ਹੀ ਵਰਤੇ ਜਾਂਦੇ ਹਨ ਜਿਵੇਂ :

1. **ਰਾਮ ਤੇ ਸ਼ਾਮ** ਭਰਾ ਹਨ।
2. **ਬੀਰੋ ਤੇ ਰਾਣੋ** ਘਰ ਗਈਆਂ।

ਜੇ 'ਤੇ' ਦੋ ਨਾਵਾਂ ਨੂੰ ਜੋੜੇ ਅਤੇ ਉਸ ਤੋਂ ਪਹਿਲਾਂ ਵਿਸ਼ੇਸ਼ਕ ਲੱਗੇ ਹੋਣ ਤਾਂ ਇਹ ਵਿਸ਼ੇਸ਼ਕ ਕੇਵਲ ਪਹਿਲੇ ਨਾਂਵ ਲਈ ਹੀ ਹੁੰਦੇ ਹਨ ਜਿਵੇਂ :

3. ਚੰਗਾ **ਮੁੰਡਾ ਤੇ ਕੁੜੀ**।

## ਨਾਂਵ ਵਾਕੰਸ਼ : ਤੱਤਾਂ ਦੀ ਤਰਤੀਬ

ਨਾਂਵ-ਵਾਕੰਸ਼ ਦਾ ਮੁੱਖ ਸ਼ਬਦ ਜਾਂ ਪੜਨਾਂਵ ਹੁੰਦਾ ਹੈ ਪਰੰਤੂ ਇਸ ਦੀ ਬਣਤਰ ਵਿਚ ਇਕ ਜਾਂ ਇਕ ਤੋਂ ਵਧੇਰੇ ਵਿਸ਼ੇਸ਼ਕ ਆ ਸਕਦੇ ਹਨ। ਵਿਸ਼ੇਸ਼ਕਾਂ ਤੋਂ ਇਲਾਵਾ ਆਦਰ ਬੋਧਕ ਅੰਸ਼, ਸੰਬੰਧਕ, ਨਾਂਹ-ਬੋਧਕ ਅੰਸ਼ ਤੇ ਸੰਯੋਜਕ ਵੀ ਨਾਂਵ-ਵਾਕੰਸ਼ ਦਾ ਅੰਗ ਬਣ ਸਕਦੇ ਹਨ। ਜੇ ਇਨ੍ਹਾਂ ਸਾਰਿਆਂ ਦੀ ਤਰਤੀਬ ਦਾ ਅਧਿਐਨ ਕਰਨਾ ਹੋਵੇ ਤਾਂ ਇਸ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ - ਵਿਸ਼ੇਸ਼ਕ ਦੀ ਤਰਤੀਬ ਅਤੇ ਦੂਸਰੇ ਤੱਤਾਂ ਦੀ ਤਰਤੀਬ। ਇਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

### (ੳ) ਵਿਸ਼ੇਸ਼ਕ ਦੀ ਤਰਤੀਬ :-

ਨਾਂਵ-ਵਾਕੰਸ਼ ਵਿਚ ਜੇ ਇਕ ਹੀ ਵਿਸ਼ੇਸ਼ਕ ਵਰਤਿਆ ਜਾਵੇ ਤਾਂ ਉਹ ਤਾਂ ਮੁੱਖ ਸ਼ਬਦ ਤੋਂ ਪਹਿਲਾਂ ਆਵੇਗਾ ਹੀ ਪਰੰਤੂ ਜੇ ਇਕ ਤੋਂ ਵਧੇਰੇ ਵਿਸ਼ੇਸ਼ਕ ਵਰਤੇ ਗਏ ਹੋਣ ਤਾਂ ਉਨ੍ਹਾਂ ਦੀ ਤਰਤੀਬ ਮੁੱਖ ਸ਼ਬਦ ਨਾਲ ਨੇੜਤਾ ਦੇ ਆਧਾਰ ਤੇ ਮਿਥੀ ਜਾ ਸਕਦੀ ਹੈ। ਸਭ ਤੋਂ ਨੇੜੇ ਵਰਤੇ ਗਏ ਵਿਸ਼ੇਸ਼ਕ ਨੂੰ ਵਿਸ਼ੇਸ਼$_1$ ਦੂਜੇ ਨੰਬਰ ਤੇ ਵਰਤੇ ਗਏ ਵਿਸ਼ੇਸ਼ ਨੂੰ ਵਿਸ਼ੇਸ਼$_2$ ਅਤੇ ਇਸੇ ਤਰ੍ਹਾਂ ਨੰਬਰ -$_3$ , ਨੰਬਰ -$_4$ , ਨੰਬਰ -$_5$ ਅਤੇ ਅਣਗਿਣਤ ਤੱਕ ਵਿਸ਼ੇਸ਼ਕ ਮਿਥੇ ਜਾ ਸਕਦੇ ਹਨ। ਇਹ ਨਾਂਵ-ਵਾਕੰਸ਼ ਵਿਚ ਵਧ ਤੋਂ ਵਧ ਪੰਜ ਵਿਸ਼ੇਸ਼ਕ ਹੀ ਇਕੱਠੇ ਵਰਤੇ ਗਏ ਮਿਲਦੇ ਹਨ। ਇਹ ਗਿਣਤੀ 'ਦਾ' ਸਬੰਧਕ ਦੀ ਵਰਤੋਂ ਨਾਲ ਵਧ ਵੀ ਜਾਂਦੀ ਹੈ। ਇਹ ਕੇਵਲ ਸਿਧਾਂਤਕ ਪੱਧਰ ਤੇ ਹੀ ਹੁੰਦਾ ਹੈ। ਵਿਹਾਰਕ ਪੱਧਰ ਤੇ ਅਜਿਹਾ ਸੰਭਵ ਨਹੀਂ ਹੈ। ਨਾਂਵ-ਵਾਕੰਸ਼ ਵਿਚ ਵਿਸ਼ੇਸ਼ਕਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ :

(ੳ) ਵਿਸ਼ੇਸ਼$_1$ + ਮੁਖ ਸ਼ਬਦ
(ਅ) ਵਿਸ਼ੇਸ਼$_2$ + ਵਿਸ਼ੇਸ਼$_1$ + ਮੁਖ ਸ਼ਬਦ
(ੲ) ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਮੁਖ ਸ਼ਬਦ
(ਸ) ਵਿਸ਼ੇਸ਼$_4$ + ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਮੁਖ ਸ਼ਬਦ
(ਹ) ਵਿਸ਼ੇਸ਼$_5$ + ਵਿਸ਼ੇਸ਼$_4$ + ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਮੁਖ ਸ਼ਬਦ
(ਕ) ਵਿਸ਼ੇਸ਼ + ......................................ਮੁਖ ਸ਼ਬਦ

**(ੳ) ਵਿਸ਼ੇਸ਼$_1$ + ਨਾਂਵ** :- ਕੁਝ ਨਾਂਵ-ਵਾਕੰਸ਼ਾਂ ਵਿਚ ਮੁਖ ਸ਼ਬਦ ਨਾਲ ਇਕ ਵਿਸ਼ੇਸ਼ਕ ਆਉਂਦਾ ਹੈ। ਇਸ ਵਿਸ਼ੇਸ਼$_1$ ਦਾ ਸਥਾਨ ਦਿੱਤਾ ਜਾਂਦਾ ਹੈ। ਵਿਸ਼ੇਸ਼ਕ ਵਿਸ਼ੇਸ਼ਕਾਂ ਦੇ ਕਿਸੇ ਵੀ ਵਰਗ ਵਿਚੋਂ ਆ ਸਕਦਾ ਹੈ ਜਿਵੇਂ:

1. **ਚੰਗੇ ਬੱਚੇ** ਪੜ੍ਹਦੇ ਹਨ।
2. **ਦੋ ਵਿਦਿਆਰਥੀ** ਚਲੇ ਗਏ।
3. **ਭੱਜੇ ਜਾਂਦੇ ਘੋੜੇ** ਡਿਗ ਪਏ।

ਉਪਰੋਕਤ ਉਦਾਹਰਨਾਂ ਵਿਚ ਗੂੜੇ ਹਿੱਸੇ ਨਾਂਵ ਵਾਕੰਸ਼ ਹਨ। ਵਾਕ ਨੰਬਰ (1) ਵਿਚ ਮੁਖ ਸ਼ਬਦ ਬੱਚੇ ਨਾਲ ਗੁਣ ਵਾਚੀ ਵਿਸ਼ੇਸ਼ਣ 'ਚੰਗੇ' ਵਿਸ਼ੇਸ਼ਕ ਵਜੋਂ ਵਰਤਿਆ ਗਿਆ ਹੈ। ਵਾਕ ਨੰਬਰ (2) ਵਿਚ 'ਦੋ' ਸੰਖਿਆ ਬੋਧਕ ਵਿਸ਼ੇਸ਼ਕ, ਨਾਂਵ 'ਵਿਦਿਆਰਥੀ' ਦੇ ਮੁਖ ਸ਼ਬਦ ਵਜੋਂ ਵਰਤਿਆ ਗਿਆ ਹੈ ਅਤੇ ਵਾਕ ਨੰਬਰ (3) ਵਿਚ ਕਿਰਿਆ ਵਾਕੰਸ਼ੀ ਵਿਸ਼ੇਸ਼ਕ, ਭੱਜੇ ਜਾਂਦੇ, ਨਾਂਵ 'ਘੋੜੇ' ਦੇ ਵਿਸ਼ੇਸ਼ਕ ਵਜੋਂ ਵਰਤਿਆ ਗਿਆ ਹੈ। ਇਨ੍ਹਾਂ ਉਦਾਹਰਨਾਂ ਵਿਚ ਮੁਖ ਸ਼ਬਦ ਨਾਲ ਵਰਤੇ ਗਏ ਵਿਸ਼ੇਸ਼ਕ, ਵਿਸ਼ੇਸ਼ ਦੇ ਸਥਾਨ ਤੇ ਹੀ ਆਏ ਹਨ।

**(ਅ) ਵਿਸ਼ੇਸ਼$_2$ + ਵਿਸ਼ੇਸ਼$_1$ + ਮੁਖ ਸ਼ਬਦ** : ਕੁਝ ਨਾਂਵ-ਵਾਕੰਸ਼ ਵਿਚ ਮੁਖ ਸ਼ਬਦ ਨਾਲ ਦੋ ਵਿਸ਼ੇਸ਼ਕ ਆਉਂਦੇ ਹਨ। ਇਨ੍ਹਾਂ ਦੀਆਂ ਕਈਆਂ ਸੰਭਾਵਨਾਵਾਂ ਹਨ। ਇਕ ਮੁੱਖ ਸ਼ਬਦ ਨਾਲ ਇਕੋ ਕਿਸਮ ਦੇ ਦੋ

ਵਿਸ਼ੇਸ਼ਕ ਜਾਂ ਦੋ ਵੱਖਰੀ ਕਿਸਮ ਦੇ ਵਿਸ਼ੇਸ਼ਕ ਆ ਸਕਦੇ ਹਨ। ਇਨ੍ਹਾਂ ਨੂੰ ਅੱਗੋਂ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ। ਅਨਿਸ਼ਚੇਵਾਚਕ ਤੇ ਨਿਸ਼ਚੇਵਾਚਕ। ਇਨ੍ਹਾਂ ਵਰਗਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ :

($ਅ_1$) ਅਨਿਸ਼ਚੇਵਾਚਕ + ਨਿਸ਼ਚੇਵਾਚਕ + ਮੁਖ ਸ਼ਬਦ

($ਅ_2$) ਨਿਸ਼ਚੇਵਾਚਕ + ਨਿਸ਼ਚੇਵਾਚਕ + ਮੁਖ ਸ਼ਬਦ

### ($ਅ_1$) ਅਨਿਸ਼ਚੇਵਾਚਕ + ਨਿਸ਼ਚੇਵਾਚਕ + ਮੁਖ ਸ਼ਬਦ

ਇਸ ਤਰਤੀਬ ਦੀਆਂ ਅੱਗੋ ਵੱਖ-ਵੱਖ ਸੰਭਾਵਨਾਂਵਾਂ ਹਨ। ਪਹਿਲੀ ਸੰਭਾਵਨਾ ਅਨੁਸਾਰ ਜੇ ਨਿਸ਼ਚੇਵਾਚਕ ਵਿਸੇਸ਼ਕ ਵਿਚ ਕਿਰਿਆ-ਵਾਕੰਸ਼ੀ ਵਰਤਿਆ ਜਾਵੇ ਤਾਂ ਉਹ ਵਿਸ਼ੇਸ਼$_2$ ਦੇ ਸਥਾਨ ਤੇ ਅਤੇ ਅਨਿਸ਼ਚੇਵਾਚਕ ਨੰਬਰ$_1$ ਦੇ ਸਥਾਨ ਤੇ ਵਰਤੇ ਜਾਣਗੇ। ਜਿਵੇਂ :

1. **ਦੌੜੇ ਜਾਂਦੇ ਕੁਝ ਘੋੜੇ ਡਿੱਗ** ਪਏ।
2. **ਤੈਰਦੇ ਤੈਰਦੇ ਬਹੁਤ ਬੱਚੇ ਡੁੱਬ** ਗਏ।

ਉਪਰੋਕਤ ਉਦਾਹਰਨਾਂ ਵਿਚ ਵਿਸ਼ੇਸ਼$_2$ ਦੇ ਸਥਾਨ ਤੇ ਕਿਰਿਆ-ਵਾਕੰਸ਼, ਤੇ ਵਿਸ਼ੇਸ਼ਕ ਤੇ ਵਿਸ਼ੇਸ਼, ਦੇ ਸਥਾਨ ਤੇ ਅਨਿਸ਼ਚਿਤ ਵਿਸ਼ੇਸ਼ਕ ਵਰਤੇ ਗਏ। ਜੇ ਇਨ੍ਹਾਂ ਦੀ ਤਰਤੀਬ ਉਲਟਾ ਦਿੱਤੀ ਜਾਵੇ ਅਰਥਾਤ ਵਿਸ਼ੇਸ਼ ਦੇ ਸਥਾਨ ਤੇ ਅਨਿਸ਼ਚਿਤ ਵਿਸ਼ੇਸ਼ਕ ਤੇ ਵਿਸ਼ੇਸ਼ ਦੇ ਸਥਾਨ ਤੇ ਕਿਰਿਆ-ਵਾਕੰਸ਼ੀ ਵਿਸ਼ੇਸ਼ਕ ਆਉਣ ਤਾਂ ਵਾਕ ਦੇ ਅਰਥਾਂ ਵਿਚ ਭਿੰਨਤਾ ਆ ਜਾਂਦੀ ਹੈ। ਮਿਸਾਲ ਵਜੋਂ 'ਦੌੜੇ ਜਾਂਦੇ ਕੁਝ ਘੋੜੇ' ਦਾ ਭਾਵ ਹੈ ਕਿ ਸਾਰੇ ਘੋੜੇ ਦੌੜੇ ਜਾਂਦੇ ਸਨ ਪਰੰਤੂ ਉਨ੍ਹਾਂ ਵਿਚੋਂ ਕੁਝ ਡਿੱਗ ਪਏ ਹਨ ਤੇ ਜੇ ਕਿਹਾ ਜਾਵੇ 'ਕੁਝ ਦੌੜੇ ਜਾਂਦੇ ਘੋੜੇ' ਤਾਂ ਇਸ ਦਾ ਅਰਥ ਹੋਵੇਗਾ ਕਿ 'ਕੁਝ ਹੀ ਘੋੜੇ' ਦੌੜੇ ਜਾਂਦੇ ਸਨ।

ਦੂਸਰੀ ਸੰਭਾਵਨਾ ਅਨੁਸਾਰ ਜੇ 'ਅਨਿਸ਼ਚਿਤ ਵਿਸ਼ੇਸ਼ਕ' ਅਤੇ 'ਸੰਕੇਤ ਬੋਧਕ ਵਿਸ਼ੇਸ਼ਕ' ਇੱਕਠੇ ਵਰਤੇ ਜਾਣ ਤਾਂ ਸੰਕੇਤ ਬੋਧਕ ਵਿਸ਼ੇਸ਼$_2$ ਦੇ ਸਥਾਨ ਤੇ ਆਉਂਦੇ ਹਨ ਜਿਵੇਂ :

(1) **ਇਹ ਕੋਈ ਗੱਲ ਕਰਨ** ਵਾਲੀ ਹੈ।

(2) **ਉਹ ਕੁਝ ਵਿਦਿਆਰਥੀ ਜਾ** ਰਹੇ ਹਨ।

ਉਪਰੋਕਤ ਉਦਾਹਰਨਾਂ ਵਿਚ ਸੰਕੇਤ ਬੋਧਕ ਵਿਸ਼ੇਸ਼ਕ 'ਇਹ' ਤੇ 'ਉਹ' ਵਰਤੇ ਗਏ ਹਨ ਜੋ ਕਿ ਵਿਸ਼ੇਸ਼$_2$ ਦੇ ਸਥਾਨ ਤੇ ਆਏ ਹਨ। ਤੀਸਰੀ ਸੰਭਾਵਨਾ ਅਨਿਸ਼ਚਿਤ ਵਿਸ਼ੇਸ਼ਕ ਦੀ ਅਤੇ ਬਾਕੀ ਹੋਰ ਵਿਸ਼ੇਸ਼ਕਾਂ ਦੇ ਇਕੱਠੇ ਆਉਣ ਦੀ ਹੈ। ਇਸ ਸੰਭਾਵਨਾ ਵਿਚ ਅਨਿਸ਼ਚਿਤ ਵਿਸ਼ੇਸ਼ਕਾਂ ਦਾ ਸਥਾਨ ਵਿਸ਼ੇਸ਼$_2$ ਵਾਲਾ ਹੋ ਜਾਂਦਾ ਹੈ ਜਿਵੇਂ :

(1) **ਕਈ ਚਲਾਕ ਵਿਦਿਆਰਥੀ** ...............

(2) **ਕੁਝ ਚੰਗੇ ਵਿਦਿਆਰਥੀ** .............

(3) **ਬਹੁਤ ਹੁਸ਼ਿਆਰ ਵਿਦਿਆਰਥੀ** .............

ਉਪਰੋਕਤ ਉਦਾਹਰਨਾਂ ਵਿਚ ਕਈ, ਕੁਝ ਤੇ ਬਹੁਤ ਅਨਿਸ਼ਚਿਤ ਵਿਸ਼ੇਸ਼ਕਾਂ ਦੀ ਸ਼੍ਰੇਣੀ ਵਿਚੋਂ ਆਏ ਹਨ ਤੇ ਇਨ੍ਹਾਂ ਦਾ ਸਥਾਨ, ਵਿਸ਼ੇਸ਼$_2$ ਵਾਲਾ ਹੈ ਜਦੋਂ 'ਚਲਾਕ', 'ਚੰਗਾ' 'ਤੇ ਹੁਸ਼ਿਆਰ' ਵਿਸ਼ੇਸ਼ਕ ਗੁਣ ਬੋਧਕ ਵਿਸ਼ੇਸ਼ਣਾਂ ਦੀ ਸ਼੍ਰੇਣੀ ਵਿਚੋਂ ਹਨ ਅਤੇ ਇਨ੍ਹਾਂ ਦਾ ਸਥਾਨ ਵਿਸ਼ੇਸ਼$_1$ ਵਾਲਾ ਹੈ।

ਚੌਥੀ ਸੰਭਾਵਨਾ ਅਨੁਸਾਰ ਅਨਿਸ਼ਚਿਤ ਵਿਸ਼ੇਸ਼ਕਾਂ ਵਿਚੋਂ 'ਬਹੁਤ' ਤੇ 'ਸਾਰਾ' ਅਜਿਹੇ ਵਿਸ਼ੇਸ਼ਕ ਹਨ ਜੋ 'ਪਰਿਮਾਣ ਬੋਧਕ ਵਿਸ਼ੇਸ਼ਕ' ਨਾਲ ਨਹੀਂ ਵਰਤੇ ਜਾਂਦੇ, ਜਿਵੇਂ ਕਿ 'ਕੁਝ ਸੇਰ ਚਾਵਲ' ਕਹਿਣਾ ਤਾਂ ਠੀਕ ਹੈ ਕਿ ਪਰੰਤੂ 'ਬਹੁਤ ਸੇਰ ਚਾਵਲ' ਕਹਿਣਾ ਗਲਤ ਹੈ। ਇਸੇ ਤਰ੍ਹਾਂ ਕਈ ਮੀਲ ਪੈਂਡਾ ਕਹਿਣਾ ਤਾਂ ਠੀਕ ਹੈ, ਪਰੰਤੂ (ਸਾਰਾ) ਮੀਲ ਪੈਂਡਾ ਜਾਂ (ਬਹੁਤ) ਮੀਲ ਪੈਂਡਾ ਕਹਿਣਾ ਗਲਤ ਹੈ।

### ($ਅ_2$) ਨਿਸ਼ਚੇਵਾਚਕ + ਨਿਸ਼ਚੇਵਾਚਕ + ਮੁਖ ਸ਼ਬਦ :

ਨਾਂਵ-ਵਾਕੰਸ਼ ਵਿਚ ਜੇ ਦੋਵੇਂ ਵਿਸ਼ੇਸ਼ਕ 'ਨਿਸ਼ਚਿਤ ਵਿਸ਼ੇਸ਼ਕਾਂ' ਦੀ ਸ਼੍ਰੇਣੀ ਵਿਚੋਂ ਹੋਣ ਤਾਂ ਉਨ੍ਹਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ :-

(i) ਜੇ ਇਕ ਨਾਂਵ-ਵਾਕੰਸ਼ ਵਿਚ ਨਿਸ਼ਚੇਵਾਚਕ ਵਿਸ਼ੇਸ਼ਕ ਨਾਲ 'ਕਿਰਿਆ-ਵਾਕੰਸ਼ ਵੀ' ਮੁਖ ਸ਼ਬਦ ਦੇ ਵਿਸ਼ੇਸ਼ਕ

ਵਜੋਂ ਵਰਤਿਆ ਜਾਵੇ ਤਾਂ ਵਾਕੰਸ਼ੀ ਵਿਸ਼ੇਸ਼ਕ ਹਮੇਸ਼ਾਂ ਵਿਸ਼ੇਸ਼$_2$ ਦੇ ਸਥਾਨ ਤੇ ਆਉਂਦੇ ਹਨ ਜਿਵੇਂ :

1. **ਭੱਜੇ ਜਾਂਦੇ** ਦੋ ਚੋਰ ਪਕੜੇ ਗਏ।
2. **ਭੱਜੇ ਜਾਂਦੇ ਕਾਲੇ** ਘੋੜੇ ਡਿਗ ਪਏ।
3. **ਹੱਸਦਿਆਂ ਹੋਇਆ ਸਾਰੇ** ਬੱਚੇ ਲੋਟ ਪੋਟ ਹੋ ਰਹੇ ਸਨ।

ਉਪਰੋਕਤ ਉਦਾਹਰਨਾਂ ਵਿਚ 'ਭੱਜੇ ਜਾਂਦੇ' ਤੇ 'ਹੱਸਦਿਆਂ ਹੋਇਆ' ਕਿਰਿਆ ਵਾਕੰਸ਼, ਨਾਂਵ-ਵਾਕੰਸ਼ ਦੇ ਵਿਸ਼ੇਸ਼ਕ ਵਜੋਂ ਵਰਤੇ ਗਏ ਹਨ ਅਤੇ ਇਹ ਸੰਖਿਆ ਬੋਧਕ (ਦੋ) ਗੁਣ ਬੋਧਕ (ਕਾਲੇ) ਤੇ ਸਮੁਚਤਾ ਬੋਧਕ (ਸਾਰੇ) ਸ਼੍ਰੇਣੀਆਂ ਵਾਲੇ ਵਿਸ਼ੇਸ਼ਕਾਂ ਤੋਂ ਪਹਿਲਾਂ ਯਾਨੀ ਕਿ ਵਿਸ਼ੇਸ਼$_2$ ਦੇ ਸਥਾਨ ਤੇ ਹੀ ਵਰਤੇ ਗਏ ਹਨ।

(ii) ਜੇ ਨਾਂਵ-ਵਾਕੰਸ਼ ਵਿਚ ਸੰਕੇਤ ਬੋਧਕ ਵਿਸ਼ੇਸ਼ਕ ਤੇ ਗੁਣ ਬੋਧਕ ਵਿਸ਼ੇਸ਼ਕ ਇਕੱਠੇ ਵਰਤੇ ਜਾਣ ਤਾਂ ਸੰਕੇ ਤ ਬੋਧਕ ਵਿਸ਼ੇਸ਼ਕ ਹਮੇਸ਼ਾਂ ਵਿਸ਼ੇਸ਼$_2$ ਦੇ ਸਥਾਨ ਤੇ ਆਉਂਦੇ ਹਨ ਜਿਵੇਂ :

1. **ਉਹ ਕਾਲੀ ਗਾਂ** ਸਾਡੀ ਹੈ।
2. **ਉਹ ਪੀਲਾ ਸੂਟ** ਗਵਾਚ ਗਿਆ।

ਉਪਰੋਕਤ ਉਦਾਹਰਨਾਂ ਵਿਚ 'ਉਹ ਸੰਕੇਤ ਬੋਧਕ ਵਿਸ਼ੇਸ਼$_2$ ਦੇ ਸਥਾਨ ਅਤੇ 'ਕਾਲੀ' ਤੇ 'ਪੀਲਾ' ਗੁਣ ਬੋਧਕ ਵਿਸ਼ੇਸ਼ਕ ਵਿਸ਼ੇਸ਼$_1$ ਦੇ ਸਥਾਨ ਤੇ ਆਏ ਹਨ।

(iii) ਜੇ ਸੰਖਿਆ ਬੋਧਕ ਤੇ ਗੁਣ ਬੋਧਕ ਵਿਸ਼ੇਸ਼ਣ ਇਕੱਠੇ ਵਰਤੇ ਜਾਣ ਤਾਂ ਸੰਖਿਆ ਬੋਧਕ ਵਿਸ਼ੇਸ਼$_2$ ਅਤੇ ਗੁਣ ਬੋਧਕ ਵਿਸ਼ੇਸ਼, ਦੇ ਸਥਾਨ ਤੇ ਹੀ ਆਉਂਦੇ ਹਨ। ਜੇ ਵਿਸ਼ੇਸ਼ਕਾਂ ਦਾ ਸਥਾਨ ਬਦਲੀ ਕਰ ਦਿੱਤਾ ਜਾਵੇ ਤਾਂ ਵਾਕ ਦੇ ਅਰਥ ਬਦਲ ਜਾਂਦੇ ਹਨ ਜਿਵੇਂ :

1. **ਦੋ ਸੋਹਣੀਆਂ** ਕੁੜੀਆਂ ਆਉਂਦੀਆਂ ਨੇ।
2. **ਇਕ ਪਤਲੀ** ਸੋਟੀ ਚਾਹੀਦੀ ਹੈ।

ਉਪਰੋਕਤ ਉਦਾਹਰਨਾਂ ਵਿਚ 'ਦੋ' ਅਤੇ 'ਇਕ' ਸੰਖਿਆ ਬੋਧਕ ਵਿਸ਼ੇਸ਼ਕਾਂ ਵਜੋਂ ਵਰਤੇ ਗਏ ਹਨ ਅਤੇ ਇਹ ਵਿਸ਼ੇਸ਼$_2$ ਦੇ ਸਥਾਨ ਤੇ ਹੀ ਆਏ ਹਨ। 'ਸੋਹਣੀਆਂ' ਤੇ 'ਪਤਲੀ' ਗੁਣ ਬੋਧਕ ਵਿਸ਼ੇਸ਼ਕ ਹਨ ਜੋ ਕਿ ਵਿਸ਼ੇਸ਼$_1$ ਦੇ ਸਥਾਨ ਤੇ ਆਏ ਹਨ।

(iv) ਜੇ ਸੰਕੇਤ ਬੋਧਕ ਤੇ ਸੰਬੰਧ ਬੋਧਕ ਵਿਸ਼ੇਸ਼ਕ ਇਕੱਠੇ ਵਰਤੇ ਜਾਣ ਤਾਂ ਇਨ੍ਹਾਂ ਦੀ ਤਰਤੀਬ 'ਸੰਕੇਤ ਬੋਧਕ + ਬੋਧਕ' ਅਨੁਸਾਰ ਹੀ ਹੁੰਦੀ ਹੈ ਜਿਵੇਂ :

1. **ਇਹ ਮੇਰੀ** ਕਿਤਾਬ ਹੈ।
2. **ਇਹ ਸਾਡੀਆਂ ਪੈਲੀਆਂ** ਹਨ।

ਉਪਰੋਕਤ ਉਦਾਹਰਨਾਂ ਵਿਚ 'ਇਹ' ਸੰਕੇਤ ਬੋਧਕ ਵਿਸ਼ੇਸ਼ਕ ਵਜੋ ਵਰਤਿਆ ਗਿਆ ਹੈ ਅਤੇ 'ਮੇਰੀ' ਤੇ 'ਸਾਡੀਆਂ ਸੰਬੰਧ ਬੋਧਕ ਦੇ ਵਿਸ਼ੇਸ਼ਕ ਵਜੋਂ ਆਏ ਹਨ।

(v) ਜੇ ਸੰਕੇਤ ਬੋਧਕ ਤੇ 'ਸਮੁਚਤਾ ਬੋਧਕ' ਵਿਸ਼ੇਸ਼ਕ ਇਕੱਠੇ ਵਰਤੇ ਜਾਣ ਤਾਂ ਆਮ ਤੌਰ ਤੇ ਸਮੁਚਤਾ ਬੋਧਕ ਵਿਸ਼ੇਸ਼ਣ ਵਿਸ਼ੇਸ਼ ਦੇ ਸਥਾਨ ਤੇ ਹੀ ਆਉਂਦੇ ਹਨ। ਜਿਵੇਂ :

1. **ਇਹ ਦੋਵੇਂ ਭਰਾ ਕਿੱਥੋ** ਆਏ ਹਨ ?
2. **ਉਹ ਸਾਰਾ ਗਲਾਸ ਖਾਲੀ** ਕਰ ਗਿਆ।

ਉਪਰੋਕਤ ਉਦਾਹਰਨਾਂ ਵਿਚ 'ਇਹ' ਤੇ 'ਉਹ' ਸੰਕੇਤ ਬੋਧਕ ਵਿਸ਼ੇਸ਼ਕ ਹਨ ਜੋ ਵਿਸ਼ੇਸ਼$_2$ ਦੇ ਸਥਾਨ ਤੇ ਆਏ ਹਨ ਅਤੇ 'ਦੋਵੇਂ ਤੇ ਸਾਰਾ' ਸਮੁਚਤਾ ਬੋਧਕ ਵਿਸ਼ੇਸ਼ਕ ਵਿਸ਼ੇਸ਼ ਦੇ ਸਥਾਨ ਤੇ ਆਏ ਹਨ।

**(ੲ) ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਨਾਂਵ**

ਅਜਿਹੀ ਬਣਤਰ ਵਾਲੇ ਵਾਕਾਂ ਵਿਚ ਤਿੰਨ ਵਿਸ਼ੇਸ਼ਕ ਵਰਤੇ ਜਾਂਦੇ ਹਨ ਅਤੇ ਇਹ ਤਿੰਨੋਂ 'ਨਿਸ਼ਚਿਤ ਵਿਸ਼ੇਸ਼ਕਾਂ' ਦੀ ਸ਼੍ਰੇਣੀ ਜਾਂ ਇਕ ਅਨਿਸ਼ਚਿਤ ਅਤੇ ਦੋ ਨਿਸ਼ਚਿਤ ਵਿਸ਼ੇਸ਼ਕਾਂ ਦੀ ਸ਼੍ਰੇਣੀ ਵਿਚੋਂ ਹੋ ਸਕਦੇ ਹਨ। ਗੁਣ ਬੋਧਕ

ਵਿਸ਼ੇਸ਼ਕ ਦਾ ਸਥਾਨ ਵਿਸ਼ੇਸ਼$_1$ ਵਾਲਾ ਹੀ ਹੁੰਦਾ ਹੈ। ਵਿਸ਼ੇਸ਼ ਸ਼ੈਲੀ ਦੌਰਾਨ ਬਦਲ ਵੀ ਜਾਂਦਾ ਹੈ ਜਿਵੇਂ :

(i) ਸੰਕੇਤ ਬੋਧਕ + ਸੰਖਿਆ ਬੋਧਕ + ਗੁਣ ਬੋਧਕ + ਨਾਂਵ

1. ਉਹ **ਇਕ ਬੜੀ ਵਡੀ** ਨਹਿਰ ਸੀ।
2. ਇਹ **ਇਕ ਫਕੀਰ** ਮੁੰਡਾ ਹੈ।

(ii) ਸੰਕੇਤ ਬੋਧਕ + ਸੰਬੰਧ ਬੋਧਕ + ਗੁਣ ਬੋਧਕ + ਨਾਂਵ

1. ਇਹ **ਮੇਰੇ ਸੋਹਣੇ ਵਾਲ** ਸੜ ਜਾਣਗੇ।
2. ਉਹ **ਸਾਡੀ ਕਾਲੀ ਗਾਂ** ਹੈ।

**(ਸ) ਵਿਸ਼ੇਸ਼$_4$ + ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਮੁੱਖ ਸ਼ਬਦ**

ਇਸ ਤਰਤੀਬ ਵਾਲੇ ਨਾਂਵ ਵਾਕੰਸ਼ ਵਿਚ ਸੰਕੇਤ ਬੋਧਕ ਵਿਸ਼ੇਸ਼ਣ, ਸੰਬੰਧ ਬੋਧਕ, ਗੁਣ ਬੋਧਕ ਅਤੇ ਸੰਖਿਆ ਬੋਧਕ ਇਕੱਠੇ ਆ ਕੇ ਮੁਖ ਸ਼ਬਦ ਦੇ ਵਿਸ਼ੇਸ਼ਕਾਂ ਦਾ ਕਾਰਜ ਕਰਦੇ ਹਨ। ਆਮ ਤੌਰ ਤੇ ਇਨ੍ਹਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ :

ਸੰਕੇਤ ਬੋਧਕ + ਸੰਬੰਧ ਬੋਧਕ + ਸੰਖਿਆ ਬੋਧਕ + ਗੁਣ ਬੋਧਕ + ਮੁਖ ਸ਼ਬਦ

(i) ਉਹ **ਮੇਰੀ ਇਕ ਕਾਲੀ ਗਾਂ** ਹੈ।

(ii) ਉਹ **ਸਾਡੇ ਦੋ ਅਲਸ਼ੇਸ਼ਨ ਕੁੱਤੇ** ਗਵਾਚ ਗਏ।

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਨਾਂਵ-ਵਾਕੰਸ਼ ਹਨ। ਵਾਕ ਨੰਬਰ (i) ਦਾ ਮੁੱਖ ਸ਼ਬਦ ਗਾਂ ਅਤੇ (ii) ਦਾ 'ਕੁੱਤੇ' ਹੀ ਇਨ੍ਹਾਂ ਨਾਲ 'ਉਹ' ਸੰਕੇਤ ਬੋਧਕ ਵਿਸ਼ੇਸ਼$_4$, ਵਿਸ਼ੇਸ਼ ਦੇ ਸਥਾਨ ਅਤੇ ਸਬੰਧ ਬੋਧਕ (ਮੇਰੀ) ਵਿਸ਼ੇਸ਼ਕ ਵਿਸ਼ੇਸ਼$_3$ ਸੰਖਿਆ ਬੋਧਕ (ਇਕ) ਵਿਸ਼ੇਸ਼$_2$ ਅਤੇ ਗੁਣ ਬੋਧਕ ਵਿਸ਼ੇਸ਼ਕ 'ਕਾਲੀ' ਵਿਸ਼ੇਸ਼ਕ$_1$ ਦੇ ਸਥਾਨ ਤੇ ਆਇਆ ਹੈ।

ਸਬੰਧ ਬੋਧਕ ਤੇ ਸੰਕੇਤ ਬੋਧਕ ਵਿਸ਼ੇਸ਼ਕ ਕਈ ਦਫਾ ਇਕ ਦੂਜੇ ਨਾਲ ਥਾਂ ਬਦਲ ਲੈਂਦੇ ਹਨ : ਵਿਸ਼ੇਸ਼ਕ$_2$ ਦੇ ਸਥਾਨ ਤੇ ਸੰਕੇਤ ਬੋਧਕ ਅਤੇ ਵਿਸ਼ੇਸ਼ਕ$_3$ ਦੇ ਸਥਾਨ ਤੇ ਸੰਬੰਧ ਬੋਧਕ ਸ਼ਬਦ ਆ ਸਕਦਾ ਹੈ।

**(ਹ) ਵਿਸ਼ੇਸ਼$_5$ + ਵਿਸ਼ੇਸ਼$_4$ + ਵਿਸ਼ੇਸ਼$_3$ + ਵਿਸ਼ੇਸ਼$_2$ + ਵਿਸ਼ੇਸ਼$_1$ + ਮੁੱਖ ਸ਼ਬਦ**

ਅਜਿਹੀ ਬਣਤਰ ਵਾਲੇ ਨਾਂਵ-ਵਾਕੰਸ਼ ਵਿਚ ਪੰਜ ਵਿਸ਼ੇਸ਼ਕ ਇਕੱਠੇ ਵਰਤੇ ਜਾ ਸਕਦੇ ਹਨ। ਸੰਕੇਤ ਬੋਧਕ, ਸਬੰਧ ਬੋਧਕ, ਸੰਖਿਆ ਬੋਧਕ ਤੇ ਗੁਣ ਬੋਧਕ ਤੋਂ ਇਲਾਵਾ ਕਿਰਿਆ ਵਾਕੰਸ਼ ਵੀ ਮੁਖ ਸ਼ਬਦ ਦੀ ਵਿਸ਼ੇਸ਼ਤਾ ਦਾ ਕਾਰਜ ਕਰਦਾ ਹੈ। ਆਮ ਤੌਰ ਤੇ ਇਸ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੈ :

ਕਿਰਿਆ ਵਾਕੰਸ਼ + ਸੰਬੰਧ ਬੋਧਕ + ਸੰਕੇਤ ਬੋਧਕ + ਸੰਖਿਆ ਬੋਧਕ + ਗੁਣ ਬੋਧਕ + ਮੁੱਖ ਸ਼ਬਦ ਜਿਵੇਂ :

(i) **ਕਲੀ ਹੋਈਆਂ ਸਾਡੀਆਂ ਇਹ ਦੋਵੇਂ ਛੋਟੀਆਂ ਕੌਲੀਆਂ ਮਿਲ** ਗਈਆਂ ਹਨ।

(ii) **ਭੱਜੇ ਜਾਂਦੇ ਸਾਡੇ ਇਨ੍ਹਾਂ** ਦੋ ਅਲਸ਼ੇਸ਼ਨ ਕੁੱਤਿਆਂ ........।

ਅਜਿਹੀ ਤਰਤੀਬ ਦੌਰਾਨ ਵਿਸ਼ੇਸ਼$_4$, ਵਿਸ਼ੇਸ਼$_3$, ਵਿਸ਼ੇਸ਼$_2$ ਦੀ ਆਪਸ ਵਿਚ ਸਥਾਨ ਬਦਲੀ ਵੀ ਹੋ ਸਕਦੀ ਹੈ।

**(ਕ) ਵਿਸ਼ੇਸ਼ਨ (ਅਣ) + ਮੁੱਖ ਸ਼ਬਦ**

ਇਸ ਤਰ੍ਹਾਂ ਤਰਤੀਬ ਵਾਲੇ ਨਾਂਵ-ਵਾਕੰਸ਼ ਵਿਚ 'ਦਾ' ਸਬੰਧਕ ਦੇ ਵੱਖੋ ਵੱਖਰੇ ਰੂਪਾਂ (ਦਾ, ਦੇ, ਦੀ, ਦੀਆਂ, ਦਿਆਂ, ਦਿਓ) ਦੀ ਵਰਤੋਂ ਨਾਲ ਮੁੱਖ ਸ਼ਬਦ ਦੇ ਵਿਸ਼ੇਸ਼ਕਾਂ ਦੀ ਗਿਣਤੀ ਦੀ ਕੋਈ ਸੀਮਾ ਨਹੀਂ ਰਹਿੰਦੀ। ਇਸ ਕਰਕੇ ਇਸ ਤਰਤੀਬ ਨੂੰ ਵਿਸ਼ੇਸ਼ਕ ਅਣਗਿਣਤ ਦਾ ਨਾਂ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੇ ਨਾਂਵ-ਵਾਕੰਸ਼ਾਂ ਦੀ ਸਿਧਾਂਤਕ ਸੰਭਾਵਨਾ ਤਾਂ ਹੋ ਸਕਦੀ ਹੈ ਪਰੰਤੂ ਵਿਹਾਰਕ ਸੰਭਾਵਨਾ ਨਹੀਂ ਹੁੰਦੀ। ਇਸ ਤੋਂ ਭਾਵ ਇਹ ਹੈ ਕਿ ਨਾਂਵ-ਵਾਕੰਸ਼ ਵਿਚ ਅਣਗਿਣਤ ਵਿਸ਼ੇਸ਼ਕ ਆ ਸਕਦੇ ਹਨ, ਪਰੰਤੂ ਆਉਂਦੇ ਨਹੀਂ :

## ਦੂਸਰੇ ਤੱਤਾਂ ਦੀ ਤਰਤੀਬ

ਨਾਂਵ-ਵਾਕੰਸ਼ ਵਿਚ ਉਪਰੋਕਤ ਤੱਤਾਂ ਤੋਂ ਇਲਾਵਾ ਸੰਬੰਧਕ, ਦਬਾਅ ਬੋਧਕ ਅੰਸ਼, ਆਦਰ ਬੋਧਕ ਅਤੇ ਨਾਂਹ ਵਾਚਕ ਸ਼ਬਦ ਵੀ ਵਰਤੇ ਜਾਂਦੇ ਹਨ। ਇਨ੍ਹਾਂ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੁੰਦੀ ਹੈ :

(i) ਨਾਂਵ-ਵਾਕੰਸ਼ ਵਿਚ ਸਬੰਧਕ (-ਸਬੰਧਕ ਨੂੰ ਛੱਡ ਕੇ) ਹਮੇਸ਼ਾਂ ਮੁਖ ਸ਼ਬਦ ਤੋਂ ਬਾਅਦ ਵਰਤੇ ਜਾਂਦੇ ਹਨ। ਜਿਵੇਂ :

**ਛੋਟੇ ਬੱਚੇ** ਨੂੰ ਦੁੱਧ ਪਿਲਾਓ।

ਉਪਰੋਕਤ ਵਾਕ ਵਿਚ ਗੂੜ੍ਹੇ ਅੰਕਤ ਹਿੱਸੇ ਨਾਂਵ-ਵਾਕੰਸ਼ ਹਨ ਸਬੰਧਕ 'ਨੂੰ' ਮੁੱਖ ਸ਼ਬਦ ਬੱਚੇ ਤੋਂ ਬਾਅਦ ਵਿਚ ਹੀ ਵਰਤਿਆ ਗਿਆ ਹੈ ਪਰੰਤੂ

**ਗਾਂ ਦੇ ਵੱਛੇ** ਨੂੰ ਬੰਨ੍ਹ ਦਿਓ ਵਾਕ ਵਿਚ ਦਾ ਸੰਬੰਧਕ ਮੁਖ ਸ਼ਬਦ 'ਵੱਛੇ' ਤੋਂ ਪਹਿਲਾ ਵਰਤਿਆ ਗਿਆ ਹੈ।

(ii) ਨਾਂਵ-ਵਾਕੰਸ਼ ਵਿਚ ਆਦਰ ਬੋਧਕ ਸ਼ਬਦ 'ਜੀ' ਮੁਖ ਸ਼ਬਦ ਤੋਂ ਬਾਅਦ ਦੇ ਸਬੰਧਕ ਤੋਂ ਪਹਿਲਾਂ ਵਰਤਿਆ ਜਾਂਦਾ ਹੈ ਜਿਵੇਂ :

(i) **ਪੰਡਤ ਜੀ ਨੇ** ਸਭ ਨੂੰ ਸ਼ਾਂਤੀ ਰਖਣ ਲਈ ਕਿਹਾ।

(ii) **ਸਾਡੇ ਮਾਂ ਜੀ ਨੇ** ਬਹੁਤ ਘਾਲਣਾ ਘਾਲੀ ਹੈ।

ਉਪਰੋਕਤ ਉਦਾਹਰਨਾਂ ਵਿਚ 'ਜੀ' ਆਦਰ ਬੋਧਕ ਸ਼ਬਦ ਹੈ ਜੋ ਮੁੱਖ ਸ਼ਬਦ 'ਪੰਡਤ' ਅਤੇ 'ਮਾਂ' ਤੋਂ ਬਾਅਦ ਵਰਤਿਆ ਗਿਆ ਹੈ।

(iii) ਨਾਂਵ-ਵਾਕੰਸ਼ ਵਿਚ ਦਬਾਅ-ਬੋਧਕ ਅੰਸ਼ ਉਸ ਸ਼ਬਦ ਤੋਂ ਬਾਅਦ ਵਿਚ ਬੋਲਿਆ ਜਾਂਦਾ ਹੈ ਜਿਸ ਉੱਤੇ ਦਬਾਅ ਪਾਉਣਾ ਹੋਵੇ। ਇਹ ਮੁਖ ਸ਼ਬਦ ਜਾਂ ਇਸ ਦੇ ਕਿਸੇ ਵੀ ਵਿਸ਼ੇਸ਼ਕ ਤੋਂ ਬਾਅਦ ਆ ਸਕਦਾ ਹੈ। ਜਿਵੇਂ :

(ੳ) **ਸਾਡੇ ਮੁੰਡੇ ਹੀ** ਆ ਗਏ।

(ਅ) **ਦੋਵੇਂ ਹੀ ਕੁੜੀਆਂ ਰਹਿ ਗਈਆਂ।**

(iv) ਨਾਂਹ-ਬੋਧਕ ਅੰਸ਼ ਮੁਖ ਸ਼ਬਦ ਦੇ ਬਾਅਦ ਵਿਚ ਜਾਂ ਪਹਿਲਾਂ ਦੋਵੇਂ ਥਾਵਾਂ ਤੇ ਹੀ ਆ ਸਕਦਾ ਹੈ ਜਿਵੇਂ :

(ੳ) **ਨਾ ਛੋਟੇ ਮੁੰਡੇ ਨੇ** ਤੇ ਨਾ ਤੂੰ ਗਲ ਸੁਣੀ।

(ਅ) ਨਹੀਂ ਤੂੰ ਹੀ ਘੋੜੇ ਤੇ ਚੜ੍ਹ।

## (ੳ) ਕਿਰਿਆ ਵਾਕੰਸ਼

**ਪਰਿਭਾਸ਼ਾ :-** ਕਿਰਿਆ ਵਾਕੰਸ਼ ਇਕ ਅਜਿਹੀ ਇਕਾਈ ਹੈ ਜੋ ਉਪਵਾਕ ਦਾ ਇਕ ਜ਼ਰੂਰੀ ਅੰਗ ਹੁੰਦੀ ਹੈ। ਇਹ ਉਪਵਾਕ ਅੱਗੋਂ ਵਾਕ ਦਾ ਰੂਪ ਧਾਰਨ ਕਰ ਸਕਦਾ ਹੈ। ਇਕ ਹਾਂ-ਵਾਚੀ ਕਿਰਿਆ ਵਾਕੰਸ਼ ਵਿਚ ਪੰਜ ਤੱਕ ਕਿਰਿਆਵੀ ਰੂਪ ਆ ਸਕਦੇ ਹਨ। ਦਬਾਅ ਵਾਚਕ ਤੇ ਨਾਂਹ-ਵਾਚਕ ਸ਼ਬਦਾਂ ਨੂੰ ਜੇ ਸ਼ਾਮਿਲ ਕਰ ਲਿਆ ਜਾਵੇ ਤਾਂ ਇਹ ਗਿਣਤੀ ਸੱਤ ਤਕ ਪਹੁੰਚ ਜਾਂਦੀ ਹੈ। ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਉਨ੍ਹਾਂ ਸਾਰੀਆਂ ਬਣਤਰਾਂ ਨੂੰ ਕਿਰਿਆ ਵਾਕੰਸ਼ ਦਾ ਨਾਂ ਦਿੱਤਾ ਜਾਂਦਾ ਹੈ ਜਿਹੜੀਆਂ ਕਿਰਿਆਵਾਂ ਸਹਾਇਕ ਕਿਰਿਆਵਾਂ ਦੇ ਆਲੇ-ਦੁਆਲੇ ਬਣੀਆਂ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਬਣਤਰਾਂ ਵਿਚ ਕਿਰਿਆ ਜਾਂ ਸਹਾਇਕ ਕਿਰਿਆ ਵਾਕੰਸ਼ ਦਾ ਮੁੱਖ ਸ਼ਬਦ ਹੁੰਦੀ ਹੈ। ਪੰਜਾਬੀ ਦੇ ਸਭ ਤੋਂ ਸਧਾਰਨ ਕਿਰਿਆ ਵਾਕੰਸ਼ ਵਿਚ ਇਕ ਸਹਾਇਕ ਕਿਰਿਆ ਹੁੰਦੀ ਹੈ, ਜਿਵੇਂ :

1. ਉਹ ਡਾਕਟਰ **ਏ।**
2. ਇਸ ਤੋਂ ਦੋ **ਕੁ ਮਹੀਨੇ ਛੋਟਾ ਏ।**
3. ਇਹ **ਦੋਵੇਂ ਇਕੋ ਜਿਹੇ ਨੇ।**

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ ਤੇ ਇਨ੍ਹਾਂ ਵਿਚ ਇਕੋ ਇਕ ਸਹਾਇਕ ਕਿਰਿਆ ਵਰਤੀ ਗਈ ਹੈ।

**ਕਿਰਿਆ : ਬਣਤਰ**

ਕਿਰਿਆ ਵਾਕੰਸ਼ ਦੀ ਬਣਤਰ ਵਿਚ 'ਕਿਰਿਆ' ਦਾ ਹੀ ਮੁਖ ਕਾਰਜ ਹੈ। ਰੂਪ ਦੇ ਆਧਾਰ ਤੇ ਪੰਜਾਬੀ ਦੇ ਕਿਰਿਆ ਰੂਪਾਂ ਦੀ ਬਣਤਰ ਵਿਚ ਹੇਠ ਲਿਖੇ ਦੋ ਤੱਤ ਸ਼ਾਮਿਲ ਹੁੰਦੇ ਹਨ :

**I. ਧਾਤੂ :-** ਇਕ ਕਿਰਿਆ ਦੇ ਅਰਥ ਦਾ ਬੋਧ ਕਰਵਾਉਣ ਵਾਲੇ ਵੱਖੋ ਵੱਖਰੇ ਰੂਪਾਂ ਦੇ ਸਾਂਝੇ ਅੰਸ਼ ਨੂੰ ਧਾਤੂ ਕਿਹਾ ਜਾਂਦਾ ਹੈ। ਇਉਂ ਹੀ ਕਿਹਾ ਜਾ ਸਕਦਾ ਹੈ ਕਿ 'ਧਾਤੂ ਕਿਰਿਆ ਰੂਪਾਂ ਦਾ ਉਹ ਅੰਸ਼ ਹੈ ਜੋ ਸਭ

ਤਰ੍ਹਾਂ ਦੇ ਵਧੇਤਰ (ਕਿਰਿਆ ਵਿਚ ਕੇਵਲ ਪਿਛੇਤਰ ਹੀ ਲਗਦੇ ਹਨ 1) ਉਤਾਰਣ ਤੋਂ ਬਾਅਦ ਬਚ ਜਾਂਦਾ ਹੈ ਜਿਵੇਂ - ਪੜ੍ਹ, ਪੜ੍ਹਦਾ, ਪੜ੍ਹਦੀ, ਪੜ੍ਹਦੀਆਂ, ਪੜ੍ਹਦੇ, ਪੜ੍ਹਿਆ, ਪੜ੍ਹੀ, ਪੜ੍ਹੇ, ਪੜ੍ਹੀਆਂ, ਪੜ੍ਹਦੇ, ਪੜ੍ਹਦਿਆਂ, ਪੜ੍ਹਿਆ, ਪੜ੍ਹਨੋ, ਪੜ੍ਹਨ, ਪੜ੍ਹਨਾ, ਪੜ੍ਹਨੀ, ਪੜ੍ਹਨੇ, ਪੜ੍ਹੀਦਾ, ਪੜ੍ਹੀਦੀ, ਪੜ੍ਹਦੇ, ਪੜ੍ਹਦੀਆਂ ਆਦਿ ਵਿਚ ਕਿਰਿਆ ਰੂਪਾਂ ਦਾ ਸਾਂਝਾ ਅੰਸ਼ ਜਿਸ ਤੋਂ ਇਨ੍ਹਾਂ ਦੇ ਅਰਥਾਂ ਦਾ ਬੋਧ ਹੁੰਦਾ ਹੈ ਜਾਂ ਇਨ੍ਹਾਂ ਦੇ ਆਧਾਰ ਤੇ ਉਜਾਗਰ ਹੁੰਦਾ ਹੈ ਛੋਟੇ ਤੋਂ ਛੋਟਾ ਰੂਪ ਜਾਂ ਵਧੇਰੇ ਲਾਹ ਕੇ ਬਣਿਆ ਰੂਪ 'ਪੜ੍ਹ' ਹੈ। 'ਪੜ੍ਹ' ਧਾਤੂ ਹੈ।

**II. ਪਿਛੇਤਰ** : ਪੰਜਾਬੀ ਕਿਰਿਆ ਦੀ ਸਿਰਜਨਾ ਵਿਚ ਧਾਤੂ ਤੋਂ ਇਲਾਵਾ ਇਕ ਜਾਂ ਵਧੇਰੇ ਪਿਛੇਤਰ ਵੀ ਵਰਤੇ ਜਾਂਦੇ ਹਨ। ਪੰਜਾਬੀ ਭਾਸ਼ਾ ਦੇ ਕਿਰਿਆ ਧਾਤੂਆਂ ਨਾਲ ਦੋ ਤਰ੍ਹਾਂ ਦੇ ਪਿਛੇਤਰ ਲਗਦੇ ਹਨ :

(ੳ) **ਅਕਾਲਕੀ ਪਿਛੇਤਰ** : ਜਿਹੜੇ ਪਿਛੇਤਰ ਧਾਤੂ ਨਾਲ ਜੁੜ ਕੇ ਅਕਾਲਕ ਕਿਰਿਆ ਰੂਪ (ਅਰਥਾਤ ਉਹ ਕਿਰਿਆ ਰੂਪ ਜਿਨ੍ਹਾਂ ਦਾ ਰੂਪਾਂਤਰ ਨਹੀਂ ਹੁੰਦਾ) ਬਣਾਉਂਦੇ ਹਨ ਉਨ੍ਹਾਂ ਨੂੰ ਅਕਾਲਕੀ ਪਿਛੇਤਰ ਕਿਹਾ ਜਾਂਦਾ ਹੈ। ਇਸ ਸ਼੍ਰੇਣੀ ਵਿਚ - ਦਿਆ, ਇਆਂ, -ਕੇ, - ਨੇ, - ਨੋਂ, -ਨ ਪਿਛੇਤਰ ਆ ਜਾਂਦੇ ਹਨ। ਉਦਾਹਰਣ ਵਜੋਂ 'ਪੜ੍ਹ' ਧਾਤੂ ਨਾਲ ਅਕਾਲਕੀ ਪਿਛੇਤਰ ਲਗਣ ਮਗਰੋਂ ਹੇਠ ਲਿਖੇ ਅਕਾਲਕ ਕਿਰਿਆ ਰੂਪ ਬਣਦੇ ਹਨ :

ਪੜ੍ਹਦਿਆਂ, ਪੜ੍ਹਕੇ, ਪੜ੍ਹਿਆ, ਪੜ੍ਹਨ, ਪੜ੍ਹਨੋਂ।

(ਅ) **ਕਾਲਕੀ ਪਿਛੇਤਰ** : ਜਿਹੜੇ ਪਿਛੇਤਰ ਧਾਤੂ ਨਾਲ ਜੁੜ ਕੇ ਕਾਲਕ ਕਿਰਿਆ ਰੂਪ ਸਿਰਜਦੇ ਹਨ ਉਨ੍ਹਾਂ ਨੂੰ ਕਾਲਕੀ ਪਿਛੇਤਰ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਪਿਛੇਤਰਾਂ ਦੇ ਲੱਗਣ ਨਾਲ ਬਣੀਆਂ ਕਾਲਕੀ ਕਿਰਿਆਵਾਂ ਦਾ ਰੂਪਾਂਤਰ ਲਿੰਗ, ਵਚਨ ਤੇ ਪੁਰਖ ਅਨੁਸਾਰ ਹੁੰਦਾ ਹੈ। ਇਸ ਸ਼੍ਰੇਣੀ ਵਿਚ 34 ਪਿਛੇਤਰ ਆ ਜਾਂਦੇ ਹਨ :-

**ਕਿਰਿਆ ਵਾਕੰਸ਼ ਵਰਗੀਕਰਨ**

**1. ਰੂਪ ਦਾ ਆਧਾਰ : –** ਰੂਪ ਦੇ ਆਧਾਰ ਤੇ ਪੰਜਾਬੀ ਕਿਰਿਆ ਵਾਕੰਸ਼ਾਂ ਨੂੰ ਤਿੰਨ ਵਰਗਾਂ - ਸਾਧਾਰਨ ਕਿਰਿਆ ਵਾਕੰਸ਼, ਸੰਯੁਕਤ ਕਿਰਿਆ ਵਾਕੰਸ਼, ਮਿਸ਼ਰਤ ਕਿਰਿਆ ਵਾਕੰਸ਼ ਵਿਚ ਵੰਡਿਆ ਜਾਂਦਾ ਹੈ।

(ੳ) **ਸਾਧਾਰਨ ਕਿਰਿਆ ਵਾਕੰਸ਼** : ਇਕ ਸਹਾਇਕ ਕਿਰਿਆ, ਇਕ ਕਾਲਕ ਕਿਰਿਆ (ਪਿਛੇਤਰ ਸਹਿਤ), ਕਾਲਕ ਕਿਰਿਆ ਤੇ ਸਹਾਇਕ ਕਿਰਿਆ ਜਾਂ ਨਾਂਹ-ਵਾਚਕ ਸ਼ਬਦ ਦੇ ਦੁਆਲੇ ਬਣੇ ਵਾਕੰਸ਼ ਨੂੰ ਸਾਧਾਰਨ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ, ਜਿਵੇਂ :

1. ਉਹ ਦਿੱਲੀ ਹੈ।
2. ਫੁੱਲ ਸੋਹਣਾ **ਏ**।
3. ਕਾਕਾ ਸਕੂਲ **ਗਿਆ ਸੀ**।
4. ਉਹ ਮੇਰੇ ਨਾਲ **ਨਹੀਂ ਸੀ** ਆਇਆ।
5. ਗੁੱਡੋ ਅੱਜ **ਆਈ**।
6. ਮੈਂ ਕੱਲ ਫਿਲਮ **ਦੇਖੀ**।

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ। ਪਹਿਲੀ ਤੇ ਦੂਸਰੀ ਉਦਾਹਰਨ ਵਿਚ ਸਿਰਫ ਸਹਾਇਕ ਕਿਰਿਆ ਹੀ ਵਰਤੀ ਗਈ ਹੈ, ਪਰੰਤੂ ਤੀਸਰੀ ਤੇ ਚੌਥੀ ਉਦਾਹਰਨ ਵਿਚ 'ਕਿਰਿਆ' ਤੇ ਸਹਾਇਕ ਕਿਰਿਆ ਦੋਵੇਂ ਹਨ। ਪੰਜਵੇਂ ਤੇ ਛੇਵੇਂ ਵਾਕ ਵਿਚ ਕਿਰਿਆ ਵਾਕੰਸ਼ਾਂ ਵਿਚ ਪਿਛੇਤਰ ਸਹਿਤ ਕਾਲਕ ਕਿਰਿਆ ਰੂਪ ਵਰਤੇ ਗਏ ਹਨ।

**(ਅ) ਸੰਯੁਕਤ ਕਿਰਿਆ-ਵਾਕੰਸ਼** : ਅਜਿਹੇ ਕਿਰਿਆ ਵਾਕੰਸ਼ ਕੁੱਝ ਨਿਸ਼ਚਿਤ ਧਾਤੂਆਂ ਦੇ ਨਾਲ ਨਾਂਵ ਜਾਂ ਵਿਸ਼ੇਸ਼ਣ ਜੋੜ ਕੇ ਹੀ ਬਣਾਏ ਜਾਂਦੇ ਹਨ ਜਿਵੇਂ :

1. ਰਾਮ ਸੀਤਾ ਨੂੰ **ਪਿਆਰ ਕਰਦਾ ਹੈ**।
2. ਉਸ ਨੇ ਆਪਣੇ ਕਾਰੋਬਾਰ ਬਾਰੇ **ਸਲਾਹ ਮੰਗੀ** ।
3. ਪੁਲਿਸ ਨੇ ਉਨ੍ਹਾਂ ਦੇ ਘਰ **ਛਾਪਾ ਮਾਰਿਆ**।

ਉਪਰੋਕਤ ਵਾਕਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ ਜਿਨ੍ਹਾਂ ਵਿਚ ਸੰਯੁਕਤ ਕਿਰਿਆ ਰੂਪ ਵਰਤੇ ਗਏ

ਹਨ।

**(ੲ) ਮਿਸ਼ਰਿਤ ਕਿਰਿਆ-ਵਾਕੰਸ਼** : ਪੰਜਾਬੀ ਦੇ ਜਿਸ ਕਿਰਿਆ ਵਾਕੰਸ਼ ਵਿਚ ਮੁਖ ਕਿਰਿਆ ਨਾਲ ਸੰਚਾਲਕ ਤੇ ਸਹਾਇਕ ਕਿਰਿਆਵਾਂ ਵਰਤੀਆਂ ਜਾਣ ਉਨ੍ਹਾਂ ਨੂੰ ਮਿਸ਼ਰਿਤ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ। ਜਿਵੇਂ :

1. ਮੈਂ ਕੰਮ **ਕਰ ਸਕਦਾ** ਹਾਂ।
2. **ਰਾਜੂ ਰੋਟੀ ਖਾ ਚੁੱਕਿਆ** ਹੈ।
3. ਬੱਬੀ ਦੁਕਾਨ **ਤੇ ਜਾਣ ਲੱਗਿਆ** ਹੈ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ।

**ਰੂਪਾਂਤਰ ਦੇ ਆਧਾਰ 'ਤੇ ਕਿਰਿਆ-ਵਾਕੰਸ਼ਾਂ ਦੀ ਵੰਡ :**

ਕਿਰਿਆ ਵਾਕੰਸ਼ ਵਿਚ ਵਰਤੀ ਗਈ ਮੁਖ ਕਿਰਿਆ ਦੇ ਰੂਪਾਂਤਰ ਦੇ ਆਧਾਰ ਤੇ ਕਿਰਿਆ ਵਾਕੰਸ਼ ਨੂੰ ਰੂਪਾਂਤਰ ਰਹਿਤ (ਅਕਾਲਕ) ਜਾਂ ਰੂਪਾਂਤਰ ਸਹਿਤ (ਕਾਲਕ) ਕਿਰਿਆ ਵਾਕੰਸ਼ ਵਿਚ ਵੰਡਿਆ ਜਾਂਦਾ ਹੈ।

**ਅਕਾਲਕ ਕਿਰਿਆ ਵਾਕੰਸ਼** : ਪੰਜਾਬੀ ਦੇ ਜਿਸ ਕਿਰਿਆ ਵਾਕੰਸ਼ ਦੀ ਬਣਤਰ ਵਿਚ ਕੇਵਲ ਅਕਾਲਕ ਕਿਰਿਆ ਰੂਪ ਵਰਤਿਆ ਜਾਵੇ ਉਸ ਨੂੰ ਅਕਾਲਕ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ, ਜਿਵੇਂ :

1. **ਅੰਦਰ ਵੜਦਿਆਂ** ਹੀ ਉਹ ਡਿੱਗ ਪਈ।
2. **ਚੁੰਨੀ ਲਾਹ ਕੇ ਮੈਂ** ਰਸੋਈ ਵਿੱਚ ਵੜ ਗਈ।
3. **ਉਹ ਚੋਰੀ ਕਰਨੋਂ** ਨਹੀਂ ਹਟ ਸਕਦਾ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ-ਅੰਕਤ ਹਿੱਸੇ ਅਕਾਲਕ ਕਿਰਿਆ ਵਾਕੰਸ਼ ਹਨ। ਇਨ੍ਹਾਂ ਕਿਰਿਆਵਾਂ ਦਾ ਰੂਪ ਲਿੰਗ/ਵਚਨ ਜਾਂ ਪੁਰਖ ਕਾਰਨ ਬਦਲੀ ਨਹੀਂ ਹੁੰਦੀ।

**ਕਾਲਕ ਕਿਰਿਆ ਦਾ ਵਾਕੰਸ਼** :- ਕਾਲਕ ਕਿਰਿਆ ਵਾਕੰਸ਼ ਨੂੰ ਸੀਮਾ-ਯੁਕਤ ਕਿਰਿਆ-ਵਾਕੰਸ਼ ਵੀ ਕਿਹਾ ਜਾਂਦਾ ਹੈ। ਇਹ ਉਹ ਕਿਰਿਆ ਵਾਕੰਸ਼ ਹੁੰਦਾ ਹੈ ਜਿਸ ਦੇ ਢਾਂਚੇ ਵਿਚ ਘੱਟੋ ਘੱਟ ਇਕ ਪੂਰਨ ਕਿਰਿਆ ਦਾ ਰੂਪ ਪੇਸ਼ ਹੋਇਆ ਹੋਵੇ। ਅਜਿਹਾ ਕਿਰਿਆ ਵਾਕੰਸ਼ ਵਾਕ ਦੇ ਅੰਤ ਵਿਚ ਆਉਂਦਾ ਹੈ ਅਤੇ ਇਸ ਦੇ ਆਪੇ ਵਿਚ ਉਪਵਾਕ ਜਾਂ ਸਾਧਾਰਨ ਵਾਕ ਉਸਾਰਨ ਦੀ ਸੰਭਾਵਨਾ ਹੁੰਦੀ ਹੈ। ਜਿਵੇਂ :-

1. ਵਿਦਿਆਰਥੀ **ਆਏ** ਹਨ।
2. ਉਹ **ਆਇਆ** ਹੈ।
3. ਕੁੜੀਆਂ **ਆਈਆਂ** ਹਨ।
4. ਮੁੰਡੇ **ਆਏ** ਹਨ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਕਾਲਕ ਕਿਰਿਆ ਵਾਕੰਸ਼ ਦੇ ਉਤਪਾਦਨ ਹਨ। ਇਨ੍ਹਾਂ ਵਿਚ ਵਰਤੀ ਗਈ ਕਿਰਿਆ 'ਆਏ' ਦਾ ਵਚਨ, ਲਿੰਗ ਤੇ ਪੁਰਖ ਪੱਖੋਂ ਰੂਪਾਂਤਰ ਹੋ ਜਾਂਦਾ ਹੈ।

**ਕਾਲਕ ਕਿਰਿਆ ਵਾਕੰਸ਼ : ਬਣਤਰ**

ਇਕ ਕਾਲਕ ਕਿਰਿਆ ਵਾਕੰਸ਼ ਵਿਚ ਇਕ ਤੋਂ ਸੱਤ ਤਕ ਕਿਰਿਆ ਰੂਪ ਵਰਤੇ ਜਾ ਸਕਦੇ ਹਨ। ਇਨ੍ਹਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ - ਮੁੱਖ ਕਿਰਿਆ, ਸੰਚਾਲਕ ਕਿਰਿਆ, ਸਹਾਇਕ ਕਿਰਿਆ।

ਮੁੱਖ ਕਿਰਿਆ + ਸੰਚਾਲਕ ਕਿਰਿਆ + ਸਹਾਇਕ ਕਿਰਿਆ।

ਉਪਰੋਕਤ ਤਿੰਨ ਵਰਗਾਂ ਦੇ ਰੂਪਾਂ ਤੋਂ ਇਲਾਵਾ ਕਿਰਿਆ ਵਾਕੰਸ਼ ਵਿਚ ਨਾਂਹ-ਵਾਚਕ ਅੰਸ਼ ਤੇ ਦਬਾਅ-ਵਾਚਕ ਅੰਸ਼ ਵੀ ਵਰਤੇ ਜਾ ਸਕਦੇ ਹਨ। ਪੰਜਾਬੀ ਦੇ ਕਾਲਕ ਕਿਰਿਆ ਵਾਕੰਸ਼ ਦੀ ਬਣਤਰ ਵਿਚ ਵਰਤੀਆਂ ਜਾਂਦੀਆਂ ਕਿਰਿਆਵਾਂ ਤੇ ਸ਼ਬਦਾਂ ਦਾ ਵਰਣਨ ਅਤੇ ਵੇਰਵਾ ਹੇਠ ਲਿਖੇ ਅਨੁਸਾਰ ਹੈ :

**I. ਮੁੱਖ ਕਿਰਿਆ** : ਮੁੱਖ ਕਿਰਿਆ ਕਿਰਿਆ-ਵਾਕੰਸ਼ ਦਾ ਜ਼ਰੂਰੀ ਤੱਤ ਹੈ। ਹਾਂ-ਵਾਚਕ ਕਿਰਿਆ ਵਾਕੰਸ਼ ਵਿਚ ਇਹ ਸ਼ੁਰੂ ਵਿਚ ਆਉਂਦੀ ਹੈ ਪਰੰਤੂ ਨਾਂਹ ਵਾਚਕ ਕਿਰਿਆ ਵਾਕੰਸ਼ ਵਿਚ ਨਾਂਹ-ਵਾਚਕ ਸ਼ਬਦ ਤੋਂ ਬਾਅਦ ਆਉਂਦੀ ਹੈ, ਜਿਵੇਂ :

1. ਕੁੜੀਆਂ **ਪੜ੍ਹ ਰਹੀਆਂ ਸਨ।**

2. ਕੁੜੀਆਂ **ਨਹੀਂ ਪੜ੍ਹ ਰਹੀਆਂ ਸਨ।**

ਉਪਰੋਕਤ ਨੰਬਰ (1) ਉਦਾਹਰਨ ਹਾਂ-ਵਾਚਕ ਕਿਰਿਆ ਵਾਕੰਸ਼ ਤੇ ਨੰਬਰ (2) ਉਦਾਹਰਨ ਨਾਂਹ-ਵਾਚਕ ਕਿਰਿਆ ਵਾਕੰਸ਼ ਦੀ ਹੈ।

**II. ਸੰਚਾਲਕ ਕਿਰਿਆ** : ਮੁੱਖ ਕਿਰਿਆ ਤੋਂ ਮਗਰੋ ਆਉਣ ਵਾਲੇ ਕਿਰਿਆ ਰੂਪ ਨੂੰ ਸੰਚਾਲਕ ਕਿਰਿਆ ਕਿਹਾ ਜਾਂਦਾ ਹੈ। ਸਹਾਇਕ ਕਿਰਿਆ ਸੰਚਾਲਕ ਕਿਰਿਆ ਤੋਂ ਬਾਅਦ ਵਿਚ ਵਰਤੀ ਜਾਂਦੀ ਹੈ। ਇਹ ਕਿਰਿਆ ਵਾਕੰਸ਼ ਦਾ ਗੈਰ-ਜ਼ਰੂਰੀ ਤੱਤ ਹੈ ਕਿਉਂਕਿ ਇਸ ਦੀ ਹੋਂਦ ਕਾਲ, ਆਸਪੈਕਟ, ਮੂਡ ਤੇ ਵਾਚ ਦੀਆਂ ਸ਼੍ਰੇਣੀਆਂ ਤੇ ਨਿਰਭਰ ਕਰਦੀ ਹੈ। ਮੁਕੰਮਲ ਅਧਿਐਨ ਕਰਨ ਤੋਂ ਪਿੱਛੋਂ ਇਹ ਨਤੀਜਾ ਕੱਢਿਆ ਗਿਆ ਹੈ ਕਿ ਪੰਜਾਬੀ ਭਾਸ਼ਾ ਵਿਚ ਚਾਰ ਤਰ੍ਹਾਂ ਦੀਆਂ ਸੰਚਾਲਕ ਕਿਰਿਆਵਾਂ ਦੀ ਵਰਤੋਂ ਹੁੰਦੀ ਹੈ। ਇਹ ਚਾਰ ਤਰ੍ਹਾਂ ਦੇ ਸੰਚਾਲਕ ਕਿਰਿਆ ਰੂਪ ਜੇ ਵਾਕ ਵਿਚ ਇਕੱਠੇ ਵਰਤੇ ਜਾਣ ਤਾਂ ਇਕ ਬੱਝਵੀਂ ਤਰਤੀਬ ਵਿਚ ਆਉਂਦੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ:

ਮੁਢਲੀ ਸੰਚਾਲਕ ਕਿਰਿਆ + ਕਰਮਵਾਚੀ ਸੰਚਾਲਕ ਕਿਰਿਆ + ਪ੍ਰਗਤੀਵਾਚਕ ਸੰਚਾਲਕ ਕਿਰਿਆ + ਸੰਭਾਵਕ ਸੰਚਾਲਕ ਕਿਰਿਆ।

ਇਨ੍ਹਾਂ ਦੇ ਵੇਰਵਾ ਹੇਠ ਲਿਖੇ ਅਨੁਸਾਰ ਹੈ :

**(ੳ) ਮੁੱਢਲੀ ਸੰਚਾਲਕ ਕਿਰਿਆ** : ਮੁੱਢਲੀ ਸੰਚਾਲਕ ਕਿਰਿਆ ਇਕ ਦਮ ਮੁਖ ਕਿਰਿਆ ਤੋਂ ਬਾਅਦ ਵਿਚ ਵਰਤੀ ਜਾਂਦੀ ਹੈ। ਪੰਜਾਬੀ ਦੇ ਹਾਂ ਵਾਚਕ ਕਾਲਕ ਕਿਰਿਆ ਵਾਕੰਸ਼ਾਂ ਵਿਚ ਵਰਤੀਆਂ ਜਾਂਦੀਆਂ ਮੁੱਢਲੀਆਂ ਸੰਚਾਲਕ ਕਿਰਿਆਵਾਂ ਦੀ ਕੁਲ ਗਿਣਤੀ ਚੌਂਤੀ ਹੈ। ਇਹ ਮੁੱਖ ਕਿਰਿਆ ਮਗਰੋਂ - ਦਾ, - ਇਆ, - ਈਦਾ, -ਏ, -ਏ, -ਓ, -ਉ ਅਤੇ ਧਾਤੂ ਕਿਰਿਆ ਰੂਪਾਂ ਸਮੇਤ ਵਰਤੀਆਂ ਜਾਂਦੀਆਂ ਹਨ। ਚੌਂਤੀ ਮੁਢਲੀਆਂ ਸੰਚਾਲਕ ਕਿਰਿਆਵਾਂ ਵਿੱਚੋਂ 'ਹੋ' ਇਕੋ ਇਕ ਅਜਿਹੀ ਕਿਰਿਆ ਹੈ ਜਿਸ ਨਾਲ ਕੇਵਲ -ਦਾ, -ਇਆ ਅਤੇ -ਈਦਾ ਰੂਪ ਹੀ ਆਉਂਦੇ ਹਨ, ਜਿਵੇਂ :

1. ਸਾਡੇ ਦੇਸ਼ ਨੇ ਸ਼ਖਸੀ ਰਹਿਣੀ ਨੂੰ ਉੱਚੇ ਤੋਂ ਉੱਚਾ **ਕਰ ਦੱਸਿਆ** ਹੈ।

2. ਤੂੰ ਤਾਂ ਪਾਪਾਂ ਦਾ ਭਾਰ ਸਿਰ ਤੇ **ਚੁੱਕਿਆ ਹੋਇਆ** ਹੈ।

ਉਪਰੋਕਤ ਉਦਾਹਰਨਾਂ ਵਿਚ 'ਦੱਸਿਆ - ਦੱਸ + ਇਆਂ, ਅਤੇ -ਹੋ + ਇਆ' ਮੁੱਢਲੀ ਸੰਚਾਲਕ ਕਿਰਿਆ ਰੂਪ ਵਜੋਂ ਵਰਤੇ ਗਏ ਹਨ। ਇਸ ਵਰਗ ਦੀਆਂ ਕਿਰਿਆਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | | | | | |
|---|---|---|---|---|---|
| ਉਠ | ਕਰ | ਤਰ | ਪਾ | ਬਹਿ | ਰੱਖ |
| ਆ | ਖੜੋ | ਦਸ | ਪੁਜ | ਬਹੁਤ | ਲੰਘ |
| ਸਕ | ਚੱਲ | ਦੌੜ | ਪੈ | ਬੈਠ | ਲੈ |
| ਸੱਟ | ਚੁੱਕ | ਦਿਸ | ਫੜ | ਬੋਲ | ਵੱਢ |
| ਸੁਣ | ਠੱਡ | ਦੇ | ਫਿਰ | ਮਾਰ | |
| ਹੋ | ਜਾਂ | ਨਿਕਲ | ਬਣ | ਮਿਲ | |

**(ਅ) ਕਰਮਵਾਚੀ ਸੰਚਾਲਕ ਕਿਰਿਆ** : ਕਰਮਵਾਚੀ ਸੰਚਾਲਕ ਕਿਰਿਆ ਕੇਵਲ ਕਰਮਵਾਚੀ ਉਪਵਾਕਾਂ ਵਿਚ ਹੀ ਵਰਤੀ ਜਾਂਦੀ ਹੈ। ਇਹ ਆਮ ਤੌਰ ਤੇ ਮੁੱਢਲੀ ਸੰਚਾਲਕ ਕਿਰਿਆ ਤੋਂ ਬਾਅਦ ਵਰਤੀ ਜਾਂਦੀ ਹੈ। ਜੇ ਕਿਸੇ ਕਿਰਿਆ ਵਾਕੰਸ਼ ਵਿਚ ਮੁੱਢਲੀ ਸੰਚਾਲਕ ਕਿਰਿਆ ਨਾ ਵੀ ਵਰਤੀ ਗਈ ਹੋਵੇ ਤਾਂ ਇਹ ਮੁਖ-ਕਿਰਿਆ ਤੋਂ ਬਾਅਦ ਵਿਚ ਵਰਤੀ ਜਾਂਦੀ ਹੈ। ਪੰਜਾਬੀ ਵਿਚ 'ਜਾ' ਅਤੇ 'ਹੋ' ਕਰਮਵਾਚੀ ਸੰਚਾਲਕ ਕਿਰਿਆ ਦੇ ਦੋ ਮੈਂਬਰ ਹਨ ਜਿਵੇਂ :

(i) ਬਾਅਦ ਵਿਚ ਹਿੰਦੂਆਂ ਦੇ ਮੰਦਰ **ਸਾੜੇ ਗਏ।**

(ii) ਮੁਸਲਮਾਨਾਂ ਵਿਚ ਮੁਰਦੇ ਨੂੰ **ਦੱਬ ਦਿੱਤਾ ਜਾਂਦਾ** ਹੈ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ। ਪਹਿਲੀ ਉਦਾਹਰਣ ਵਿਚ 'ਸਾੜੇ' ਮੁਖ ਕਿਰਿਆ ਹੈ ਤੇ 'ਗਏ' (ਗਿਆ ਦਾ ਰੂਪ) ਕਰਮਵਾਚੀ ਸੰਚਾਲਕ ਕਿਰਿਆ ਹੈ। ਦੂਸਰੀ ਉਦਾਹਰਨ ਵਿਚ 'ਦੱਬ' ਮੁੱਖ ਕਿਰਿਆ

ਹੈ, 'ਦਿੱਤਾ', ਮੁੱਢਲੀ ਸੰਚਾਲਕ ਕਿਰਿਆ ਹੈ, 'ਜਾਂਦਾ' ਕਰਮਵਾਚੀ ਸੰਚਾਲਕ ਕਿਰਿਆ ਹੈ ਅਤੇ 'ਹੈ' ਸਹਾਇਕ ਕਿਰਿਆ ਹੈ।

**(ੲ)ਪ੍ਰਗਤੀਵਾਚਕ ਸੰਚਾਲਕ ਕਿਰਿਆ** :- ਪੰਜਾਬੀ ਦੇ ਹਾਂ ਵਾਚਕ ਕਾਲਕ ਕਿਰਿਆ, ਵਾਕੰਸ਼ ਵਿਚ ਜਦੋਂ ਪ੍ਰਗਤੀਵਾਚਕ ਸੰਚਾਲਕ ਕਿਰਿਆ ਵਰਤੀ ਜਾਂਦੀ ਹੈ ਤਾਂ ਇਹ ਸੰਭਾਵਕ ਸੰਚਾਲਕ ਕਿਰਿਆ ਤੋਂ ਪਹਿਲਾਂ ਆਉਂਦੀ ਹੈ ਅਤੇ ਮੁਢਲੀ ਤੇ ਕਰਮਵਾਚੀ ਸੰਚਾਲਕ ਕਿਰਿਆ ਤੋਂ ਪਿੱਛੋਂ। ਜੇ ਮੁਢਲੀ ਤੇ ਕਰਮਵਾਚੀ ਸੰਚਾਲਕ ਕਿਰਿਆਵਾਂ ਕਿਸੇ ਕਿਰਿਆ ਵਾਕੰਸ਼ ਵਿਚ ਨਾ ਵਰਤੀਆਂ ਗਈਆਂ ਹੋਣ ਤਾਂ ਇਹ ਮੁੱਖ ਕਿਰਿਆ ਦੇ ਤੁਰੰਤ ਮਗਰੋਂ ਵੀ ਆ ਸਕਦੀ ਹੈ। ਪੰਜਾਬੀ ਵਿਚ 'ਰਹਿ' ਇਕੋ ਇਕ ਪ੍ਰਗਤੀਵਾਚੀ ਸੰਚਾਲਕ ਕਿਰਿਆ ਹੈ। ਪ੍ਰਗਵੀਵਾਦੀ ਸੰਚਾਲਕ ਕਿਰਿਆ ਤੋਂ ਪਹਿਲਾਂ ਆਉਣ ਵਾਲੀ ਮੁੱਖ ਕਿਰਿਆ ਰਿਹਾ ਅੰਤਿਕ ਹੁੰਦੀ ਹੈ ਜਿਵੇਂ :

1. ਮੈਂ ਦਿੱਲੀ **ਰਹਿ ਰਿਹਾ ਹਾਂ।**
2. ਉਹੀ ਦੋ ਘੰਟੇ ਤੋਂ **ਬੋਲੀ ਜਾ ਰਿਹਾ ਹੈ।**

ਉਪਰੋਕਤ ਉਦਾਹਰਨਾਂ ਵਿਚੋਂ ਪਹਿਲੀ ਉਦਾਹਰਨ ਵਿਚ ਕਿਰਿਆ ਵਾਕੰਸ਼ ਵਿਚ ਮੁਖ ਕਿਰਿਆ (ਰਹਿ), ਪ੍ਰਗਤੀਵਾਚਕ ਸੰਚਾਲਕ ਕਿਰਿਆ (ਰਿਹਾ) ਤੇ ਸਹਾਇਕ ਕਿਰਿਆ (ਹਾਂ) ਵਰਤੀ ਗਈ ਹੈ, ਪਰੰਤੂ ਵਾਕ ਨੰਬਰ (2) ਵਿਚ ਮੁੱਖ ਕਿਰਿਆ (ਬੋਲੀ) ਮੁਢਲੀ ਸੰਚਾਲਕ ਕਿਰਿਆ (ਜਾ), ਪ੍ਰਗਤੀਵਾਚਕ ਸੰਚਾਲਕ ਕਿਰਿਆ (ਰਿਹਾ) ਤੇ ਸਹਾਇਕ ਕਿਰਿਆ (ਹੈ) ਵਰਤੀ ਗਈ ਹੈ।

**(ਸ)ਸੰਭਾਵਕ ਸੰਚਾਲਕ ਕਿਰਿਆ** : ਇਹ ਕਿਰਿਆ ਰੂਪ ਸਹਾਇਕ ਕਿਰਿਆ ਤੋਂ ਪਹਿਲਾਂ ਵਰਤਿਆ ਜਾਂਦਾ ਹੈ। ਜੇ ਸਹਾਇਕ ਕਿਰਿਆ ਨਾ ਵਰਤੀ ਗਈ ਹੋਵੇ ਤਾਂ ਇਹ ਬਾਕੀ ਸਾਰੀਆਂ ਸੰਚਾਲਕ ਕਿਰਿਆਵਾਂ ਤੋਂ ਬਾਅਦ ਵਿਚ ਆਉਂਦੀ ਹੈ। ਸੰਭਾਵਕ ਸੰਚਾਲਕ ਕਿਰਿਆ ਤੋਂ ਪਹਿਲਾਂ ਘੱਟੋ ਘੱਟ ਇਕ ਹੋਰ ਸੰਚਾਲਕ ਕਿਰਿਆ ਦਾ ਆਉਣਾ ਜ਼ਰੂਰੀ ਹੈ। ਪੰਜਾਬੀ ਵਿਚ ਸੱਕ, ਚੁੱਕ, ਦੱਸ, ਹੈ ਅਤੇ ਕਰ (ਕੁਲ ਪੰਜ) ਸੰਭਾਵਕ ਸੰਚਾਲਕ ਕਿਰਿਆ ਨਾਲ ਕੇਵਲ - ਦਾ ਅਤੇ - ਇਆ ਰੂਪ ਹੀ ਲਗਦੇ ਹਨ, ਜਿਵੇਂ :

1. ਉਹ ਕੰਮ ਤਾਂ **ਮੁਕਾਇਆ ਜਾ ਚੁੱਕਾ** ਹੈ।
2. ਉਦੋਂ ਉਹ ਤੁਹਾਨੂੰ ਯਾਦ **ਕਰ ਰਿਹਾ** ਹੁੰਦਾ ਸੀ।

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ ਤੇ 'ਚੁੱਕਾ', 'ਹੁੰਦਾ' ਸੰਭਾਵਕ ਸੰਚਾਲਕ ਕਿਰਿਆ ਵਜੋਂ ਵਰਤੇ ਗਏ ਹਨ।

**III. ਸਹਾਇਕ ਕਿਰਿਆ** : ਪੰਜਾਬੀ ਦੇ ਜਿਸ ਹਾਂ-ਵਾਚਕ ਕਾਲਕ ਕਿਰਿਆ ਵਾਕੰਸ਼ ਵਿਚ ਸਹਾਇਕ ਕਿਰਿਆ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਵਿਚ ਇਹ ਅੰਤਮ ਸਥਾਨ 'ਤੇ ਆਉਂਦੀ ਹੈ। ਸਹਾਇਕ ਕਿਰਿਆ ਵਾਕ ਵਿਚ ਦੋ ਵਾਰ ਵਰਤੀ ਜਾ ਸਕਦੀ। ਸਾਹਿਤਕ ਪੰਜਾਬੀ ਵਿਚ ਸਹਾਇਕ ਕਿਰਿਆ ਹੈ ਵਰਤੀ ਜਾਂਦੀ ਹੈ - ਜੋ, - ਉ, - ਵੇ , - ਏਗਾ ਰੂਪ ਨਾਲ ਮਿਲ ਕੇ ਦਸ ਰੂਪ ਵਟਾ ਲੈਂਦੀ ਹੈ। ਜਿਵੇਂ - ਹਾਂ, ਹੈ, ਹੋ, ਹਨ, ਹੈ, ਸਾਂ, ਸੈਂ, ਸੋ, ਸਨ, ਸੀ। ਆਮ ਬੋਲ ਚਾਲ ਵਿਚ ਸੁ, ਜੇ, ਨੇ, ਤੇ, ਏ ਰੂਪਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ :

1. ਉਹ ਪਲਾਟ ਮੈਂ ਆਪ **ਖਰੀਦਿਆ** ਏ।
2. ਉਹ **ਪੜ੍ਹ ਰਿਹਾ ਹੋਵੇਗਾ।**

ਉਪਰੋਕਤ ਉਦਾਹਰਨਾਂ ਵਿਚ ਗੂੜ੍ਹੇ ਹਿੱਸੇ ਕਿਰਿਆ ਵਾਕੰਸ਼ ਹਨ ਤੇ ਇਨ੍ਹਾਂ ਵਿਚ 'ਏ' ਤੇ 'ਹੋਵੇਗਾ' ਸਹਾਇਕ ਕਿਰਿਆ ਵਜੋਂ ਆਏ ਹਨ।

**IV. ਨਾਂਹ-ਵਾਚਕ ਸ਼ਬਦ** :- ਨਾਂਹ-ਵਾਚਕ ਕਿਰਿਆ-ਵਾਕੰਸ਼ ਵਿਚ ਇਕ ਨਾਂਹ-ਵਾਚਕ ਸ਼ਬਦ (ਨਾ ਜਾਂ ਨਹੀਂ) ਵਰਤਿਆ ਜਾਂਦਾ ਹੈ। ਇਹ ਨਾਂਵ-ਵਾਚਕ ਸ਼ਬਦ ਨਾਂਹ-ਵਾਚਕ ਕਿਰਿਆ ਵਾਕੰਸ਼ ਅਤੇ ਅੰਤ ਤੇ ਆ ਰਹੀ ਸਹਾਇਕ ਕਿਰਿਆ ਤੋਂ ਪਹਿਲਾ ਆਉਂਦਾ ਹੈ। ਇਉਂ ਕੀ ਕਿਹਾ ਜਾ ਸਕਦਾ ਹੈ ਕਿ ਨਾਂਹ-ਵਾਚਕ ਸ਼ਬਦ ਉਸ ਕਿਰਿਆ-ਰੂਪ ਤੋਂ ਪਹਿਲਾਂ ਆਉਂਦਾ ਹੈ ਜਿਸ ਦੇ ਅਰਥਾਂ ਨੇ ਨਾਂਹ-ਬੋਧਕ ਵਿਚ ਬਦਲਣਾ ਹੋਵੇ। ਜਿਵੇਂ :

1. ਮੇਰਾ ਉੱਥੇ **ਜੀ ਨਹੀਂ ਸੀ ਲੱਗ ਰਿਹਾ।**

2. ਮੇਰਾ ਉੱਥੇ **ਜੀ ਨਹੀਂ ਲਗਦਾ ਸੀ।**
3. ਮੇਰਾ ਉੱਥੇ **ਜੀ ਲਗਦਾ ਨਹੀਂ ਸੀ।**

**V. ਦਬਾਅ-ਵਾਚਕ ਸ਼ਬਦ** :- ਕਿਰਿਆ ਵਾਕੰਸ਼ ਵਿਚ ਦਬਾਅ-ਵਾਚਕ ਸ਼ਬਦ ਉਸ ਸ਼ਬਦ ਦੇ ਬਾਅਦ ਲੱਗਦੇ ਹਨ ਜਿਸ ਤੇ ਦਬਾਅ ਪਾਉਣਾ ਹੋਵੇ। ਅਰਥਾਤ ਜਿਸ ਨੂੰ ਵਧੇਰੇ ਅਸਰਦਾਰ ਬਣਾਉਣਾ ਹੋਵੇ। ਜਿਵੇਂ :

1. ਉਹ **ਪੜ੍ਹ ਵੀ** ਰਿਹਾ ਸੀ ਤੇ ਗਾਣੇ ਵੀ ਲਗਾਏ ਹੋਏ ਸਨ।
2. ਬਰਸਾਤ ਵਿਚ ਮਕਾਨ ਛੇਤੀ ਬਣਵਾਇਆ **ਨਹੀਂ ਜਾ ਸਕਦਾ।**

## ਪ੍ਰਸ਼ਨ

1. ਬਣਤਰ ਦੇ ਆਧਾਰ ਤੇ ਵਾਕ ਦਾ ਵਰਗੀਕਰਣ ਕਰੋ ਅਤੇ ਸਾਧਾਰਨ ਵਾਕ ਬਾਰੇ ਚਰਚਾ ਕਰੋ।
2. ਕਾਰਜ ਦੇ ਆਧਾਰ ਤੇ ਵਾਕ ਦਾ ਵਰਗੀਕਰਨ ਕਰੋ।
3. ਨਾਂਵ ਵਾਕੰਸ਼ ਦੀ ਬਣਤਰ ਤੇ ਵਿਚਾਰ ਕਰੋ।
4. ਕਿਰਿਆ ਵਾਕੰਸ਼ਾਂ ਦੀ ਪਰਿਭਾਸ਼ਾ ਅਤੇ ਇਸ ਦੀਆਂ ਕਿਸਮਾਂ ਬਾਰੇ ਦੱਸੋ।
5. ਮੇਲ ਅਤੇ ਅਧਿਕਾਰ ਤੋਂ ਕੀ ਭਾਵ ਹੈ।
6. ਅੰਤਰ ਕੇਂਦਰਿਤ ਅਤੇ ਬਾਹਰ ਕੇਂਦਰਿਤ ਬਣਤਰ ਕੀ ਹੁੰਦੀ ਹੈ।
7. ਉਪਵਾਕ ਅਤੇ ਵਾਕੰਸ਼ ਕੀ ਹੁੰਦਾ ਹੈ?
8. ਨਾਂਵ ਵਾਕੰਸ਼ ਕੀ ਹੁੰਦਾ ਹੈ?

## ਸਹਾਇਕ ਪੁਸਤਕਾਂ


1. ਪੰਜਾਬੀ ਭਾਸ਼ਾ ਦਾ ਇਤਿਹਾਸ — ਲੇਖਕ : ਡਾ. ਵੀ.ਬੀ. ਅਰੁਣ
   ਪ੍ਰਕਾਸ਼ਕ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ।
2. ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ — ਲੇਖਕ : ਡਾ. ਪ੍ਰੇਮ ਪ੍ਰਕਾਸ਼ ਸਿੰਘ
   (ਪਹਿਲਾ ਐਡੀਸ਼ਨ) ਪ੍ਰਕਾਸ਼ਕ -ਲਾਹੌਰ ਬੁਕ ਸ਼ਾਪ ਲੁਧਿਆਣਾ।
3. ਭਾਸ਼ਾ ਤੇ ਭਾਸ਼ਾ ਵਿਗਿਆਨ — ਲੇਖਕ : ਡਾ. ਹਰਕੀਰਤ ਸਿੰਘ
4. ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ। — ਲੇਖਕ : ਡਾ. ਹਰਕੀਰਤ ਸਿੰਘ ਤੇ ਉੱਜਲ ਸਿੰਘ
   ਪ੍ਰਕਾਸ਼ਕ ਬਾਹਰੀ ਪਬਲੀਕੇਸ਼ਨਜ਼, ਦਿੱਲੀ।
5. ਨਵੀਨ ਭਾਸ਼ਾ ਵਿਗਿਆਨ — ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ
   ਪੈਪਸੂ ਬੁਕ ਡਿਪੋ, ਪਟਿਆਲਾ।

**ਪਾਠ ਨੰਬਰ : 2.4** **ਲੇਖਕ : ਡਾ. ਭੁਪਿੰਦਰ ਸਿੰਘ ਖਹਿਰਾ**

## ਅਰਥ ਵਿਗਿਆਨ ਅਤੇ ਅਰਥ ਵਿਕਾਸ ਦੀਆਂ ਦਿਸ਼ਾਵਾਂ

**ਪਾਠ ਦਾ ਮੰਤਵ** : ਇਸ ਪਾਠ ਦਾ ਮੰਤਵ ਸ਼ਬਦ ਅਤੇ ਅਰਥ ਦੇ ਸੰਬੰਧ ਬਾਰੇ ਜਾਣਕਾਰੀ ਦੇਣਾ ਹੈ। ਭਾਸ਼ਾ ਵਿਗਿਆਨ ਦੀ ਅਰਥ ਵਿਚਾਰ ਨਾਲ ਸਬੰਧਤ ਸ਼ਾਖਾ ਅਰਥ ਵਿਗਿਆਨ ਅਖਵਾਉਂਦੀ ਹੈ। ਇਸ ਲਈ ਅਰਥ ਵਿਗਿਆਨ ਬਾਰੇ ਮੁਢਲੀ ਜਾਣਕਾਰੀ ਪ੍ਰਦਾਨ ਕਰਨਾ ਵੀ ਇਸ ਪਾਠ ਦੇ ਮੰਤਵ ਵਿਚ ਸ਼ਾਮਲ ਹੈ। ਭਾਰਤੀ ਵਿਦਵਾਨਾਂ ਅਤੇ ਪੱਛਮੀ ਵਿਦਵਾਨਾਂ ਦੇ ਅਰਥ ਸਬੰਧੀ ਵਿਚਾਰਾਂ ਤੇ ਰੌਸ਼ਨੀ ਪਾਉਣਾ ਵੀ ਪਾਠ ਦੇ ਮੰਤਵ ਵਿਚ ਸ਼ਾਮਲ ਹੈ।

**ਪਾਠ ਦੀ ਰੂਪ ਰੇਖਾ :** ਪਾਠ ਦੇ ਸ਼ੁਰੂ ਵਿਚ ਅਰਥ ਦੇ ਸੰਕਲਪ ਬਾਰੇ ਵਿਚਾਰ ਕੀਤੀ ਗਈ ਹੈ। ਸ਼ਬਦ ਅਰਥ ਬਾਰੇ ਸੰਖੇਪ ਜਾਣਕਾਰੀ ਦੇਣ ਉਪਰੰਤ ਸ਼ਬਦ ਸ਼ਕਤੀਆਂ `ਤੇ ਵਿਚਾਰ ਕੀਤਾ ਗਿਆ ਹੈ। ਸ਼ਬਦ ਸ਼ਕਤੀਆਂ ਬਾਰੇ ਵਿਭਿੰਨ ਅਚਾਰੀਆਂ ਦੇ ਵਿਚਾਰ ਅਤੇ ਸ਼ਬਦ ਸ਼ਕਤੀਆਂ ਦੀਆਂ ਵੰਨਗੀਆਂ ਦੇਣ ਉਪਰੰਤ ਸ਼ਬਦ ਸ਼ਕਤੀ ਤੇ ਆਧਾਰਤ ਸਿਧਾਂਤਾਂ ਧੁਨੀ ਸਿਧਾਂਤ, ਅਪੋਹ, ਸਫੋਟ ਸਿਧਾਂਤ ਅਤੇ ਅਪੋਹ ਸਿਧਾਂਤ ਬਾਰੇ ਚਰਚਾ ਕੀਤੀ ਗਈ ਹੈ। ਭਾਰਤੀ ਅਤੇ ਪੱਛਮੀ ਵਿਦਵਾਨਾਂ ਦੇ ਵਿਚਾਰਾਂ ਦੀ ਤੁਲਨਾ ਲਈ ਲੋੜੀਂਦੇ ਸੰਕੇਤ ਦਿੱਤੇ ਗਏ ਹਨ। ਇਸ ਤੋਂ ਬਾਅਦ ਅਰਥਾਂ ਨੂੰ ਆਧਾਰ ਬਣਾਕੇ ਸ਼ਬਦਾਂ ਦਾ ਵਰਗੀਕਰਨ ਕੀਤਾ ਗਿਆ ਹੈ। ਬਹੁ-ਅਰਥ ਸ਼ਬਦਾਂ, ਵਿਰੋਧਾਰਥਕ ਸ਼ਬਦਾਂ, ਸਮਧੁਨੀ ਸ਼ਬਦਾਂ ਅਤੇ ਸਮੂਹਕ ਸ਼ਬਦਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

**ਮੂਲ ਪਾਠ :** ਹੁਣ ਤੱਕ ਅਸੀਂ ਭਾਸ਼ਾ ਦੇ ਪ੍ਰਗਟਾਅ ਪੱਧਰ ਬਾਰੇ ਵਿਚਾਰ ਕੀਤਾ ਹੈ। ਭਾਸ਼ਾ ਦੇ ਦੋ ਪੱਧਰ ਹੁੰਦੇ ਹਨ। ਧੁਨੀਆਂ ਅਤੇ ਉਹਨਾਂ ਤੋਂ ਬਣੇ ਸ਼ਬਦ। ਸੋਸਿਯੂਰ ਨੇ ਧੁਨੀ ਪੱਖ ਨੂੰ ਚਿੰਨ੍ਹਕ ਕਿਹਾ ਹੈ। ਅਰਥ ਪੱਖ ਨੂੰ ਚਿੰਨ੍ਹਿਤ ਕਿਹਾ ਹੈ। ਸੋਸਿਯੂਰ ਭਾਸ਼ਾ ਦੇ ਦੋ ਪੱਧਰਾਂ ਨੂੰ ਨਿਖੇੜਨ ਵਾਲਾ ਕੋਈ ਪਹਿਲਾ ਭਾਸ਼ਾ ਵਿਗਿਆਨੀ ਨਹੀਂ ਸੀ। ਪ੍ਰਾਚੀਨ ਕਾਲ ਤੋਂ ਹੀ ਭਾਸ਼ਾ ਦੀ ਅਰਥ ਪ੍ਰਗਟਾਊ ਅਵਸਥਾ ਦਾ ਅਧਿਐਨ ਕੀਤਾ ਜਾਂਦਾ ਰਿਹਾ ਹੈ। ਵੱਖ-ਵੱਖ ਭਾਸ਼ਾਵਾਂ ਵਿਚ ਅਨੇਕ ਪ੍ਰਕਾਰ ਦੇ ਕੋਸ਼, ਸ਼ਬਦ ਸੰਗ੍ਰਹਿ ਇਸ ਦਾ ਸਬੂਤ ਹਨ। ਵੀਹਵੀਂ ਸਦੀ ਵਿਚ ਭਾਸ਼ਾ ਵਿਗਿਆਨੀਆਂ ਨੇ ਅਰਥ ਦੇ ਅਧਿਐਨ ਵੱਲ ਘੱਟ ਰੁਚੀ ਦਿਖਾਈ ਹੈ। ਇਸ ਦੇ ਕਈ ਕਾਰਨ ਹਨ, ਪਰ ਕੁਝ ਕੁ ਪ੍ਰਮੁੱਖ ਕਾਰਨਾਂ ਵਿਚੋਂ ਇਹ ਗਿਣਾਏ ਜਾ ਸਕਦੇ ਹਨ।

(1) ਅਰਥਾਂ ਦਾ ਅਧਿਐਨ ਵਿਗਿਆਨ ਵਾਂਗ ਬਾਹਰ ਮੁਖੀ ਵਿਧੀ, ਅਨੁਭਵ ਜਾਂ ਜੁਗਤ ਨਾਲ ਕੀਤਾ ਜਾ ਸਕਣਾ ਸੰਭਵ ਨਹੀਂ।

(2) ਅਰਥਾਂ ਦਾ ਅਧਿਐਨ, ਫਿਲਾਸਫੀ, ਨਿਆਇ, ਤਰਕ ਅਤੇ ਮਨੋ-ਵਿਗਿਆਨਕ ਦੇ ਘੇਰੇ ਵਿਚ ਆਉਂਦਾ ਹੈ।

(3) ਅਰਥਾਂ ਦੀ ਸੀਮਾ ਨਿਰਧਾਰਤ ਕੀਤੀ ਜਾ ਸਕਣੀ ਸੰਭਵ ਨਹੀਂ। ਅਰਥ ਸੰਕੋਚ ਅਤੇ ਅਰਥ ਵਿਸਥਾਰ ਦੀ ਸੰਭਾਵਨਾ ਸਦਾ ਬਣੀ ਰਹਿੰਦੀ ਹੈ। ਸ਼ਬਦ `ਗਾਂ` ਦਾ ਅਰਥ ਸਮਝ ਸਕਣਾ ਕੋਈ ਮੁਸ਼ਕਲ ਨਹੀਂ। ਪਰ ਇਸ ਸ਼ਬਦ ਦੀ ਕਿਹੜੀ ਵਿਸ਼ੇਸ਼ਤਾ ਇਸਨੂੰ ਦੂਸਰੇ ਪਸ਼ੂਆਂ ਤੋਂ ਵੱਖ ਕਰਦੀ ਹੈ, ਇਸ ਦਾ ਨਿਰਣਾ ਕਰ ਸਕਣਾ ਕੋਈ ਸੌਖੀ ਗੱਲ ਨਹੀਂ।

ਗਲੀਸਨ ਨੇ ਭਾਸ਼ਾ ਦੇ ਅਰਥ ਅਧਿਐਨ ਪ੍ਰਤੀ ਅਣਗਹਿਲੀ ਦੇ ਤਿੰਨ ਕਾਰਨ ਦੱਸੇ ਹਨ।

1. ਭਾਸ਼ਾ ਵਿਗਿਆਨੀ ਭਾਸ਼ਾ ਦੀ ਦੁਪਰਤੀ ਪਰਕਿਰਤੀ ਤੋਂ ਅਵੇਸਲੇ ਰਹੇ ਹਨ। ਭਾਸ਼ਾ ਵਿਗਿਆਨੀਆਂ ਦਾ ਵਧੇਰੇ ਬਲ ਭਾਸ਼ਾ ਦੀ ਪ੍ਰਗਟਾਅ ਪਰਤ ਵਲ ਹੀ ਰਿਹਾ ਹੈ। ਅਰਥ ਪਰਤ ਵੱਲ ਰੁਚੀ ਘੱਟ ਰਹੀ ਹੈ।
2. ਭਾਸ਼ਾ ਦੀ ਪ੍ਰਗਟਾਅ ਜੁਗਤ ਤੱਕ ਪਹੁੰਚ ਕਰਨ ਲਈ ਪ੍ਰਗਟਾਅ ਜੁਗਤ ਤੋਂ ਇਲਾਵਾ ਹੋਰ ਕੋਈ ਜੁਗਤ ਨਹੀਂ ਹੈ। ਇਸ ਵਿਚ ਅਨੁਮਾਨ ਦੀ ਵਿਧੀ ਤਾਂ ਸੰਭਵ ਹੈ ਪਰ ਵਿਗਿਆਨ ਦੀ ਵਿਧੀ ਸੰਭਵ ਨਹੀਂ।
3. ਤੀਸਰਾ ਕਾਰਨ ਅਰਥ ਦਾ ਵਿਸਥਾਰ ਹੈ। ਹਰ ਸਮਾਜ ਵਿਚ ਅਰਥ ਨੂੰ ਵਿਆਪਕ ਪੱਧਰ ਤੇ ਵਰਤ ਸਕਣ ਦੀ ਸੰਭਾਵਨਾ ਹੁੰਦੀ ਹੈ। ਆਧੁਨਿਕ ਭਾਸ਼ਾ ਵਿਗਿਆਨ ਵਿਚ ਫੂਨੀਮ ਅਤੇ ਭਾਵੰਸ਼ ਦਾ ਸੰਕਲਪ ਅਰਥ ਤੋਂ ਬਗੈਰ ਗ੍ਰਹਿਣ ਕਰ ਸਕਣੇ ਸੰਭਵ ਨਹੀਂ ਹਨ। ਇਸ ਲਈ ਭਾਸ਼ਾ ਵਿਗਿਆਨ ਵਿਚ ਅਰਥ ਦੀ ਮਹੱਤਵਪੂਰਨ ਥਾਂ ਹੈ।

ਇਸ ਲਈ ਗਲੀਸਨ ਭਾਸ਼ਾ ਵਿਗਿਆਨ ਵਿਚ ਅਰਥ ਵਿਗਿਆਨ (Semantics) ਦੀ ਵਿਸ਼ੇਸ਼ ਮਹੱਤਤਾ ਹੈ।

ਅਰਥਾਂ ਦਾ ਅਧਿਐਨ ਕਈ ਪੱਖਾਂ ਤੋਂ ਕੀਤਾ ਜਾ ਸਕਦਾ ਹੈ। ਇਹ ਅਧਿਐਨ ਅਰਥਾਂ ਦੀ ਵੰਨਗੀਆਂ ਨਿਖੇੜਨ ਤੱਕ ਸੀਮਤ ਹੋ ਸਕਦਾ ਹੈ। ਇਸ ਅਧਿਐਨ ਨੂੰ ਅਰਥਾਂ ਦੀ ਸਭਿਆਚਾਰਕ ਧਰਾਤਲ ਜਾਣਨ ਤੱਕ ਵੀ ਵਧਾਇਆ ਜਾ ਸਕਦਾ ਹੈ।

(1) ਇਕੋ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ। ਜਿਵੇਂ ਪੰਜਾਬੀ ਵਿਚ ਸ਼ਬਦ ਅੱਡਾ ਹੈ। ਬੱਸਾਂ ਦਾ ਅੱਡਾ, ਹਵਾਈ ਅੱਡਾ, ਨਾਲੇ ਬੁਣਨ ਵਾਲਾ ਅੱਡਾ ਆਦਿ। ਇਸੇ ਵੰਨਗੀ ਵਿਚ ਸ਼ਬਦ ਵੱਟ, ਪੱਟ, ਗੱਡੀ ਆਦਿ ਰੱਖੇ ਜਾ ਸਕਦੇ ਹਨ। ਇਹਨਾਂ ਅਨੇਕ ਅਰਥੀ ਸ਼ਬਦਾਂ ਦੇ ਅਰਥ ਸਿਰਫ ਸੰਦਰਭ ਤੋਂ ਹੀ ਜਾਣੇ ਜਾ ਸਕਦੇ ਹਨ।

(2) ਵੱਖ-ਵੱਖ ਸ਼ਬਦਾਂ ਦਾ ਇਕੋ ਹੀ ਅਰਥ ਹੋ ਸਕਦਾ ਹੈ। ਜਿਵੇਂ ਨਿੱਕਾ/ਛੋਟਾ, ਲਾਗੇ/ਕੋਲ ਮਾਂ/ਅੰਮਾ/ਬੇਬੇ ਆਦਿ।

(3) ਕਈ ਸ਼ਬਦਾਂ ਦੇ ਅਰਥ ਅੱਗੋਂ ਭਾਵੰਸ਼ਾਂ ਵਿਚ ਵੰਡੇ ਜਾ ਸਕਦੇ ਹਨ। ਗਾਂ ਦਾ ਭਾਵ ਇਕ ਪਸ਼ੂ, ਇਕ ਵਚਨ ਇਸਤਰੀ ਲਿੰਗ ਤੋਂ ਹੈ। ਭਾਵ ਇਕ ਰੂਪ ਵਿਚ ਹੀ ਕਈ ਸੰਕਲਪ ਸ਼ਾਮਲ ਹਨ।

(4) ਕਈ ਵਾਰ ਸ਼ਬਦ ਸਮੂਹ ਦੇ ਅਰਥ ਮੂਲ ਸ਼ਬਦਾਂ ਨਾਲੋਂ ਵੱਖਰੇ ਹੁੰਦੇ ਹਨ। ਜਿਵੇਂ ਪੰਜਾਬੀ ਵਿਚ 'ਆ' ਅਤੇ 'ਜਾ' ਵੱਖਰੇ ਅਰਥ ਰੱਖਦੇ ਹਨ। ਪਰ ਜੇਕਰ ਇਹਨਾਂ ਨੂੰ ਜੋੜ ਦਿੱਤਾ ਜਾਵੇ 'ਆਜਾ' ਇਸਦੇ ਵੱਖਰੇ ਅਰਥ ਹਨ। ਜਿਹੜੇ ਆ ਤੇ ਜਾ ਤੋਂ ਵੱਖਰੇ ਹਨ। ਇਸੇ ਵੰਨਗੀ ਦੇ ਹੋਰ ਸ਼ਬਦ ਹਨ ਖਾ-ਛੱਡ, ਬਹਿਜਾ ਆਦਿ।

(5) ਕਈ ਸ਼ਬਦਾਂ ਦੇ ਅਰਥਾਂ ਵਿਚ ਦੂਜੇ ਕਿਸੇ ਸ਼ਬਦ ਦੇ ਅਰਥ ਵੀ ਸ਼ਾਮਲ ਹੁੰਦੇ ਹਨ। ਜਿਵੇਂ ਗੱਭਰੂ ਵਿਚ ਜਵਾਨ ਅਤੇ ਮੁੰਡੇ ਦੇ ਅਰਥ ਸ਼ਾਮਲ ਹਨ। ਮੁਟਿਆਰ ਵਿਚ ਜਵਾਨ ਅਤੇ ਕੁੜੀ ਦੇ ਅਰਥ ਸ਼ਾਮਲ ਹਨ।

ਅਰਥ ਸਾਡੀ ਬੋਲਚਾਲ ਦੀ ਭਾਸ਼ਾ ਨੂੰ ਗ੍ਰਹਿਣ ਕਰਨ ਲਈ ਕੇਂਦਰੀ ਹੈ। ਇਸ ਲਈ ਅਰਥ ਦਾ ਅਧਿਐਨ ਜਟਿਲ ਵਿਸ਼ਾ ਹੈ ਕਿਉਂਕਿ ਇਹ ਮਨੁੱਖੀ ਮਨ ਦੀਆਂ ਵਿਭਿੰਨ ਪ੍ਰਕਿਰਿਆਵਾਂ ਤੇ ਅਨੁਭਵਾਂ ਨਾਲ ਜੁੜਿਆ ਹੋਇਆ ਹੁੰਦਾ ਹੈ। ਅਰਥ ਨੂੰ ਪਰਿਭਾਸ਼ਤ ਕਰਨ ਲਈ ਕਈ ਵਿਧੀਆਂ ਹਨ। ਅਲੱਗ-ਅਲੱਗ ਵਿਸ਼ਿਆਂ ਦੀਆਂ ਅਰਥ ਨੂੰ ਸਮਝਣ ਲਈ ਵਿਧੀਆਂ ਵੀ ਅਲੱਗ-ਅਲੱਗ ਹਨ। ਇਸ ਲਈ ਅਰਥ ਦੀ ਕੋਈ ਸਰਵ ਸਾਂਝੀ ਪਰਿਭਾਸ਼ਾ ਨਹੀਂ ਤਰਾਸ਼ੀ ਜਾ ਸਕਦੀ।

'ਸੋਸਿਯੂਰ' ਅਨੁਸਾਰ ਅਰਥ ਚਿੰਨ੍ਹਕ ਦੁਆਰਾ ਮਨੁੱਖੀ ਮਨ ਤੇ ਸਿਰਜੀ ਛਾਪ ਹੈ। ਭਾਵ ਅਰਥ ਮਾਨਸਿਕ ਸੰਕਲਪ ਹੈ। ਆਈ. ਏ. ਰਿਚਰਡਜ਼ ਅਨੁਸਾਰ ਅਰਥ ਵਕਤਾ-ਸਰੋਤਾ ਤੇ ਪ੍ਰਵਚਨ ਦੀ ਅੰਤਰ ਪ੍ਰਕਿਰਿਆ ਦਾ ਸਿੱਟਾ ਹੈ।

ਭਾਈ ਕਾਨ੍ਹ ਸਿੰਘ ਮਹਾਨਕੋਸ਼ ਵਿਚ ਲਿਖਦੇ ਹਨ, ''ਸ਼ਬਦ ਦਾ ਭਾਵ ਪਦ ਦਾ ਤਾਤਪਰਯ, ਸ਼ਬਦਾਂ ਪ੍ਰਯੋਜਨ, ਜਾਂ ਮਤਲਬ, ਜਾਂ ਫ਼ਲ ਨਤੀਜਾ ਹੈ।''

ਪੰਜਾਬੀ ਸਾਹਿਤ ਕੋਸ਼ ਅਨੁਸਾਰ, ''ਵਿਸ਼ੇਸ਼ ਸਾਰਥਕ ਧੁਨੀ ਸਮੂਹ ਜਾਂ ਸ਼ਬਦ ਦੇ ਸੁਣਨ ਨਾਲ ਜਾਂ ਪੜ੍ਹਨ ਨਾਲ ਜੋ ਪ੍ਰਤੀਤ ਹੁੰਦਾ ਹੈ ਜਾਂ ਸਾਡੇ ਮਨ ਵਿਚ ਜਿਹੜੇ ਬਿੰਬ ਦੀ ਸਿਰਜਨਾ ਹੁੰਦੀ ਹੈ, ਉਸਨੂੰ ਅਰਥ ਕਿਹਾ ਜਾਂਦਾ ਹੈ।''

ਮੁਕਾਰੋਵਸਕੀ ਅਨੁਸਾਰ 'ਚਿੰਨ੍ਹ ਦੀ ਸੁਤੰਤਰਤਾ' ਇਸ ਗੱਲ ਦੀ ਸੰਕੇਤਕ ਹੈ ਕਿ ਇੱਛਤ ਅਰਥ ਕੋਈ ਨਾ ਕੋਈ ਉਹ ਵਸਤੂ ਹੈ ਜੋ ਕਹਿਣ ਵਾਲੇ ਅਤੇ ਸੁਣਨ ਵਾਲੇ ਦੀ ਆਪਸੀ ਬੋਧ ਸ਼ਕਤੀ ਵਿਚ ਲੁਪਤ ਹੁੰਦੀ ਹੈ।

ਉਕਤ ਪਰਿਭਾਸ਼ਾਵਾਂ ਤੇ ਸਰਸਰੀ ਜਿਹੀ ਨਜ਼ਰ ਮਾਰਿਆਂ ਹੀ ਇਹ ਪਤਾ ਲਗਦਾ ਹੈ ਕਿ ਇਹ ਵੱਖ-ਵੱਖ ਕੇਂਦਰੀ ਬਿੰਦੂ ਸਿਰਜਦੀਆਂ ਹਨ। ਹਰ ਪਰਿਭਾਂਸ਼ਾ ਦਾ ਬਲ ਅਰਥ ਦੇ ਕਿਸੇ ਵਿਸ਼ੇਸ਼ ਪਹਿਲੂ ਵੱਲ ਸੰਕੇਤ ਕਰਦਾ ਹੈ।

ਭਾਰਤੀ ਪਰੰਪਰਾ ਵਿਚ ਅਰਥ ਵਿਸ਼ੇਸ਼ ਸਥਾਨ ਰੱਖਦਾ ਹੈ। ਸ਼ਬਦ ਸੰਰਚਨਾ ਦਾ ਸੰਕਲਪ ਅਰਥ ਤੋਂ ਬਗੈਰ ਅਧੂਰਾ ਹੈ। ਇਸ ਲਈ ਭਾਰਤੀ ਪਰੰਪਰਾ ਵਿਚ ਸ਼ਬਦ ਅਤੇ ਅਰਥ ਦੇ ਸਬੰਧਾਂ ਨੂੰ ਸਮਝਣ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ। ਭਾਰਤੀ ਪਰੰਪਰਾ ਵਿਚ ਸ਼ਬਦ ਅਤੇ ਅਰਥ ਦੇ ਅਨਿਖੜ ਸਬੰਧ ਨੂੰ ਸਵੀਕਾਰ ਕੀਤਾ ਗਿਆ ਹੈ। ਭਾਰਤੀ ਅਚਾਰੀਆ ਨੇ ਸ਼ਬਦ ਨੂੰ ਚਾਰ ਵੰਨਗੀਆਂ ਵਿਚ ਵੰਡਿਆ ਹੈ। ਜਾਤੀ ਵਾਚਕ, ਗੁਣਵਾਚਕ, ਕਿਰਿਆਵਾਚਕ, ਵਿਅਕਤੀ ਵਾਚਕ। ਸ਼ਬਦ ਅਤੇ ਅਰਥ ਦੇ ਆਪਸੀ ਸਬੰਧ ਬਾਰੇ ਵੀ ਭਾਰਤੀ ਅਚਾਰੀਆਂ ਵਿਚ ਚਰਚਾ ਚਲਦੀ ਰਹੀ ਹੈ। ਇਸ ਚਰਚਾ ਵਿਚ ਮੁੱਖ ਵਿਸ਼ੇ ਇਹ ਰਹੇ ਹਨ : (1) ਕਿਸੇ ਇਕ ਸ਼ਬਦ ਤੋਂ ਉਸਦੇ ਅਰਥ ਨੂੰ ਕਿਵੇਂ ਅਨੁਭਵ ਕੀਤਾ ਜਾਂਦਾ ਹੈ ? (2) ਸ਼ਬਦ ਅਤੇ ਅਰਥ ਦਾ ਆਪਸ ਵਿਚ ਕੀ ਸਬੰਧ ਹੈ ? ਕੀ ਸ਼ਬਦ ਸਮੁੱਚੇ ਅਰਥ ਨੂੰ ਜਗਾਉਣ ਦੇ ਸਮਰੱਥ ਹੁੰਦਾ ਹੈ ? ਕਈ ਵਿਦਵਾਨ ਸ਼ਬਦ-ਅਰਥ ਸਬੰਧ ਨੂੰ ਰੱਬੀ ਮੰਨਦੇ ਹਨ। ਇਹਨਾਂ ਸਬੰਧਾਂ ਨੂੰ ਨਿਰਧਾਰਤ ਜਾਂ ਦਰਸਾਉਣ ਵਾਲਾ ਕੋਈ ਨਹੀਂ। ਇਸ ਸੰਕਲਪ ਵਿਚੋਂ ਸ਼ਬਦ ਗੁਰੂ ਦਾ ਸੰਕਲਪ ਜਨਮ ਲੈਂਦਾ ਹੈ। ਕੁਝ ਵਿਦਵਾਨ ਸ਼ਬਦ ਤੇ ਅਰਥ ਨੂੰ ਅਭਿੰਨ ਭਾਵ ਇਕੋ ਇਕਾਈ ਮੰਨਦੇ ਹਨ। ਭਰਤਰੀ ਹਰੀ ਇਹਨਾਂ ਵਿਦਵਾਨਾਂ ਵਿਚੋਂ ਪ੍ਰਮੁੱਖ ਹੈ। ਭਰਤਰੀ ਹਰੀ ਨੇ ''ਵਾਕਯ-ਪਦੀਯ'' ਵਿਚ ਲਿਖਿਆ ਹੈ ਕਿ ਸ਼ਬਦ ਅਤੇ ਅਰਥ ਵਿਚ ਕੋਈ ਅੰਤਰ ਨਹੀਂ, ਸਿਰਫ ਸਰੂਪ ਭੇਦ ਹੀ ਹੈ। ਇਸ ਅਨੁਸਾਰ ਸ਼ਬਦ ਅਤੇ ਅਰਥ ਇਕੋ ਇਕਾਈ ਦੇ ਦੋ ਪਾਸੇ ਹਨ। ਇਸ ਸੰਕਲਪ ਨੂੰ ਆਧੁਨਿਕ ਭਾਸ਼ਾ ਵਿਗਿਆਨ ਵਿਚ ਸੋਸਿਯੂਰ ਨੇ ਵੀ ਚਿੰਨਕ ਅਤੇ ਚਿੰਨਤ ਦੇ ਅਨਿਖੜ ਰਿਸ਼ਤੇ ਰਾਹੀਂ ਸਪਸ਼ਟ ਕੀਤਾ ਹੈ।

ਇਸ ਤੋਂ ਇਲਾਵਾ ਭਾਰਤੀ ਵਿਦਵਾਨਾਂ ਨੇ ਸ਼ਬਦ ਦੇ ਇਕ ਪ੍ਰਤੀਕਾਤਮਕ ਸਬੰਧ ਦੀ ਵੀ ਕਲਪਨਾ ਕੀਤੀ ਹੈ। ਇਸ ਕਲਪਨਾ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਸ਼ਬਦ ਅਰਥ ਦਾ ਥੋਥਾ ਪੱਖ ਹੁੰਦਾ ਹੈ। ਭਾਵ ਸ਼ਬਦ ਵਿਚ ਪੂਰਾ ਅਰਥ ਪ੍ਰਗਟਾ ਸਕਣ ਦੀ ਸਮਰੱਥਾ ਨਹੀਂ

ਹੁੰਦੀ। ਇਹ ਅਰਥ ਤਾਂ ਵਿਅਕਤੀ ਦੇ ਮਨ ਵਿਚ ਉਸ ਦੀ ਸੂਝ-ਬੂਝ ਅਨੁਸਾਰ ਪਹਿਲਾਂ ਹੀ ਨਿਰਧਾਰਤ ਹੁੰਦੇ ਹਨ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਸ਼ਬਦ ਵਿਅਕਤੀ ਦੇ ਮਨ ਵਿਚ ਪਏ ਉਸ ਨਾਲ ਜੁੜੇ ਸਾਰੇ ਸੰਕਲਪ/ਭਾਵਾਂ ਨੂੰ ਉਜਾਗਰ ਕਰ ਸਕਣ ਦੇ ਸਮਰੱਥ ਨਹੀਂ ਹੁੰਦੇ। ਭਾਰਤੀ ਪਰੰਪਰਾ ਵਿਚ ਸ਼ਬਦ ਅਤੇ ਅਰਥ ਦੇ ਸਬੰਧ ਨੂੰ ਸ਼ਬਦ ਸ਼ਕਤੀ ਆਖਿਆ ਗਿਆ ਹੈ। ਇਸ ਲਈ ਸ਼ਬਦ ਦੀਆ ਇਕ ਤੋਂ ਵੱਧ ਸ਼ਕਤੀਆਂ ਹੋ ਸਕਦੀਆਂ ਹਨ, ਜਿਹਨਾਂ ਰਾਹੀਂ ਉਹ ਵੱਖ-ਵੱਖ ਅਰਥਾਂ ਦਾ ਬੋਧ ਕਰਾਉਂਦਾ ਹੈ। ਤਿੰਨ ਸ਼ਬਦ ਸ਼ਕਤੀਆਂ ਸਵੀਕਾਰ ਕੀਤੀਆਂ ਗਈਆਂ ਹਨ : (1) ਅਭਿੱਧਾ (2) ਲਕਸ਼ਣਾ (3) ਵਿਅੰਜਨਾ। ਇਹਨਾਂ ਸ਼ਕਤੀਆਂ ਨੂੰ ਆਧਾਰ ਮੰਨਕੇ ਸ਼ਬਦ ਵੀ ਤਿੰਨ ਪ੍ਰਕਾਰ ਦੇ ਸਵੀਕਾਰ ਕੀਤੇ ਗਏ ਹਨ। (1) ਵਾਚਕ (2) ਲਕਸ਼ਕ (3) ਵਿਅੰਜਕ।

**(1) ਅਭਿੱਧਾ :** ਅਚਾਰੀਆ ਮੰਮਟ ਅਨੁਸਾਰ ਪ੍ਰਤੱਖ ਤੌਰ 'ਤੇ ਜੋ ਆਮ ਲੋਕ ਪ੍ਰਚਲਤ ਅਰਥ ਨੂੰ ਸ਼ਬਦ ਪ੍ਰਗਟਾਉਂਦਾ ਹੈ, ਉਹ ਵਾਚਕ ਅਖਵਾਉਂਦਾ ਹੈ। ਵਾਚਕ ਕਿਸਮ ਦੇ ਸ਼ਬਦ ਦਾ ਅਰਥ ਵਾਚ ਹੈ। ਜਿਸ ਸ਼ਕਤੀ ਰਾਹੀਂ ਇਸ ਅਰਥ ਦਾ ਗਿਆਨ ਹੁੰਦਾ ਹੈ ਉਹ ਅਭਿਧਾ ਅਖਵਾਉਂਦੀ ਹੈ।

ਅਚਾਰੀਆ ਜਗਨਨਾਥ ਅਨੁਸਾਰ ''ਅਭਿਧਾ ਸ਼ਕਤੀ ਉਸ ਕਿਰਿਆ ਨੂੰ ਕਹਿੰਦੇ ਹਨ ਜਿਥੇ ਅਰਥ ਦਾ ਸ਼ਬਦ ਵਿਚ ਅਤੇ ਸ਼ਬਦ ਦਾ ਅਰਥ ਵਿਚ ਪ੍ਰਤੱਖ ਸਬੰਧ ਪ੍ਰਗਟ ਹੋਵੇ।

ਅਚਾਰੀਆ ਵਿਸ਼ਵਨਾਥ ਨੇ ਅਭਿਧਾ ਨੂੰ ਮੂਲ ਸ਼ਕਤੀ ਦੀ ਸੰਗਿਆ ਦਿੱਤੀ ਹੈ।

ਇਹ ਪਰਿਭਾਸ਼ਾਵਾਂ ਵਿਚ ਸੰਕੇਤਕ ਅਰਥ ਦਾ ਭਾਵ ਆਮ ਪ੍ਰਚਲਤ ਲੋਕ ਅਰਥ ਤੋਂ ਹੈ ਜਿਸ ਦੇ ਅਨੁਭਵ ਕਰਨ ਲਈ ਕੋਈ ਵਿਸ਼ੇਸ਼ ਯਤਨ ਜਾਂ ਉਪਰਾਲਾ ਨਾ ਕਰਨਾ ਸਗੋਂ ਸ਼ਬਦ ਦੇ ਸੁਣਦਿਆਂ/ਪੜ੍ਹਦਿਆਂ ਉਸਦਾ ਅਰਥ ਸੁਤੇਸਿਧ ਹੀ ਪ੍ਰਗਟ ਹੋ ਜਾਵੇ। ਅੱਗੇ ਅਭਿਧਾ ਸ਼ਕਤੀ ਦੀਆਂ ਤਿੰਨ ਵੰਨਗੀਆਂ ਦਿੱਤੀਆਂ ਗਈਆਂ ਹਨ।

**(ੳ) ਰੂੜੀ ਅਭਿਧਾ :** ਜਿਹੜੀ ਸ਼ਕਤੀ ਰੂੜੀ (ਪਰੰਪਰਾ) ਵਿਚ ਚਲੇ ਆਉਂਦੇ ਅਰਥਾਂ ਦਾ ਸੁਤੇਸਿਧ ਗਿਆਨ ਕਰਾਉਂਦੀ ਹੈ, ਉਸਨੂੰ ਰੂੜੀ ਅਭਿਧਾ ਆਖਦੇ ਹਨ। ਜਿਵੇਂ ਮੁੰਡਾ, ਕੁੜੀ ਆਦਿ।

**(ਅ) ਯੋਗਾਤਮਕ ਅਭਿਧਾ :** ਜਿਹੜੇ ਸ਼ਕਤੀ ਦੇ ਯੋਗ ਹੋਏ ਸ਼ਬਦ ਦਾ ਗਿਆਨ ਕਰਾਵੇ ਉਹ ਯੋਗਾਤਮਕ ਅਭਿਧਾ ਅਖਵਾਉਂਦੀ ਹੈ। ਐਤ+ਵਾਰ, ਅਨ-ਪੜ, ਬੇ-ਸ਼ਰਮ ਆਦਿ।

**(ੲ) ਯੋਗ ਰੂੜੀ ਅਭਿਧਾ :** ਜਿਹੜੀ ਅਭਿਧਾ ਵੰਨਗੀ ਯੋਗ ਅਤੇ ਰੂੜੀ ਦੋਹਾਂ ਦਾ ਸਹਿਯੋਗ ਲੈ ਕੇ ਅਰਥ ਗ੍ਰਹਿਣ ਕਰਾਉਦੀ ਹੈ, ਉਹ ਯੋਗ-ਰੂੜੀ ਅਭਿਧਾ ਕਹਾਉਦੀ ਹੈ।

ਅਭਿਧਾ ਸ਼ਕਤੀ ਆਮ ਬੋਲਚਾਲ ਦੀ ਭਾਸ਼ਾ ਵਿਚ ਪ੍ਰਗਟ ਹੁੰਦੀ ਹੈ। ਸਾਰੇ ਸ਼ਬਦ ਇਸ ਸ਼ਕਤੀ ਰਾਹੀਂ ਹੀ ਅਰਥ ਵਿਅਕਤ ਕਰਦੇ ਹਨ।

**ਲਖਸ਼ਣਾ ਸ਼ਕਤੀ :** ਲਖਸ਼ਕ ਸ਼ਬਦ ਦੀ ਸ਼ਕਤੀ ਨੂੰ ਲਖਸ਼ਣਾ ਕਿਹਾ ਜਾਂਦਾ ਹੈ।

ਅਚਾਰੀਆ ਮੰਮਟ ਅਨੁਸਾਰ, ''ਮੁੱਖ ਅਰਥ ਦੇ ਰੁਕਣ ਤੇ ਰੂੜੀ ਜਾਂ ਕਿਸੇ ਮਨੋਰਥ ਨੂੰ ਲੈ ਕੇ ਜਿਸ ਸ਼ਕਤੀ ਦੁਆਰਾ ਮੁੱਖ ਸ਼ਬਦ ਦੇ ਨਾਲ ਕੋਈ ਅਰਥ ਨਿਕਲਦਾ ਹੋਵੇ, ਉਥੇ ਲਖਸ਼ਣਾ ਸ਼ਕਤੀ ਹੁੰਦੀ ਹੈ। ਇਸ ਲਈ ਅਭਿਧਾ ਸ਼ਕਤੀ ਤੋਂ ਬਾਅਦ ਵੀ ਸ਼ਬਦ ਦੇ ਹੋਰ ਅਰਥਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਉਹ ਚਿਚੜ ਹੈ। ਇਥੇ ਚਿਚੜ ਦਾ ਅਰਥ ਚੰਬੜਨ ਵਾਲੇ ਬੰਦੇ ਤੋਂ ਵੀ ਲਿਆ ਜਾਂਦਾ ਹੈ। ਲਕਸ਼ਣਾ ਸ਼ਕਤੀ ਕਿਸੇ ਸ਼ਬਦ ਅਰਥ ਨੂੰ ਹੋਰ ਅਰਥ ਦੇਣ ਲਈ ਕਿਸੇ ਮਨੋਰਥ ਜਾਂ ਪ੍ਰਯੋਜਨ ਨੂੰ ਮੁੱਖ ਰੱਖ ਕੇ ਵਰਤੀ ਜਾਂਦੀ ਹੈ। ਇਸ ਲਈ ਲਕਸ਼ਣਾ ਦੀ ਵਰਤੋਂ ਸਹਿਜ ਸੁਭਾਅ ਨਹੀਂ ਹੁੰਦੀ। ਇਹ ਵਿਸ਼ੇਸ਼ ਤੌਰ 'ਤੇ ਜਾਣ ਬੁਝ ਕੇ ਕੀਤੀ ਜਾਂਦੀ ਹੈ। ਇਸ ਵਰਤੋਂ ਪਿਛੇ ਕੋਈ ਨਾ ਕੋਈ ਮਨੋਰਥ ਛੁਪਿਆ ਹੁੰਦਾ ਹੈ। ਅਚਾਰੀਆ ਨੇ ਅੱਗੋਂ ਲਕਸ਼ਣਾ ਸ਼ਕਤੀ ਦੇ ਵੀ ਅੱਠ ਭੇਦ ਕੀਤੇ ਹਨ।

**ਲਕਸ਼ਣਾਂ ਸ਼ਕਤੀਆਂ**

| | |
|---|---|
| ਰੂੜੀ ਲਖਸ਼ਣਾ | ਪਿੰਡ ਬਹਾਦਰ ਹੈ। |
| ਪਰਯੋਜਨ ਵਤੀ ਲਖਸ਼ਣਾ | ਭਾਨੋਂ ਬਾਰਾਂਤਲੀ ਹੈ। |
| ਗੌਣੀ ਲਖਸ਼ਣਾ | ਉਹ ਸ਼ੇਰ ਬੱਚਾ ਹੈ। |
| ਸੁਧਾ ਲਖਸ਼ਣਾ | ਸੜਕ ਉਤੇ ਘਰ ਹੈ। |
| ਉਪਾਦਾਨ ਲਖਸ਼ਣਾ | ਘੜੇ ਚਲਦੇ ਹਨ। |

ਇਹਨਾਂ ਤੋਂ ਇਲਾਵਾ ਲਖਣ ਲਖਸ਼ਣਾ, ਸਾਰੋਪਾ ਲਕਸ਼ਣਾ ਅਤੇ ਸਾਵਧਾਨ ਲਖਸ਼ਣਾ, ਲਖਸ਼ਣਾ ਸ਼ਕਤੀ ਦੀਆਂ ਹੋਰ ਵੰਨਗੀਆਂ ਹਨ।

**ਵਿਅੰਜਨ ਸ਼ਕਤੀ :** ਅਭਿਧਾ ਅਤੇ ਲਖਸ਼ਣਾ ਸ਼ਕਤੀ ਤੋਂ ਬਾਅਦ ਵੀ ਜੇਕਰ ਕੋਈ ਹੋਰ ਅਰਥ ਉਜਾਗਰ ਹੋਵੇ, ਉਸ ਅਰਥ ਦਾ ਗਿਆਨ ਕਰਾਉਣ ਵਾਲੀ ਸ਼ਕਤੀ ਨੂੰ ਵਿਅੰਜਨਾ ਸ਼ਕਤੀ ਕਿਹਾ ਜਾ ਸਕਦਾ ਹੈ।

ਅਚਾਰੀਆ ਮੰਮਟ ਅਨੁਸਾਰ, ''ਜਿਸ ਥਾਂ ਅਭਿਧਾ ਅਤੇ ਲਖਸ਼ਣਾ ਆਪੋ ਆਪਣਾ ਕੰਮ ਕਰਕੇ ਸ਼ਾਂਤ ਹੋ ਜਾਣ, ਉਪਰੰਤ ਕਿਸੇ ਨਾ ਕਿਸੇ ਢੰਗ ਨਾਲ ਹੋਰ ਅਰਥ ਪ੍ਰਗਟ ਹੁੰਦਾ ਹੋਵੇ, ਉਥੇ ਵਿਅੰਜਨਾ ਸ਼ਕਤੀ ਕਾਰਜ ਕਰ ਰਹੀ ਹੁੰਦੀ ਹੈ।''

ਕਈ ਵਿਦਵਾਨ ਵਿਅੰਜਨਾ ਸ਼ਕਤੀ ਨੂੰ ਸ਼ਬਦ ਸ਼ਕਤੀ ਨਹੀਂ ਮੰਨਦੇ ਕਿਉਂਕਿ ਵਿਅੰਜਨਾ ਦਾ ਆਧਾਰ ਸ਼ਬਦ ਦੀ ਥਾਂ ਅਰਥ ਹੈ। ਇਸ ਲਈ ਵਿਅੰਜਨਾ ਨੂੰ ਅਰਥ ਸ਼ਕਤੀ ਸਵੀਕਾਰ ਕਰਦੇ ਹਨ। ਪਰ ਅਚਾਰੀਆ ਮੰਮਟ ਦਾ ਕਥਨ ਹੈ ''ਉਂਜ ਤਾਂ ਵਿਅੰਜਨਾਂ ਸ਼ਬਦ ਸ਼ਕਤੀ ਹੀ ਹੈ, ਪਰੰਤੂ ਜਿਥੇ ਸ਼ਬਦ ਰਾਹੀਂ ਗਿਆਨ ਕੋਈ ਅਰਥ ਫਿਰ ਕਿਸੇ ਅਰਥ ਨੂੰ ਸੁਝਾਉਂਦਾ ਹੋਵੇ, ਉਥੇ ਅਰਥ ਵਿਅੰਜਕ ਹੈ ਅਤੇ ਅਰਥ ਕੇ ਵਲ ਸਹਾਇਕ ਮਾਤਰ ਹੈ।'' ਵਿਅੰਜਨਾ ਸ਼ਕਤੀ ਰਾਹੀਂ ਪ੍ਰਾਪਤ ਹੋ ਰਿਹਾ ਅਰਥ ਕੇਵਲ ਪ੍ਰਤਿਭਾਸ਼ਾਲੀ ਅਤੇ ਤੀਖਣ ਬੁੱਧੀ ਵਾਲੇ ਵਿਅਕਤੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਵਿਅੰਜਨਾ ਸ਼ਕਤੀ ਨੂੰ ਵੀ ਅੱਗੋਂ ਦੋ ਵੰਨਗੀਆਂ ਵਿਚ ਵੰਡਿਆ ਗਿਆ ਹੈ : (1) ਸ਼ਾਬਦੀ ਵਿਅੰਜਨਾ (2) ਆਰਥੀ ਵਿਅੰਜਨਾ। ਜਿਹੜੀ ਵਿਅੰਜਨਾ ਸ਼ਕਤੀ ਸ਼ਬਦ ਤੇ ਕੇਂਦਰਤ ਹੋਵੇ, ਉਹ ਸ਼ਾਬਦੀ ਵਿਅੰਜਨਾ ਅਖਵਾਉਂਦੀ ਹੈ। ਜਿਹੜੀ ਅਰਥ ਤੇ ਆਧਾਰਤ ਹੋਵੇ ਉਹ ਆਰਥੀ ਵਿਅੰਜਨਾ ਅਖਵਾਉਂਦੀ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੁਰਾਤਨ ਭਾਰਤੀ ਪਰੰਪਰਾ ਵਿਚ ਵੀ ਸ਼ਬਦ ਅਤੇ ਅਰਥ ਦੇ ਸਬੰਧਾਂ 'ਤੇ ਵਿਸਤ੍ਰਿਤ ਚਰਚਾ ਹੁੰਦੀ ਆਈ ਹੈ। ਇਸ ਆਧਾਰ 'ਤੇ ਹੀ ਸਾਹਿਤ ਨੂੰ ਉੱਤਮ ਅਤੇ ਮੱਧਮ ਕੋਟੀਆਂ ਵਿਚ ਵੰਡਿਆ ਜਾਂਦਾ ਰਿਹਾ ਹੈ। ਸ਼ਬਦਾਂ ਦੀਆਂ ਰਮਜ਼ਾਂ ਨੂੰ ਸੰਸਕ੍ਰਿਤ ਵਿਚ 'ਧੁਨੀ' ਕਿਹਾ ਗਿਆ ਹੈ। ਧੁਨੀ ਸ਼ਬਦਾਂ ਤੇ ਆਧਾਰ ਹੈ। ਪਰੰਤੂ ਸ਼ਬਦ ਤੋਂ ਅਰਥ ਤੱਕ ਪਹੁੰਚਣ ਲਈ ਭਾਰਤੀ ਅਚਾਰੀਆਂ ਨੇ ਵਿਭਿੰਨ ਸ਼ਬਦ ਸ਼ਕਤੀਆਂ ਦੀ ਕਲਪਨਾ ਕੀਤੀ ਹੈ। ਹਰ ਸ਼ਕਤੀ ਦਾ ਕੋਈ ਨਾ ਕੋਈ ਸਾਰਥਿਕ ਕਾਰਜ ਕਲਪਤ ਕੀਤਾ ਗਿਆ ਹੈ। ਸ਼ਬਦ ਅਰਥ ਦੇ ਸੰਬੰਧਾਂ ਨੂੰ ਆਧਾਰ ਬਣਾਕੇ ਭਾਰਤੀ ਪਰੰਪਰਾ ਵਿਚ ਤਿੰਨ ਤਰ੍ਹਾਂ ਦੇ ਸਿਧਾਂਤ ਉਭਰਕੇ ਸਾਹਮਣੇ ਆਏ ਹਨ :

**(ੳ) ਸਫੋਟ ਸਿਧਾਂਤ :** ਭਾਰਤੀ ਵਿਚਾਰਵਾਨਾਂ ਦਾ ਸਫੋਟ ਤੋਂ ਭਾਵ ਸੰਕੇਤ ਤੋਂ ਹੈ। ਇਸ ਸੰਕੇਤ ਦੀ ਇਕਾਈ ਸ਼ਬਦ ਵੀ ਹੋ ਸਕਦੀ ਹੈ। ਪੂਰਨ ਵਾਕ ਹੋ ਸਕਦੀ ਹੈ। ਸਫੋਟ ਇਕ ਅਰਥ ਪੂਰਨ ਇਕਾਈ ਹੈ। ਇਹ ਇਕ ਸ਼ਬਦ ਤਕ ਸੀਮਤ ਹੋ ਸਕਦੀ ਹੈ। ਇਕ ਵਾਕ ਤੱਕ ਵੀ ਫੈਲੀ ਹੋ ਸਕਦੀ ਹੈ। ਇਸ ਸਿਧਾਂਤ ਦਾ ਵਕਤਾ ਭਰਤਰੀ ਹਰੀ ਸੀ। ਬੇਸ਼ੱਕ ਸਫੋਟ ਬਾਰੇ ਚਰਚਾ ਪਤੰਜਲੀ ਨੇ ਵੀ ਕੀਤੀ ਹੈ, ਪਰ ਪਤੰਜਲੀ ਦਾ ਸਿਧਾਂਤ ਭਰਤਰੀ ਹਰੀ ਤੋਂ ਵੱਖਰੀ ਕਿਸਮ ਦਾ ਹੈ। ਭਰਤਰੀ ਹਰੀ ਅਨੁਸਾਰ ਅਰਥ ਪੂਰਨ ਇਕਾਈ ਦੇ ਦੋ ਪੱਖ ਹੁੰਦੇ ਹਨ। ਸਫੋਟ ਅਰਥ ਪੂਰਨ ਸੰਕੇਤ ਹੈ ਜੋ ਧੁਨੀਆਂ ਰਾਹੀਂ ਵਿਅਕਤ ਹੁੰਦਾ ਹੈ। ਧੁਨੀਆਂ ਦਾ ਪ੍ਰਮੁੱਖ ਕਾਰਜ ਸਫੋਟ ਨੂੰ ਵਿਅਕਤ ਰੂਪ ਦੇਣਾ ਹੁੰਦਾ ਹੈ। ਸਫੋਟ ਆਪਣੇ ਆਪ ਵਿਚ ਅਰਥ ਨਾਲ ਹੀ ਸਬੰਧ ਰਹਿੰਦਾ ਹੈ।

**(ਅ) ਧੁਨੀ ਸਿਧਾਂਤ :** ਧੁਨੀ ਸਿਧਾਂਤ ਦਾ ਵਕਤਾ ਆਨੰਦ ਵਰਧਨ ਸੀ। ਧੁਨੀ ਸਿਧਾਂਤ ਸ਼ਬਦ ਸ਼ਕਤੀਆਂ ਤੇ ਆਧਾਰਤ ਹੈ। ਧੁਨੀ ਇਕ ਤਰ੍ਹਾਂ ਕਾਵਿ ਸ਼ੈਲੀ ਹੈ। ਇਸ ਅਨੁਸਾਰ ਜਿਹੜਾ ਸ਼ਬਦ ਕੋਈ ਸੁਝਾ ਜਾਂ ਰਮਜ਼ ਨੂੰ ਵਿਅਕਤ ਕਰੇ ਉਹ ਸ਼ਬਦ ਧੁਨੀ ਅਖਵਾਉਂਦਾ ਹੈ। ਜਿਹੜਾ ਅਰਥ ਕੋਈ ਸੁਝਾ ਜਾਂ ਰਮਜ਼ ਦਾ ਸੰਕੇਤ ਕਰੇ ਉਹ ਅਰਥ ਧੁਨੀ ਅਖਵਾਉਂਦੀ ਹੈ। ਜਿਸ ਰਾਹੀਂ ਸੁਝਾ ਦਿੱਤਾ ਜਾਵੇ ਉਹ ਧੁਨੀ ਹੈ। ਜਿਸ ਕਾਵਿ ਵਿਚ ਸੁਝਾ ਦਿੱਤਾ ਜਾਵੇ ਉਹ ਕਾਵਿ ਧੁਨੀ ਹੈ। ਇਸ ਤਰ੍ਹਾਂ ਧੁਨੀ ਇਕ ਤਰ੍ਹਾਂ ਦੀ ਸ਼ੈਲੀ ਹੈ, ਜਿਹੜੀ ਸ਼ਬਦ ਤੋਂ ਵੱਡੀਆਂ ਇਕਾਈਆਂ ਦੇ ਅਰਥਾਂ ਦਾ ਵੀ ਅਧਿਐਨ ਕਰਦੀ ਹੈ।

ਪੱਛਮੀ ਵਿਦਵਾਨਾਂ ਨੇ ਪੁਰਾਤਨ ਅਚਾਰੀਆ ਦੇ ਵਿਚਾਰਾਂ ਤੋਂ ਸਹਾਰਾ ਲਿਆ ਹੈ। ਸੋਸਿਯੂਰ ਦੇ ਵਿਚਾਰ ਧੁਨੀ, ਸਿਧਾਂਤ ਦੇ ਨਜ਼ਦੀਕ ਹਨ।

**(ੲ) ਅਪੋਹ ਸਿਧਾਂਤ :** ਅਪੋਹ ਸਿਧਾਂਤ ਬੋਧੀ ਵਿਦਵਾਨਾਂ ਵਲੋਂ ਦਿੱਤਾ ਗਿਆ ਹੈ। ਅਪੋਹ ਤੋਂ ਭਾਵ ਅਰਥਾਂ ਦੇ ਨਿਖੇਧ ਤੋਂ ਹੈ। ਇਹ ਸਿਧਾਂਤ ਵਿਆਪਕਤਾ ਤੋਂ ਵਿਸ਼ੇਸ਼ਤਾ ਵੱਲ ਕਾਰਜ ਕਰਦਾ ਹੈ। ਸ਼ਬਦ 'ਗਾਂ' ਦੇ ਇਕ ਨਿਸ਼ਚਿਤ ਅਰਥ ਹਨ। ਗਾਂ ਸ਼ਬਦ ਪਹਿਲਾਂ ਸਮੇਂ ਇਸੇ ਵੰਨਗੀ ਦੇ ਸਾਰੇ ਪਸ਼ੂਆਂ ਨੂੰ ਨਿਕਾਰਦਾ ਹੈ ਕਿ ਗ਼ਾਂ ਮੱਝ ਨਹੀਂ, ਘੋੜੀ ਨਹੀਂ, ਸੂਰੀ ਨਹੀਂ, ਬੱਕਰੀ ਨਹੀਂ, ਇਸ ਲਈ 'ਗਾਂ' ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਭਾਰਤੀ ਅਚਾਰੀਆਂ ਦੇ ਅਰਥ ਸੰਬੰਧੀ ਵਿਚਾਰ ਬਹੁਤ ਸਾਰਥਿਕ ਹਨ। ਇਹਨਾਂ ਵਿਚਾਰਾਂ ਨੂੰ ਕਈ ਪੱਛਮੀ ਵਿਦਵਾਨਾਂ ਨੇ ਸਿਧਾਂਤ ਨਿਪੁਰਣ ਦਾ ਆਧਾਰ ਬਣਾਇਆ ਹੈ। ਉਕਤ ਚਰਚਾ ਤੇ ਵਿਚਾਰ ਕਰਦਿਆਂ ਅਰਥ ਗ੍ਰਹਿਣ ਕਰਨ ਦੇ ਹੇਠ ਲਿਖੇ ਸਾਧਨ ਅੰਕਿਤ ਕੀਤੇ ਜਾ ਸਕਦੇ ਹਨ।

(1) **ਵਿਆਕਰਨ (Grammar) :** ਵਿਆਕਰਨ ਤੋਂ ਅਰਥ ਦਾ ਸੰਕੇਤ ਮਿਲਦਾ ਹੈ। ਜਿਸ ਤਰ੍ਹਾਂ ਸ਼ਬਦ ਮੁੰਡਾ ਹੈ। ਇਸ ਵਿਚ ਅੰਤਮ/ਅ/ਇਕ ਵਚਨ ਪੁਲਿੰਗ ਦਾ ਸੰਕੇਤ ਹੈ। ਇਸ ਦਾ ਸੁਤੰਤਰ ਕੋਈ ਅਰਥ ਨਹੀਂ। ਇਹ ਗਿਆਨ ਵਿਆਕਰਣ ਰਾਹੀਂ ਹਾਸਲ ਹੋਇਆ ਹੈ।

**(2)** **ਉਪਮਾਨ (Analogy) :** ਕਿਸੇ ਅਰਥ ਦੀ ਦੂਸਰੇ ਨਾਲ ਤੁਲਨਾ ਕੀਤਿਆਂ ਵੀ ਅਰਥ ਗ੍ਰਹਿਣ ਹੋ ਜਾਂਦਾ ਹੈ। ਦੁੱਧ ਵਰਗਾ ਤੋਂ ਭਾਵ ਚਿੱਟਾ ਹੈ।

**(3)** **ਕੋਸ਼ (Dictionary) :** ਕੋਸ਼ ਵਾਚਣ ਤੋਂ ਬਾਅਦ ਅਰਥ ਦੇ ਸਹੀ ਗ੍ਰਹਿਣ ਹੋ ਜਾਂਦੇ ਹਨ। ਕਈ ਸ਼ਬਦ ਆਮ ਭਾਸ਼ਾ ਵਿਚ ਪ੍ਰਚਲਤ ਨਹੀਂ ਹੁੰਦੇ। ਉਹਨਾਂ ਦੇ ਅਰਥ ਗ੍ਰਹਿਣ ਕਰਨ ਲਈ ਕੋਸ਼ ਦਾ ਸਹਾਰਾ ਲੈਣਾ ਪੈਂਦਾ ਹੈ।

**(4)** **ਕਥਨ :** ਕਈ ਵਾਰ ਕਿਸੇ ਵਿਅਕਤੀ ਦੁਆਰਾ ਉਚਾਰਿਆ ਗਿਆ ਕਥਨ ਇੰਨਾ ਲੋਕ ਪ੍ਰਚਲਤ ਹੋ ਜਾਂਦਾ ਹੈ ਕਿ ਉਸ ਦੇ ਸਹੀ ਅਰਥ ਜਾਣਨ ਲਈ ਉਸ ਕਥਨ ਨੂੰ ਗ੍ਰਹਿਣ ਕਰਨਾ ਜ਼ਰੂਰੀ ਹੋ ਜਾਂਦਾ ਹੈ।

ਵਾਰਸ਼ ਸ਼ਾਹ ਨਾ ਆਦਤਾਂ ਜਾਂਦੀਆਂ ਨੇ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।

**(5)** **ਪ੍ਰਸੰਗ :** ਕਈ ਵਾਰ ਸ਼ਬਦ ਦੇ ਅਰਥ ਜਾਣਨ ਲਈ ਉਸਦਾ ਪ੍ਰਸੰਗ ਜਾਣਨਾ ਜ਼ਰੂਰੀ ਹੁੰਦਾ ਹੈ। ਜਿਸ ਤਰ੍ਹਾਂ ਸ਼ਬਦ ''ਚਲਾ'' ਹੈ। ਇਸ ਦੇ ਅਰਥ ਪ੍ਰਸੰਗ ਤੋਂ ਗ੍ਰਹਿਣ ਹੁੰਦੇ ਹਨ।

ਉਹ ਦਿੱਲੀ ਚਲਾ ਗਿਆ।
ਉਹ ਦੁਨੀਆਂ ਤੋਂ ਚਲਾ ਗਿਆ।
ਉਸਨੇ ਗੋਲੀ ਚਲਾ ਦਿੱਤਾ।

**(6)** **ਵਿਆਖਿਆ :** ਕਈ ਵਾਰ ਸ਼ਬਦ ਦੇ ਅਰਥ ਦਸਣ ਲਈ ਉਸਦੀ ਵਿਆਖਿਆ ਦੀ ਲੋੜ ਪੈਂਦੀ ਹੈ। ਜਿਵੇਂ ਸ਼ਬਦ 'ਰੱਬ' ਦੇ ਅਰਥ ਦਸਣ ਲਈ ਇਸਦੀ ਵਿਆਖਿਆ ਕਰਨੀ ਪਏਗੀ।

(7) ਕਈ ਵਾਰ ਸ਼ਬਦ ਦੀ ਵਿਵਹਾਰਕ ਵਰਤੋਂ ਵਿਚੋਂ ਹੀ ਸ਼ਬਦ ਦੇ ਅਰਥ ਗ੍ਰਹਿਣ ਹੋ ਸਕਦੇ ਹਨ। ਉਕਤ ਪ੍ਰਸਥਿਤੀਆਂ ਦਾ ਭਾਰਤੀ ਅਚਾਰੀਆਂ ਨੂੰ ਪਤਾ ਸੀ। ਉਹਨਾਂ ਨੇ ਇਹਨਾਂ ਬਾਰੇ ਵਿਆਪਕ ਚਰਚਾ ਕੀਤੀ ਹੈ। ਪ੍ਰਸਿੱਧ ਅਰਥ ਵਿਗਿਆਨੀ ਜੈਫਰੀ ਲੀਚ ਨੇ ਉਕਤ ਧਾਰਨਾ ਤੇ ਸਤ ਪ੍ਰਕਾਰ ਦੇ ਅਰਥਾਂ ਦੀ ਵਿਆਖਿਆ ਕੀਤੀ ਹੈ :

**(1)** **ਸੰਕਲਪਾਤਕ ਅਰਥ :** ਇਹਨਾਂ ਨੂੰ ਸੰਕਲਪਵਾਦੀ, ਚਿੰਨਾਤਮਕ ਜਾਂ ਖਿਆਲੀ ਅਰਥ ਵੀ ਕਿਹਾ ਜਾਂਦਾ ਹੈ। ਜਿਵੇ ' ਰੱਬ, ਬ੍ਰਹਮ, ਇਸ਼ਕ ਆਦਿ।

**(2)** **ਭਾਵਾਰਥਕ ਅਰਥ :** ਇਹਨਾਂ ਨੂੰ ਭਾਵ ਬੋਧਿਕ ਜਾਂ ਭਾਵ ਉਤੇਜਕ ਅਰਥ ਵੀ ਕਿਹਾ ਜਾਂਦਾ ਹੈ।

**(3)** **ਸ਼ੈਲੀਯੁਕਤ ਅਰਥ :** ਸਮਾਜਕ ਵਾਤਾਵਰਣ ਦੇ ਅਨੁਭਵਾਂ ਨੂੰ ਭਾਸ਼ਾ ਦੇ ਜਿਸ ਸ਼ੈਲੀ ਢੰਗ ਨਾਲ ਦੂਜਿਆਂ ਤੱਕ ਸੰਚਾਰਤ ਕੀਤਾ ਜਾਂਦਾ ਹੈ, ਉਸ ਨੂੰ ਸ਼ੈਲੀਯੁਕਤ ਅਰਥ ਕਿਹਾ ਜਾਂਦਾ ਹੈ।

**(4)** **ਪਰਭਾਵੀ ਅਰਥ :** ਉਹ ਅਰਥ ਜੋ ਲੇਖਕ/ਵਕਤਾ ਦੇ ਲਿਖਤੀ ਪ੍ਰਵਚਨ ਨੂੰ ਸੰਚਾਰਤ ਕਰਦੇ ਸਮੇਂ ਉਸਦੇ ਵਿਚਾਰ, ਗੱਲਬਾਤ ਜਾਂ ਮਨੋਬਿਰਤੀ ਦਾ ਵੀ ਸੰਚਾਰ ਕਰਦੇ ਹਨ, ਪਰਭਾਵੀ ਅਰਥ ਕਹਾਉਂਦੇ ਹਨ।

**(5)** **ਪ੍ਰਤੀਬਿੰਬਤ ਅਰਥ :** ਭਾਸ਼ਾ ਜਾਂ ਬੋਲ ਦੇ ਸਹੀ ਅਰਥ ਦੂਜਿਆਂ ਤੱਕ ਪਹੁੰਚਾਉਣ ਲਈ ਜਦੋਂ ਕੋਈ ਲੇਖਕ/ਵਕਤਾ ਅਸਿੱਧਾ ਢੰਗ ਵਰਤਦਾ ਹੈ, ਇਹ ਅਸਿੱਧਾ ਢੰਗ ਅਰਥ ਗ੍ਰਹਿਣ ਕਰਨ ਲਈ ਸਹਾਈ ਹੁੰਦਾ ਹੈ ਤਾਂ ਇਸ ਵੰਨਗੀ ਦੇ ਅਰਥਾਂ ਨੂੰ ਉਹ ਪ੍ਰਤੀਬਿੰਬਤ ਅਰਥ ਆਖਦਾ ਹੈ।

**(6)** **ਸਮੂਹਕ ਅਰਥ :** ਉਹ ਅਰਥ ਜੋ ਇਕ ਸਮੂਹ ਦੇ ਅਰਥ ਪ੍ਰਦਾਨ ਕਰਦੇ ਹਨ। ਉਹਨਾਂ ਨੂੰ ਲੀਚ ਨੇ ਸਮੂਹਕ ਅਰਥਾਂ ਦਾ ਨਾਂ ਦਿੱਤਾ ਹੈ।

**(7)** **ਵਿਸ਼ੇਸ਼ਮਈ ਅਰਥ/ਥੀਮਕ ਅਰਥ :** ਜੋ ਅਰਥ ਪ੍ਰਗਟਾਏ ਗਏ ਥੀਮ ਵਿਚੋਂ ਵਿਅਕਤ ਹੁੰਦੇ ਹਨ ਉਹ ਥੀਮਕ ਅਰਥ ਅਖਵਾਉਂਦੇ ਹਨ।

**ਸ਼ਬਦ ਵਰਗੀਕਰਨ :** ਅਰਥਾਂ ਨੂੰ ਆਧਾਰ ਮੰਨਕੇ ਸ਼ਬਦਾਂ ਦਾ ਵਰਗੀਕਰਨ ਕੀਤਾ ਜਾ ਸਕਦਾ ਹੈ। ਅਰਥ ਪ੍ਰਸੰਗ ਤੋਂ ਹੀ ਸਪਸ਼ਟ ਹੋ ਸਕਦੇ ਹਨ। ਪੰਜਾਬੀ ਭਾਸ਼ਾ ਵਿਚ ਅਜਿਹੇ ਬਹੁਤ ਸਾਰੇ ਸ਼ਬਦ ਹਨ।

ਗੁੱਡੀ ਪਾਣੀ ਲਿਆ
ਉਸਦੀ ਗੁੱਡੀ ਚੜ੍ਹ ਗਈ।
ਬੱਚੇ ਗੁੱਡੀ ਨਾਲ ਖੇਡ ਰਹੇ ਹਨ।

ਇਹਨਾਂ ਉਕਤ ਵਾਕਾਂ ਵਿਚ ਗੁੱਡੀ ਦੇ ਅਰਥ ਪ੍ਰਸੰਗ ਵਿਚੋਂ ਹੀ ਸਪਸ਼ਟ ਹੋ ਰਹੇ ਹਨ।

**ਬਹੁ-ਆਰਥਕ ਸ਼ਬਦ (Polysemous words) :** ਜਦੋਂ ਸ਼ਬਦ ਇਕ ਤੋਂ ਵਧੇਰੇ ਅਰਥ ਰਖਦਾ ਹੋਵੇ, ਅਜਿਹੇ ਸ਼ਬਦ ਨੂੰ ਬਹੁ-ਅਰਥਕ ਸ਼ਬਦ ਕਿਹਾ ਜਾਂਦਾ ਹੈ। ਬਹੁ-ਅਰਥਕ ਸ਼ਬਦ ਦੇ ਅਰਥ ਵੀ ਪ੍ਰਸੰਗ ਵਿਚ ਹੀ ਵਿਅਕਤ ਹੁੰਦੇ ਹਨ। ਇਸ ਲਈ ਬਹੁ-ਅਰਥਕ ਸ਼ਬਦ ਪ੍ਰਸੰਗਕ ਹੁੰਦੇ ਹਨ। ਇਹਨਾਂ ਦੇ ਅਰਥਾਂ ਦਾ ਗਿਆਨ ਸੰਦਰਭ ਜਾਂ ਪ੍ਰਸੰਗ ਤੋਂ ਹੀ ਹੁੰਦਾ ਹੈ।

(1) ਇਹ ਮਿੱਟੀ ਖਾਣਾ ਸੱਪ ਹੈ।
(2) ਇਹ ਚੀਕਨੀ ਮਿੱਟੀ ਹੈ।
(3) ਉਸਨੇ ਮਿੱਟੀ ਪੱਟ ਦਿੱਤੀ।
(4) ਇਸ ਗੱਲ ਤੇ ਮਿੱਟੀ ਪਾ ਦਿਉ।
(5) ਉਸਦੀ ਮਿੱਟੀ ਸਮੇਟ ਦਿਉ।
(6) ਸ਼ਾਮ ਨਿਰਾ ਮਿੱਟੀ ਹੈ।
(7) ਮਿੱਟੀ ਦਾ ਤੇਲ ਮਹਿੰਗਾ ਹੈ।
(8) ਗੁੱਗੇ ਦੀ ਮਿੱਟੀ ਕੱਢਕੇ ਆਉਣੀ ਹੈ।

ਉਕਤ ਵਾਕਾਂ ਵਿਚ ਮਿੱਟੀ ਦੇ ਇਕੋ ਅਰਥ ਨਹੀਂ। ਹਰ ਵਾਕ ਵਿਚ ਮਿੱਟੀ ਇਕ ਵੱਖਰਾ ਪ੍ਰਸੰਗ ਸਿਰਜਦੀ ਹੈ ਅਤੇ ਇਕ ਵੱਖਰੇ ਅਰਥ ਵਿਅਕਤ ਕਰਦੀ ਹੈ। ਇਸ ਤਰ੍ਹਾਂ ਜਿਹੜੇ ਸ਼ਬਦ ਪ੍ਰਸੰਗ ਅਨੁਸਾਰ ਵੱਖਰੇ ਅਰਥ ਰੱਖਣ ਉਹ ਬਹੁ-ਅਰਥਕ ਸ਼ਬਦ ਹੁੰਦੇ ਹਨ।

**ਸਮਾਨਾਰਥਕ ਸ਼ਬਦ :** ਅਜਿਹੇ ਸ਼ਬਦ ਜਿਹੜੇ ਸਮਾਨ ਅਰਥ ਰਖਦੇ ਹੋਣ, ਸਮਾਨਾਰਥਕ ਸ਼ਬਦਾਂ ਵਜੋਂ ਜਾਣੇ ਜਾਂਦੇ ਹਨ।

ਕਰਾੜ, ਬਾਣੀਆਂ, ਕਲਾਲ ਆਹਲੂਵਾਲੀਆਂ, ਚਾਨਣ ਰੌਸ਼ਨੀ, ਫਰੰਗੀ ਅੰਗਰੇਜ, ਨਾਮਧਾਰੀ ਕੂਕਾ, ਆਦਿ ਸਮਾਨ ਆਰਥਕ ਸ਼ਬਦ ਹਨ।

**ਵਿਰੋਧਾਰਥਕ :** ਕੁਝ ਸ਼ਬਦ ਇਕ ਦੂਸਰੇ ਦੇ ਵਿਪਰੀਤ/ਵਿਰੁੱਧ ਅਰਥ ਰੱਖਦੇ ਹਨ, ਅਜਿਹੇ ਸ਼ਬਦ ਵਿਰੋਧੀ ਸ਼ਬਦ, ਜਾਂ ਵਿਰੋਧਾਰਥਕ ਸ਼ਬਦ ਅਖਵਾਉਂਦੇ ਹਨ। ਇਹਨਾਂ ਸ਼ਬਦਾਂ ਦੀ ਵਰਤੋਂ ਸਾਹਿਤ ਵਿਚ ਕਲਾ ਦੀ ਅਮੀਰੀ ਲਈ ਵੀ ਕੀਤੀ ਜਾਂਦੀ ਰਹੀ ਹੈ।

| | | |
|---|---|---|
| ਆਪਣਾ | : | ਪਰਾਇਆ |
| ਆਰ | : | ਪਾਰ |
| ਉਪਰ | : | ਹੇਠਾਂ |
| ਗਰਮੀ | : | ਸਰਦੀ |
| ਵੱਧ | : | ਘੱਟ |
| ਅੱਗਾ | : | ਪਿੱਛਾ |

ਉਕਤ ਸ਼ਬਦ ਵਿਰੋਧੀ ਅਰਥ ਰਖਦੇ ਹਨ। ਪਰ ਕਈ ਵਾਰ ਵਾਕ ਵਿਚ ਇਕੱਠੇ ਹੀ ਵਰਤ ਲਏ ਜਾਂਦੇ ਹਨ।

ਅੱਗਾ ਪਿੱਛਾ ਦੇਖ ਲਈ।
ਉਹ ਉਪਰ ਹੇਠ ਹੋ ਗਏ।
ਉਹ ਗਰਮੀ ਸਰਦੀ ਦਾ ਧਿਆਨ ਨਹੀਂ ਰਖਦਾ।
ਮੈਥੋਂ ਐਵੇਂ ਹੀ ਵੱਧ ਘੱਟ ਬੋਲਿਆ ਗਿਆ।
ਆਪਣਾ ਪਰਾਇਆ ਦੇਖ ਲਿਆ ਕਰ।

**ਸਮੂਹ ਆਰਥਕ ਸ਼ਬਦ :** ਹਰ ਭਾਸ਼ਾ ਵਿਚ ਕੁਝ ਸ਼ਬਦ ਅਜਿਹੇ ਹੁੰਦੇ ਹਨ, ਜਿਹੜੇ ਸਮੂਹ ਲਈ ਵਰਤੇ ਜਾਂਦੇ ਹਨ। ਇਹ ਸ਼ਬਦ ਭਾਸ਼ਾ ਵਿਚ ਅਮੀਰੀ ਅਤੇ ਸੁੰਦਰਤਾ ਲਿਆਉਂਦੇ ਹਨ।

| | | |
|---|---|---|
| ਚੌਣਾ | : | ਗਾਵਾਂ, ਮੱਝਾਂ, ਕਟਰੂਆਂ, ਵਛਰੂਆਂ ਦਾ। |
| ਖੱਖਰ | : | ਭਰਿੰਡਾਂ, ਮੱਖੀਆਂ, ਡੇਮੂਆਂ ਦਾ। |
| ਸਤਨਾਜਾ | : | ਵੱਖਰੇ-ਵੱਖਰੇ ਅਨਾਜਾਂ ਦਾ ਸਮੂਹ। |
| ਗੁੱਛਾ | : | ਚਾਬੀਆਂ, ਅੰਗੂਰਾਂ, ਫ਼ਲਾਂ ਆਦਿ ਦਾ। |
| ਝੁੰਡ | : | ਕੁੜੀਆਂ ਦਾ, ਦਰੱਖਤਾਂ ਦਾ, ਜਾਨਵਰਾਂ ਦਾ। |

**ਸਮਧੁਨੀ ਸ਼ਬਦ :-** ਇਹਨਾਂ ਸ਼ਬਦਾਂ ਦਾ ਉਚਾਰਨ ਲਗਭਗ ਮਿਲਦਾ ਜੁਲਦਾ ਹੁੰਦਾ ਹੈ। ਧੁਨੀਆਂ ਵੀ ਸਮਾਨ ਹੁੰਦੀਆਂ ਹਨ

ਪਰ ਅਰਥ ਵੱਖਰੇ ਹੁੰਦੇ ਹਨ।

| | | |
|---|---|---|
| ਤਰ | : | ਤੈਰਨਾ, ਕਕੜੀ, ਪੂਰੀ ਤਰ੍ਹਾਂ ਗਿੱਲਾ ਕਰਨਾ। |
| ਟੰਗ | : | ਲੱਤਾਂ, ਟੰਗਣਾ |
| ਡੰਗ | : | ਵਖਤ, ਡੰਗ ਮਾਰਨਾ |
| ਡੱਬ | : | ਧੱਬਾ, ਚਾਦਰੇ/ਤੰਬੇ ਦਾ ਬੰਨ੍ਹ |

ਇਹ ਸ਼ਬਦ ਉਚਾਰਨ ਵਿਚ ਸਮਾਨ ਹਨ ਪਰ ਅਰਥ ਵੱਖ-ਵੱਖ ਰੱਖਦੇ ਸਨ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਬਦ ਤੇ ਅਰਥ ਦਾ ਸਬੰਧ ਅਨਿਖੜ ਸਬੰਧ ਹੈ। ਸ਼ਬਦ ਅਤੇ ਅਰਥ ਇਕੋ ਸਿਰੇ ਦੇ ਸਿੱਧੇ ਤੇ ਪੁੱਠੇ ਪਾਸੇ ਦੀ ਤਰ੍ਹਾਂ ਹਨ। ਇਹਨਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ। ਸ਼ਬਦ ਅਤੇ ਅਰਥ ਦਾ ਸਬੰਧ ਦਰਸਾਉਣ ਲਈ ਕਈ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਜਤਨ ਕੀਤੇ ਹਨ। ਇਹਨਾਂ ਦੋਹਾਂ ਧਾਰਾਵਾਂ ਦੇ ਵਿਦਵਾਨਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਮਿਲਦੀਆਂ ਹਨ। ਭਾਰਤੀ ਅਚਾਰੀਆਂ ਨੇ ਅਰਥ ਨੂੰ ਸਮਝਣ ਲਈ ਸ਼ਬਦ ਸ਼ਕਤੀਆਂ ਦਾ ਕਿਆਸ ਕੀਤਾ ਹੈ। ਇਹ ਸ਼ਬਦ ਸ਼ਕਤੀਆਂ ਵੱਖਰੀਆਂ ਧਾਰਨਾਵਾਂ ਤੇ ਸ਼ਬਦਾਵਲੀ ਵਿਚ ਆਧੁਨਿਕ ਅਰਥ ਵਿਗਿਆਨ ਵਿਚ ਵੀ ਪ੍ਰਚਲਤ ਹਨ।

***ਅਰਥ ਵਿਕਾਸ ਦੀਆਂ ਦਿਸ਼ਾਵਾਂ :**

ਭਾਸ਼ਾ ਦਾ ਹਰੇਕ ਸ਼ਬਦ ਕਿਸੇ ਨਾ ਕਿਸੇ ਅਰਥ, ਭਾਵ ਜਾਂ ਵਿਚਾਰ ਨੂੰ ਪ੍ਰਗਟਾਉਂਦਾ ਹੈ। ਅਰਥਹੀਣ ਸ਼ਬਦ ਨਿਰਜਿੰਦ ਹੁੰਦਾ ਹੈ। ਅਰਥ ਸ਼ਬਦ ਦੀ ਰੂਹ ਹੈ ਪਰ ਜਿੱਥੇ ਸ਼ਬਦ ਦਾ ਬਾਹਰੀ ਸਰੂਪ ਸਥਿਰ ਰਹਿੰਦਾ ਹੈ ਉਥੇ ਅਰਥ ਗਤੀਮਾਨ ਪੱਧਰ ਹੈ। ਕਾਰਨ ਇਸ ਦਾ ਇਹ ਹੈ ਕਿ ਅਰਥ ਦਾ ਸੰਬੰਧ ਮਨੁੱਖੀ ਮਨ ਨਾਲ ਹੈ। ਜਿਵੇਂ ਮਾਨਸਿਕ ਝੁਕਾਵਾਂ ਜਾਂ ਵਿਚਾਰਾਂ ਵਿਚ ਟਿਕਵਾਂਪਣ ਨਹੀਂ ਹੈ ਉਵੇਂ ਅਰਥਾਂ ਵਿਚ ਵੀ ਟਿਕਾਉ ਦੀ ਰੁਚੀ ਨਹੀਂ ਹੈ। ਇਸ ਤੋਂ ਇਲਾਵਾ ਚੌਗਿਰਦਾ ਵੀ ਅਰਥ-ਬਦਲੀ ਦਾ ਕਾਰਨ ਬਣਦਾ ਹੈ। ਦਰਅਸਲ ਕਿਸੇ ਭਾਸ਼ਾ ਦਾ ਸ਼ਬਦ ਭੰਡਾਰ ਇਕੋ ਵੇਲੇ ਸਾਰੇ ਮਨੁੱਖੀ ਭਾਵਾਂ ਨੂੰ ਪ੍ਰਗਟਾਉਣ ਤੋਂ ਅਸਮਰੱਥ ਰਹਿੰਦਾ ਹੈ। ਸ਼ਾਇਦ ਇਸੇ ਕਾਰਨ ਅਸੀਂ ਭਾਵ-ਪ੍ਰਗਟਾਵੇ ਲਈ ਸ਼ਬਦਾਂ ਦੇ ਨਾਲ ਨਾਲ ਇਸ਼ਾਰੇ ਜਾਂ ਹੋਰ ਰਮਜ਼ਾਂ ਦੀ ਸਹਾਇਤਾ ਲੈਂਦੇ ਹਾਂ। ਅਰਥ ਅੰਤਰ ਆਤਮਾ ਦਾ ਤਿੱਖਾ ਵਹਿਣ ਹੈ ਜਿਸ ਨੂੰ ਚਿਤਰਨ ਲਈ ਭਾਸ਼ਾ ਨੂੰ ਫੋਕਸ ਕੀਤਾ ਜਾਂਦਾ ਹੈ ਪਰ ਭਾਸ਼ਾ ਅਰਥ-ਵੇਗ ਨੂੰ ਪੂਰੀ ਤਰ੍ਹਾਂ ਤਸਵੀਰ ਨਹੀਂ ਸਕਦੀ।

ਅਰਥ ਪਰਿਵਰਤਨ ਦੀਆਂ ਦਿਸ਼ਾਵਾਂ ਨੂੰ ਭਾਸ਼ਾ ਵਿਗਿਆਨੀ ਬਰੇਲ ਨੇ ਸਭ ਤੋਂ ਪਹਿਲਾਂ ਨਿਸ਼ਚਿਤ ਕੀਤਾ। ਉਸ ਅਨੁਸਾਰ ਅਰਥ ਤਿੰਨ ਪਾਸੇ ਵੱਲ ਚਲਦਾ ਹੈ। ਕਿਤੇ ਤਾਂ ਅਰਥਾਂ ਦਾ ਫੈਲਾਓ ਹੋ ਜਾਂਦਾ ਹੈ, ਕਿਤੇ ਅਰਥ ਸੁੰਗੜ ਜਾਂਦਾ ਹੈ ਅਤੇ ਕਈ ਵਾਰੀ ਅਰਥ ਬਿਲਕੁਲ ਹੀ ਬਦਲ ਜਾਂਦਾ ਹੈ। ਕਈ ਵਾਰੀ ਅਰਥ ਉੱਚੀ ਪਦਵੀ ਵੀ ਧਾਰਨ ਕਰ ਲੈਂਦੇ ਹਨ ਅਤੇ ਕਈ ਵਾਰ ਇਸ ਦੇ ਉਲਟ ਨੀਵੇਂ ਪਾਸੇ ਵੀ ਚਲੇ ਜਾਂਦੇ ਹਨ। ਇਸ ਤਰ੍ਹਾਂ ਅਸੀਂ ਅਰਥ ਵਿਕਾਸ ਦੀਆਂ ਪੰਜ ਦਿਸ਼ਾਵਾਂ ਨਿਸ਼ਚਿਤ ਕਰ ਸਕਦੇ ਹਾਂ : (1) ਅਰਥ ਵਿਸਤਾਰ (2) ਅਰਥ ਸੰਕੋਚ (3) ਅਰਥ ਆਦੇਸ਼ (4) ਅਰਥ ਉੱਚਤਾ (5) ਅਰਥਹੀਣਤਾ।

**ਅਰਥ ਵਿਸਤਾਰ (Expansion of Meaning)**

ਕਈ ਵਾਰੀ ਅਰਥ ਆਪਣੇ ਖੇਤਰ ਵਿਚੋਂ ਨਿਕਲ ਕੇ ਦੂਸਰੇ ਖੇਤਰ ਵਿਚ ਚਲੇ ਜਾਂਦੇ ਹਨ ਜਾਂ ਦੂਜੇ ਖੇਤਰ ਨੂੰ ਆਪਣੇ ਵਿਚ ਸ਼ਾਮਲ ਕਰ ਲੈਂਦੇ ਹਨ। ਮਿਸਾਲ ਲਈ ਪੰਜਾਬੀ ਵਿਚ ਸ਼ਬਦ 'ਪਰਸੋਂ' ਆਮ ਪ੍ਰਚਲਿਤ ਹੈ। ਮੂਲ ਰੂਪ ਵਿਚ ਇਹ ਸ਼ਬਦ ਆਉਣ ਵਾਲੇ ਦੂਜੇ ਦਿਨ ਦੇ ਭਾਵ ਰੱਖਦਾ ਸੀ। ਸੰਸਕ੍ਰਿਤ ਵਿਉਤਪਤੀ ਤੋਂ ਪਤਾ ਲਗਦਾ ਹੈ ਕਿ ਇਸ ਦੇ ਅਰਥ 'ਆਉਣ ਵਾਲੇ ਤੋਂ ਪਰਲੇ' ਬਣਦੇ ਹਨ। ਪਰ ਹੁਣ ਇਹ ਬੀਤੇ ਹੋਏ ਪਰਲੇ ਦਿਨ ਲਈ ਵੀ ਵਰਤਿਆ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬੀ ਦਾ 'ਕਲ੍ਹ' ਸ਼ਬਦ ਵੀ ਬੀਤੇ ਤੇ ਭਵਿੱਖ ਦੋਹਾਂ ਲਈ ਵਰਤਿਆ ਜਾਂਦਾ ਹੈ। ਪਰ ਅਸਲ ਵਿਚ ਇਹ ਆਉਣ ਵਾਲੇ ਦਿਨ ਲਈ ਹੀ ਨਿਸ਼ਚਿਤ ਸੀ। 'ਸਿਆਹੀ' ਅਰਬੀ ਦਾ ਸ਼ਬਦ ਹੈ, ਇਸਦਾ ਅਰਥ ਹੈ: 'ਕਾਲੀ' ਪਰ ਹੁਣ ਪੰਜਾਬੀ ਵਿਚ ਇਹ ਹਰ ਤਰ੍ਹਾਂ ਦੀ 'ਇੰਕ' ਦੇ ਅਰਥ ਰੱਖਦਾ ਹੈ। ਭਾਵੇਂ ਉਹ ਨੀਲੀ ਜਾਂ ਲਾਲ ਹੀ ਕਿਉਂ ਨਾ ਹੋਵੇ। ਇਸ ਤਰ੍ਹਾਂ ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿਚ ਵਿਸਤਾਰ ਆ ਗਿਆ ਹੈ।

**ਅਰਥ ਸੰਕੋਚ (Contraction of Meaning)**

ਅਰਥ ਵਿਸਤਾਰ ਦੀ ਬਜਾਏ ਕਈ ਵਾਰੀ ਸੁੰਗੜ ਵੀ ਜਾਂਦੇ ਹਨ। ਤੁਲਨਾ ਕਰਨ ਤੋਂ ਪਤਾ ਲੱਗਦਾ ਹੈ ਕਿ ਅਰਥ ਵਿਸਤਾਰ ਇੰਨਾ ਨਹੀਂ ਜਿੰਨਾ ਅਰਥ ਸੰਕੋਚ ਹੁੰਦਾ ਹੈ ਕਿਉਂਕਿ ਸ਼ਬਦ ਵਧੇਰੇ ਕਰਕੇ ਵਿਸ਼ੇਸ਼ ਅਰਥ ਵਿਚ ਵਰਤੇ ਜਾਂਦੇ ਹਨ ਅਤੇ ਵਿਸ਼ੇਸ਼ ਸ਼ਬਦ ਸਾਧਾਰਨ ਅਰਥ ਵਿਚ ਘੱਟ ਵਰਤੋਂ ਵਿਚ ਆਉਂਦੇ ਹਨ। ਖ਼ੈਰ, ਕੁਝ ਵੀ ਹੈ, ਜਿਵੇਂ ਨਵੇਂ ਭਾਵਾਂ ਲਈ ਨਵੇਂ ਸ਼ਬਦ ਜਾਂ ਪੁਰਾਣੇ ਭਾਵਾਂ ਲਈ ਨਵੇਂ ਸ਼ਬਦ ਉਪਜਦੇ ਰਹਿੰਦੇ ਹਨ ਉਵੇਂ ਅਰਥ ਵਿਸਤਾਰ ਦੇ ਉਲਟ ਅਰਥ ਸੰਕੋਚ ਵੀ ਹੁੰਦਾ ਰਹਿੰਦਾ ਹੈ। ਮਿਸਾਲ ਵਜੋਂ ਪੰਜਾਬੀ ਵਿਚ ਅੱਜਕਲ੍ਹ ਇਕ ਆਮ ਵਰਤਿਆ

*** ਪੰਜਾਬੀ ਭਾਸ਼ਾ - ਸ੍ਰੋਤ ਤੇ ਸਰੂਪ (ਲੇਖਕ : ਬੂਟਾ ਸਿੰਘ ਬਰਾੜ)**

ਜਾਂਦਾ ਸ਼ਬਦ 'ਮੁਰਗਾ' ਹੈ। ਮੂਲ ਅਰਬੀ ਭਾਸ਼ਾ ਵਿਚ ਇਹ ਸ਼ਬਦ ਹਰੇਕ ਜਾਨਵਰ ਵਾਸਤੇ ਵਰਤਆ ਜਾਂਦਾ ਸੀ ਪਰ ਪੰਜਾਬੀ ਵਿਚ ਹੁਣ ਇਹ ਸਿਰਫ਼ 'ਕੁੱਕੜ' ਲਈ ਰਾਖਵਾਂ ਜਾਂ ਸੰਕੁਚਿਤ ਹੈ। ਇਵੇਂ 'ਮ੍ਰਿਗ' ਸੰਸਕ੍ਰਿਤ ਵਿਚ ਸਾਰੇ ਜਾਨਵਰਾਂ ਵਾਸਤੇ ਪ੍ਰਚਲਿਤ ਰਿਹਾ ਹੈ ਪਰ ਹੁਣ ਇਹ ਸਿਰਫ਼ 'ਹਿਰਨ' ਵਾਸਤੇ ਹੀ ਹੈ। ਇਕ ਹੋਰ ਸ਼ਬਦ 'ਮਹਾਜਨ' ਮਹਾਨ ਆਦਮੀ ਲਈ ਸੀ ਪਰ ਹੁਣ ਇਹ ਕੇਵਲ ਬਾਣੀਆਂ ਜਾਂ ਵਪਾਰੀਆਂ ਵਾਸਤੇ ਪ੍ਰਚਲਿਤ ਹੈ। ਇਹ ਅਰਥਾਂ ਦਾ ਸੁੰਗੜਨਾ ਹੈ, ਇਸੇ ਨੂੰ ਅਰਥ ਸੰਕੋਚ ਕਿਹਾ ਹੈ।

**ਅਰਥ ਆਦੇਸ਼ (Transfer of Meaning)**

ਅਰਥ ਦੇ ਬਦਲਣ ਦੀ ਇਹ ਤੀਜੀ ਦਿਸ਼ਾ ਹੈ। ਇਸ ਨੂੰ ਅਰਥ-ਸੰਚਾਰ ਵੀ ਕਿਹਾ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਜਦੋਂ ਕੋਈ ਅਰਥ ਆਪਣੇ ਮੂਲ ਅਰਥ ਨੂੰ ਛੱਡ ਕੇ ਬਿਲਕੁਲ ਹੋਰ ਅਰਥ ਪ੍ਰਗਟਾਉਂਦਾ ਹੈ, ਤਾਂ ਅਰਥਾਂ ਦੇ ਇਸ ਝੁਕਾ ਨੂੰ ਅਰਥ-ਆਦੇਸ਼ ਜਾਂ ਅਰਥ-ਸੰਚਾਰ ਦਾ ਨਾਂ ਦਿੱਤਾ ਜਾਂਦਾ ਹੈ। ਮਿਸਾਲ ਵਜੋਂ ਪੰਜਾਬੀ ਵਿਚ ਅੱਜਕਲ੍ਹ ਵਰਤਿਆ ਜਾਂਦਾ 'ਗੰਵਾਰ' ਸ਼ਬਦ ਜ਼ਾਹਲ, ਨਿਰਬੁੱਧ ਜਾਂ ਮੂਰਖ ਦੇ ਅਰਥ ਦਿੰਦਾ ਹੈ ਪਰ ਇਸ ਦਾ ਮੂਲ ਅਰਥ 'ਪਿੰਡ ਵਾਸੀ' ਹੈ। 'ਖੀਰ' ਪੰਜਾਬੀ ਵਿਚ ਚੌਲ+ਦੁੱਧ ਦੇ ਮੇਲ ਤੋਂ ਬਣੀ ਤਸਮਈ ਹੈ ਪਰ ਇਸ ਦਾ ਮੁਢਲਾ ਅਰਥ ਸਿਰਫ਼ 'ਦੁੱਧ' ਸੀ। ਇਹੋ ਅਰਥ-ਆਦੇਸ਼ ਹੈ।

**ਅਰਥ-ਉਚਤਾ (ਅਰਥ ਉਤਕਰਸ਼)**

ਕਈ ਵਾਰੀ ਸ਼ਬਦਾਂ ਦੇ ਹੀਣ ਅਰਥ ਸਮਾਂ ਪਾ ਕੇ ਉੱਚਤਾ ਦੀ ਪਦਵੀ ਧਾਰਨ ਕਰ ਜਾਂਦਾ ਹਨ।ਸੰਸਕ੍ਰਿਤ ਵਿਚ ਇਸ ਨੂੰ 'ਅਰਥ-ਉਤਕਰਸ਼' ਕਿਹਾ ਜਾਂਦਾ ਹੈ। ਮਸਲਨ 'ਮੁਗਧ' ਦਾ ਮੂਲ ਜਾਂ ਮੁਢਲਾ ਅਰਥ 'ਮੂਰਖ' ਹੈ ਪਰ ਅੱਜਕਲ੍ਹ ਇਹ ਕਿਸੇ ਲੋਰ ਵਿਚ ਮਸਤ ਜਾਂ ਡੁੱਬੇ ਆਦਿ ਦੇ ਅਰਥ ਦਿੰਦਾ ਹੈ। ਇਹ ਮੂਰਖ ਤੋਂ 'ਮਸਤੀ' ਉੱਚਤਾ ਵੱਲ ਆਇਆ ਹੈ। ਇਵੇਂ 'ਫਿਰੰਗੀ' ਪਹਿਲਾਂ ਸਿਰਫ਼ 'ਪੁਰਤਗਾਲੀ ਡਾਕੂ' ਦੇ ਅਰਥ ਦਿੰਦਾ ਸੀ ਪਰ ਹੁਣ ਇਸ ਦਾ ਅਰਥ ਆਮ ਯੂਰਪੀ ਲੋਕ ਹੋ ਗਿਆ ਹੈ। ਸਾਡੇ 'ਲੋਕ ਗੀਤ' ਵੀ ਇਸ ਦੀ ਗਵਾਹੀ ਦਿੰਦੇ ਹਨ, ਜਿਵੇਂ :

ਕੀਨ੍ਹੇ ਦੱਸਿਆ ਫਰੰਗੀਆਂ ਤੈਨੂੰ
ਰੰਨਾਂ ਵਾਲੇ ਜੰਗ ਜਿੱਤਦੇ

'ਬਾਬੂ' (ਕਲਰਕ) ਗਰੀਕ ਭਾਸ਼ਾ ਦਾ ਸ਼ਬਦ ਹੈ। ਮੂਲ 'ਬਾਬੂ' ਬਾਂਦਰ ਨੂੰ ਕਿਹਾ ਜਾਂਦਾ ਹੈ। ਪਰ ਸਾਡੇ 'ਬਾਬੂ' ਪ੍ਰਤਿਸ਼ਠਾ ਦੇ ਅਰਥ ਰੱਖਦਾ ਹੈ। ਇਸ ਤਰ੍ਹਾਂ ਭਾਸ਼ਾ ਵਿਚ ਸ਼ਬਦਾਂ ਦੇ ਅਰਥ ਕਈ ਵਾਰੀ ਉੱਚੀ ਪਦਵੀ ਧਾਰਨ ਕਰ ਲੈਂਦੇ ਹਨ।

**ਅਰਥ ਹੀਣਤਾ (ਅਰਥ ਅਪਕਰਸ਼)**

ਅਰਥ ਉੱਚਤਾ ਦੇ ਉਲਟ ਅਰਥਾਂ ਦੀ ਦੂਜੀ ਦਿਸ਼ਾ ਅਰਥ-ਹੀਣਤਾ ਵੀ ਹੈ। ਕਈ ਵਾਰੀ ਕਈ ਸ਼ਬਦ ਕਿਸੇ ਸਮੇਂ ਉੱਚੇ ਅਰਥਾਂ ਦੇ ਸੂਚਕ ਹੁੰਦੇ ਹਨ। ਉਨ੍ਹਾਂ ਵਿਚ ਕਈ ਸਮੇਂ ਦੇ ਫੇਰ ਨਾਲ ਭੈੜਾਪਨ ਜਾਂ ਨੀਵਾਂਪਣ ਆ ਜਾਂਦਾ ਹੈ। ਮਨੁੱਖੀ ਮਨ ਦਾ ਇਹ ਖ਼ਾਸਾ ਹੈ ਕਿ ਉਹ 'ਪਤਨ' ਵੱਲ ਕੁਝ ਵਧੇਰੇ ਹੀ ਚਲਦਾ ਹੈ। ਮਿਸਾਲ ਲਈ ਪੰਜਾਬੀ ਸ਼ਬਦ 'ਕਾਲ' ਤੇ 'ਭੂਤ' ਨੂੰ ਵੇਖ ਸਕਦੇ ਹਾਂ। 'ਕਾਲ' ਸਿਰਫ਼ ਸਮੇਂ ਦਾ ਵਾਹਕ ਹੈ ਪਰ 'ਕਾਲ ਆ ਗਿਆ' ਵਿਚ ਇਹ ਮੌਤ ਦੇ ਅਰਥ ਰੱਖਦਾ ਹੈ। 'ਭੂਤ' ਦੇ ਆਮ ਅਰਥ ਸਾਧਾਰਨ ਜੀਵ ਦੇ ਹਨ ਪਰ ਸਮੇਂ ਦੇ ਫੇਰ ਵਿਚ ਇਸ ਨੂੰ ਰਾਖਸ਼ੀ ਜਾਮਾ ਪਹਿਨਾ ਦਿੱਤਾ ਗਿਆ ਹੈ। ਇਕ ਹੋਰ ਉਦਾਹਰਨ 'ਅਫਲਾਤੂਨ' ਵੇਖਣਯੋਗ ਹੈ। ਅਫਲਾਤੂਨ (ਪਲੈਟੋ) ਬੜਾ ਪ੍ਰਸਿੱਧ ਯੂਨਾਨੀ ਦਾਰਸ਼ਨਿਕ ਸੀ ਪਰ ਹੁਣ ਅਸੀਂ ਠੱਗ ਜਾਂ ਧੋਖੇਬਾਜ਼ ਨੂੰ 'ਫਲਾਤੂ' ਕਹਿੰਦੇ ਹਾਂ। ਇਹ 'ਫਲਾਤੂ' ਸ਼ਬਦ ਅਫਲਾਤੂਨ ਦਾ ਤਦਭਵੀਕਰਨ ਹੀ ਹੈ।

ਸੋ ਇਹ ਅਰਥਾਂ ਦੀਆਂ ਚਾਲਾਂ ਹਨ। ਕਦੇ ਉਹ ਮੂਲ ਤੋਂ ਫੈਲਦੇ ਹਨ, ਕਦੇ ਸੁੰਗੜਦੇ ਹਨ ਅਤੇ ਕਦੇ ਬਿਲਕੁਲ ਹੀ ਬਦਲ ਜਾਂਦੇ ਹਨ। ਕਦੇ ਉਚਿਆਏ ਜਾਂਦੇ ਹਨ ਅਤੇ ਕਦੇ ਹੀਣੇ ਹੋ ਜਾਂਦੇ ਹਨ। ਇਨ੍ਹਾਂ ਦੇ ਅਨੇਕਾਂ ਕਾਰਨ ਹਨ। ਭਾਵੇਂ ਇਨ੍ਹਾਂ ਕਾਰਨਾਂ ਬਾਰੇ ਨਿਸਚੇ ਨਾਲ ਕੁਝ ਕਹਿਣਾ ਬਹੁਤ ਔਖਾ ਹੈ ਕਿਉਂਕਿ ਅਰਥ ਦਾ ਪ੍ਰਧਾਨ ਖੇਤਰ ਮਨੁੱਖੀ ਮਨ ਹੈ ਤੇ ਮਨੁੱਖੀ ਮਨ ਦੀ ਥਾਹ ਪਾਉਣੀ ਅਸੰਭਵ ਹੈ। ਭਾਵੇਂ ਹੁਣ ਮਨੋਵਿਗਿਆਨ ਇਸ ਦਿਸ਼ਾ ਵਿਚ ਕਾਫ਼ੀ ਅਧਿਐਨ ਕਰ ਰਿਹਾ ਹੈ ਪਰ ਫਿਰ ਵੀ ਇਹ ਕਠਿਨ ਕਾਰਜ ਹੈ। ਆਧੁਨਿਕ ਅਰਥ-ਵਿਗਿਆਨ ਵੀ ਮਨੋਵਿਗਿਆਨ ਦੀ ਸਹਾਇਤਾ ਨਾਲ ਇਸ ਦਿਸ਼ਾ ਵਿਚ ਖੋਜ ਰਿਹਾ ਹੈ।

**ਸਹਾਇਕ ਪੁਸਤਕਾਂ**


1. ਪੰਜਾਬੀ ਭਾਸ਼ਾ ਸ੍ਰੋਤ ਤੇ ਸਰੂਪ : ਡਾ. ਬੂਟਾ ਸਿੰਘ ਬਰਾੜ
2. ਮਾਨਵ ਵਿਗਿਆਨਕ ਭਾਸ਼ਾ ਵਿਗਿਆਨ : ਪਰਮਜੀਤ ਸਿੰਘ ਸਿੱਧੂ
3. ਨਵੀਨ ਭਾਸ਼ਾ ਵਿਗਿਆਨ : ਭੁਪਿੰਦਰ ਸਿੰਘ ਖਹਿਰਾ


**Type Setting :**
**Department of Distance Education, Punjabi University Patiala.**